Fair Advice Financial | Care Wealth Management Inc.
RDSP (Registered Disability Savings Plan)
Disabled person who is eligible for Disability Tax Credit.
And who is 49 years old or younger.
By contributing in an RDSP Plan he/she may be eligible to receive up to$90,000 in government bonds & grants.
Contact :
647-951-7900
SUKHWINDER NAHAL CFP, CLU Financial Planner
www.fairadvicefinancial.com
7900 Hurontario St., Suite 308, Brampton, ON, L6Y 0P6



# ਕੈਨੇਡੀਅਨ ਪੰਜਾਬੀ ਪੋਸਟ

Award winning newspaper | Canadian Punjabi Post

Vol 18 *Issue 203 Wednesday, October 23, 2019 Tel: 905-793-2202 | Fax: 905-793-2282 | news@punjabipost.ca

To view our online newspaper visit punjabipost.ca/epaper THE ONLY DAILY PUNJABI NEWS ਹੁਣ ਤੁਸੀਂ 'ਪੰਜਾਬੀ ਪੋਸਟ' Online ਰੋਜ਼ਾਨਾ ਪੜ੍ਹ ਸਕਦੇ ਹੋ



TOP 4% TREB REALTOR 2018
Buy With $0 Down Program
ROYAL CANADIAN
RESIDENTIAL-COMMERCIAL-INVESTMENT
SELL YOUR HOUSE
Quick & For Top $$$$
GO WITH PRO SELLING GTA FOR 5 YEARS
Hardeep Sivia BROKER
647-970-7374
www.HardeepSivia.com


# ਟਰੂਡੋ ਦੇ ਅਗਲੇ ਕਦਮ 'ਤੇ ਟਿਕੀਆਂ ਸੱਭ ਦੀਆਂ ਨਜ਼ਰਾਂ



ਓਟਵਾ, 22 ਅਕਤੂਬਰ (ਪੋਸਟ ਬਿਊਰੋ) : ਇੱਕ ਵਾਰੀ ਫਿਰ ਲਿਬਰਲ ਹਾਊਸ ਆਫ ਕਾਮਨਜ਼ ਵਿੱਚ ਸੱਭ ਤੋਂ ਵੱਧ ਸੀਟਾਂ ਜਿੱਤਣ ਵਿੱਚ ਕਾਮਯਾਬ ਹੋ ਗਏ ਹਨ ਪਰ ਇਸ ਵਾਰੀ ਉਨ੍ਹਾਂ ਕੋਲ ਮੈਜੌਰਟੀ ਨਹੀਂ ਹੈ। ਹੁਣ ਵੇਖਣ ਵਾਲੀ ਗੱਲ ਇਹ ਹੈ ਕਿ ਅੱਗੇ ਕੀ ਹੋਵੇਗਾ?

ਬਹੁਮਤ ਹਾਸਲ ਕਰਨ ਲਈ ਕਿਸੇ ਵੀ ਪਾਰਟੀ ਨੂੰ ਹਾਊਸ ਆਫ ਕਾਮਨਜ਼ ਵਿੱਚ 170 ਸੀਟਾਂ ਚਾਹੀਦੀਆਂ ਸਨ ਪਰ ਹੁਣ ਜਦੋਂ ਕੋਈ ਵੀ ਪਾਰਟੀ ਇਸ ਮੁਕਾਮ ਉੱਤੇ ਨਹੀਂ ਪਹੁੰਚ ਸਕੀ ਤੇ ਜਸਟਿਨ ਟਰੂਡੋ ਸੱਭ ਤੋਂ ਵੱਧ ਸੀਟਾਂ ਜਿੱਤ ਕੇ ਅੱਗੇ ਹਨ ਤਾਂ ਉਨ੍ਹਾਂ ਨੂੰ ਪਾਰਲੀਆਮੈਂਟ ਵਿੱਚ ਕਿਸੇ ਵੀ ਤਰ੍ਹਾਂ ਦਾ ਬਿੱਲ ਪਾਸ ਕਰਨ ਲਈ ਕਿਸੇ ਦੂਜੀ ਪਾਰਟੀ ਦਾ ਸਹਾਰਾ ਚਾਹੀਦਾ ਹੋਵੇਗਾ। ਇਸ ਤੋਂ ਇਲਾਵਾ ਟਰੂਡੋ ਨੂੰ ਭਰੋਸੇ ਦਾ ਵੋਟ ਵੀ ਜਿੱਤਣਾ ਹੋਵੇਗਾ।

ਇਸ ਤੋਂ ਪਹਿਲਾਂ ਟਰੂਡੋ ਨੂੰ ਸੋਮਵਾਰ ਦੇ ਚੋਣ ਨਤੀਜਿਆਂ ਦੇ ਪ੍ਰਭਾਵ ਨਾਲ ਵੀ ਨਜਿੱਠਣਾ ਹੋਵੇਗਾ। ਇੱਥੇ ਦੱਸਣਾ ਬਣਦਾ ਹੈ ਕਿ ਟਰੂਡੋ ਅਜੇ ਵੀ ਪ੍ਰਧਾਨ ਮੰਤਰੀ ਹਨ ਤੇ ਕੈਨੇਡਾ ਵੀ ਉਸੇ ਸਰਕਾਰ ਅਧੀਨ ਹੈ। ਇਹ ਵੀ ਹੋ ਸਕਦਾ ਹੈ ਕਿ ਮੰਤਰੀ-ਮੰਡਲ ਜਾਂ ਪ੍ਰਸ਼ਾਸਨ ਵੀ ਚੋਣਾਂ ਤੋਂ ਪਹਿਲਾਂ ਵਾਲਾ ਹੀ ਰਹੇ। ਪਰ ਇੰਜ ਲੱਗਦਾ ਹੈ ਕਿ ਟਰੂਡੋ ਸੱਭ ਤੋਂ ਪਹਿਲਾਂ ਆਪਣੇ ਕੈਬਨਿਟ ਵਿੱਚ ਫੇਰਬਦਲ ਕਰਨ ਦਾ ਫੈਸਲਾ ਕਰਨਗੇ। ਅਜਿਹਾ ਇਸ ਲਈ ਕਿਉਂਕਿ ਪਬਲਿਕ ਸੇਫਟੀ ਮੰਤਰੀ ਰਾਲਫ ਗੁਡੇਲ ਤੇ ਕੁਦਰਤੀ ਵਸੀਲਿਆਂ ਬਾਰੇ ਮੰਤਰੀ ਅਮਰਜੀਤ ਸੋਹੀ ਆਪਣੀਆਂ ਸੀਟਾਂ ਨਹੀਂ ਬਚਾਅ ਸਕੇ।

ਟਰੂਡੋ ਦਾ ਅਗਲਾ ਫੈਸਲਾ ਪਾਰਲੀਆਮੈਂਟ ਦੀ ਕਾਰਵਾਈ ਮੁੜ ਸ਼ੁਰੂ ਕਰਨ ਲਈ ਸਮਾਂ ਤੈਅ ਕਰਨਾ ਹੋਵੇਗਾ। ਤਕਨੀਕੀ ਤੌਰ ਉੱਤੇ ਗਵਰਨਰ ਜਨਰਲ ਨਵੇਂ ਪਾਰਲੀਆਮੈਂਟ ਨੂੰ ਕਾਰਵਾਈ ਸ਼ੁਰੂ ਕਰਨ ਦਾ ਸੱਦਾ ਦਿੰਦਾ ਹੈ ਪਰ ਅਜਿਹਾ ਉਹ ਪ੍ਰਧਾਨ ਮੰਤਰੀ ਦੀ ਸਲਾਹ ਉੱਤੇ ਹੀ ਕਰਦਾ ਹੈ। ਕੈਨੇਡਾ ਦੇ ਇਤਿਹਾਸ ਵਿੱਚ ਪਾਰਲੀਆਮੈਂਟ ਦੀ ਕਾਰਵਾਈ ਸ਼ੁਰੂ ਕਰਨ ਲਈ ਟਾਈਮਿੰਗ ਵੱਖੋ ਵੱਖ ਰਹੀ। 2015 ਵਿੱਚ ਐਮਪੀਜ਼ ਨੂੰ ਮੁੜ ਓਟਵਾ ਸੱਦਣ ਵਿੱਚ ਇੱਕ ਮਹੀਨੇ ਤੋਂ ਵੀ ਵੱਧ ਦਾ ਸਮਾਂ ਲੱਗ ਗਿਆ ਸੀ ਹਾਲਾਂਕਿ ਨਵੀਂ ਕੈਬਨਿਟ ਉਸ ਨਾਲੋਂ ਕਿਤੇ ਪਹਿਲਾਂ ਸੰਹੁ ਚੁੱਕ ਚੁੱਕੀ ਸੀ। ਇਸ ਵਾਰੀ ਪਾਰਲੀਆਮੈਂਟ ਦੀ ਕਾਰਵਾਈ ਜਲਦ ਸ਼ੁਰੂ ਹੋਣ ਦੀ ਸੰਭਾਵਨਾ ਹੈ।

ਜਦੋਂ ਨਵੀਂ ਪਾਰਲੀਆਮੈਂਟ ਆਪਣੀ ਕਾਰਵਾਈ ਸ਼ੁਰੂ ਕਰਦੀ ਹੈ ਤਾਂ ਉਸ ਦਾ ਸੱਭ ਤੋਂ ਪਹਿਲਾ ਕੰਮ ਸਪੀਕਰ ਦੀ ਚੋਣ ਕਰਨਾ ਹੁੰਦਾ ਹੈ। ਭਾਵੇਂ ਜੈਫ ਰੀਗਨ, ਮੌਜੂਦਾ ਸਪੀਕਰ, ਹੈਲੀਫੈਕਸ ਏਰੀਆ ਤੋਂ ਮੁੜ ਚੁਣੇ ਜਾ ਚੁੱਕੇ ਹਨ ਪਰ ਉਹ ਆਪਣੀ ਪਹਿਲਾਂ ਵਾਲੀ ਸਥਿਤੀ ਉੱਤੇ ਆਟੋਮੈਟਿਕਲੀ ਨਹੀਂ ਪਰਤ ਸਕਦੇ। ਇਸ ਲਈ ਸਪੀਕਰ ਦੀ ਚੋਣ ਕੀਤੀ ਜਾਵੇਗੀ ਤੇ ਉਸ ਤੋਂ ਬਾਅਦ ਰਾਜ ਭਾਸ਼ਣ ਹੋਵੇਗਾ। ਇਸ ਭਾਸ਼ਣ ਵਿੱਚ ਹੀ ਸਰਕਾਰ ਆਪਣੀਆਂ ਤਰਜੀਹਾਂ ਬਾਰੇ ਚਾਨਣਾ ਪਾਵੇਗੀ। ਇਸ ਤੋਂ ਬਾਅਦ ਸਰਕਾਰ ਨੂੰ ਭਰੋਸੇ ਦਾ ਵੋਟ ਹਾਸਲ ਕਰਨਾ ਹੋਵੇਗਾ। ਲਿਬਰਲਾਂ ਕੋਲ ਇਸ ਵਾਰੀ ਬਹੁਮਤ ਨਹੀਂ ਹੈ ਇਸ ਲਈ ਉਨ੍ਹਾਂ ਨੂੰ ਯਕੀਨੀ ਬਣਾਉਣਾ ਹੋਵੇਗਾ ਕਿ ਉਹ ਭਰੋਸੇ ਦਾ ਵੋਟ ਹਾਸਲ ਕਰਨ ਲਈ ਘੱਟੋ ਘੱਟ 170 ਵੋਟਾਂ ਸੁਰੱਖਿਅਤ ਕਰ ਸਕਣ।

ਵੱਡੀ ਸੰਭਾਵਨਾ ਇਹ ਹੈ ਕਿ ਟਰੂਡੋ ਕਿਸੇ ਹੋਰ ਪਾਰਟੀ ਨਾਲ ਗੱਠਜੋੜ ਕਰ ਲੈਣ। ਫੈਡਰਲ ਪੱਧਰ ਉੱਤੇ ਅਜਿਹੀ ਕਿਸੇ ਵੀ ਭਾਈਵਾਲੀ ਲਈ ਟਰੂਡੋ ਕੋਲ ਜਗਮੀਤ ਸਿੰਘ ਦੀ ਅਗਵਾਈ ਵਾਲੀ ਐਨਡੀਪੀ ਪਾਰਟੀ ਹੈ। ਕੈਂਪੇਨ ਦੌਰਾਨ ਜਗਮੀਤ ਸਿੰਘ ਨੇ ਕਿਸੇ ਹੋਰ ਪਾਰਟੀ ਦਾ ਸਮਰਥਨ ਕਰਨ ਲਈ ਆਪਣੀਆਂ ਤਿੰਨ ਤਰਜੀਹਾਂ ਦੱਸੀਆਂ ਸਨ ਜਿਨ੍ਹਾਂ ਵਿੱਚ ਫਾਰਮਾਕੇਅਰ, ਹਾਊਸਿੰਗ ਵਿੱਚ ਨਿਵੇਸ਼ ਤੇ ਕਲਾਈਮੇਟ ਚੇਂਜ ਸਬੰਧੀ ਕਾਰਵਾਈ ਸ਼ਾਮਲ ਹਨ। ਘੱਟਗਿਣਤੀ ਸਰਕਾਰ ਨੂੰ ਬਰਕਰਾਰ ਰੱਖਣ ਲਈ ਐਨਡੀਪੀ ਸਰਕਾਰ ਉੱਤੇ ਇਨ੍ਹਾਂ ਨੀਤੀਆਂ ਉੱਤੇ ਅਮਲ ਕਰਨ ਲਈ ਦਬਾਅ ਪਾ ਸਕਦੀ ਹੈ। ਲਿਬਰਲ ਕਿਸੇ ਹੋਰ ਪਾਰਟੀ ਨਾਲ ਰਲ ਕੇ ਵੀ ਸਰਕਾਰ ਬਣਾ ਸਕਦੇ ਹਨ ਪਰ ਉਸ ਦੀ ਸੰਭਾਵਨਾ ਨਾਮਾਤਰ ਹੈ।

## ਫੋਰਡ ਨੇ ਟਰੂਡੋ ਨੂੰ ਦਿੱਤੀ ਵਧਾਈ, ਰਲ ਕੇ ਕੰਮ ਕਰਨ ਦੀ ਪ੍ਰਗਟਾਈ ਆਸ

ਟੋਰਾਂਟੋ, 22 ਅਕਤੂਬਰ (ਪੋਸਟ ਬਿਊਰੋ) : ਓਨਟਾਰੀਓ ਦੇ ਪ੍ਰੀਮੀਅਰ ਡੱਗ ਫੋਰਡ ਨੇ ਆਖਿਆ ਕਿ ਉਹ ਓਟਵਾ ਵਿੱਚ ਨਵੀਂ ਚੁਣੀ ਗਈ ਲਿਬਰਲ ਸਰਕਾਰ ਨਾਲ ਰਲ ਕੇ ਕੰਮ ਕਰਨ ਲਈ ਤਿਆਰ ਹਨ। ਮੰਗਲਵਾਰ ਸਵੇਰੇ ਜਾਰੀ ਕੀਤੇ ਗਏ ਬਿਆਨ ਵਿੱਚ ਫੋਰਡ ਨੇ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਨੂੰ ਉਨ੍ਹਾਂ ਦੀ ਜਿੱਤ ਉੱਤੇ ਮੁਬਾਰਕਬਾਦ ਦਿੱਤੀ

...ਬਾਕੀ ਪੰਨਾ 6 'ਤੇ



## ਪੱਛਮ ਦਾ ਸਮਰਥਨ ਕਰਨ ਦਾ ਵਾਅਦਾ ਟਰੂਡੋ ਨੂੰ ਨਿਭਾਉਣਾ ਹੋਵੇਗਾ : ਕੇਨੀ ਤੇ ਮੋਅ

ਕੈਲਗਰੀ, 22 ਅਕਤੂਬਰ (ਪੋਸਟ ਬਿਊਰੋ) : ਤੇਲ ਉਤਪਾਦਕ ਪ੍ਰੇਰੀ ਪ੍ਰੋਵਿੰਸਾਂ ਦੇ ਪ੍ਰੀਮੀਅਰਜ਼ ਦਾ ਕਹਿਣਾ ਹੈ ਕਿ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਵੱਲੋਂ ਵੈਸਟ ਦਾ ਸਮਰਥਨ ਕਰਨ ਦਾ ਜਿਹੜਾ ਵਾਅਦਾ ਕੀਤਾ ਗਿਆ ਸੀ ਉਹ ਮਹਿਜ ਸਰਸਰੀ ਗੱਲ ਨਹੀਂ ਹੋਣਾ ਚਾਹੀਦਾ ਸਗੋਂ ਉਨ੍ਹਾਂ ਨੂੰ ਇਹ ਵਾਅਦਾ ਪੂਰਾ ਵੀ ਕਰਨਾ ਹੋਵਗਾ, ਨਹੀਂ ਤਾਂ ਕੌਮੀ ਏਕਤਾ ਨੂੰ ਵੱਡਾ ਨੁਕਸਾਨ



ਵੀ ਹੋ ਸਕਦਾ ਹੈ।

ਸੋਮਵਾਰ ਨੂੰ ਹੋਈਆਂ ਫੈਡਰਲ ਚੋਣਾਂ ਵਿੱਚ ਲਿਬਰਲਾਂ ਨੇ ਭਾਵੇਂ ਕਾਫੀ ਸੀਟਾਂ ਉੱਤੇ ਮੁੜ ਜਿੱਤ ਹਾਸਲ ਕੀਤੀ ਪਰ ਉਹ ਬਹੁਮਤ ਹਾਸਲ ਨਹੀਂ ਕਰ ਸਕੇ। ਇੱਥੇ ਇਹ ਵੀ ਦੱਸਣਾ ਬਣਦਾ ਹੈ ਕਿ ਲਿਬਰਲਾਂ ਨੂੰ ਸਸਕੈਚਵਨ ਤੇ ਅਲਬਰਟਾ ਵਿੱਚ ਇੱਕ ਵੀ ਸੀਟ ਹਾਸਲ ਨਹੀਂ ਹੋਈ। ਮੰਗਲਵਾਰ ਨੂੰ ਅਲਬਰਟਾ ਦੇ ਪ੍ਰੀਮੀਅਰ ਜੇਸਨ ਕੇਨੀ ਨੇ ਆਖਿਆ ਕਿ ਅਜਿਹਾ ਕਰਕੇ ਇੱਥੋਂ ਦੇ ਵੋਟਰਾਂ ਨੇ ਆਪਣੀ ਨਾਰਾਜ਼ਗੀ ਜ਼ਾਹਿਰ ਕਰ ਦਿੱਤੀ ਹੈ। ਉਨ੍ਹਾਂ ਆਖਿਆ ਕਿ ਅਲਬਰਟਾ ਵਾਸੀਆਂ ਨੂੰ ਲੱਗਦਾ ਹੈ ਕਿ ਉਨ੍ਹਾਂ ਨੂੰ ਹਰ ਪਾਸਿਓਂ ਡੱਕਿਆ ਜਾ ਰਿਹਾ ਹੈ, ਆਪਣੇ ਹੀ ਦੇਸ਼ ਵਿੱਚ ਉਨ੍ਹਾਂ ਉੱਤੇ ਹਮਲੇ ਹੋ ਰਹੇ ਹਨ। ਪ੍ਰੋਵਿੰਸ ਵਿੱਚ ਕੰਜ਼ਰਵੇਟਿਵਾਂ ਨੇ 34 ਵਿੱਚੋਂ 33 ਸੀਟਾਂ ਉੱਤੇ ਜਿੱਤ ਹਾਸਲ ਕੀਤੀ ਤੇ ਲਿਬਰਲ ਉਹ ਤਿੰਨ ਸੀਟਾਂ ਵੀ ਗੁਆ ਬੈਠੇ ਜਿਹੜੀਆਂ ਉਨ੍ਹਾਂ ਕੋਲ ਸਨ।

...ਬਾਕੀ ਪੰਨਾ 6 'ਤੇ


Best Insurance Rates
Auto Home Business
Dir: 647-400-2949
ਕਾਰ ਅਤੇ ਘਰ ਦੀ ਇੰਸ਼ੋਰੈਂਸ ਲਈ ਘੱਟ ਰੇਟ
Discounts upto 35% on Auto & Home
Amanpreet S. Batth
Axcel Insurance Brokers Ltd.
Address: 1550 South Gateway Rd. Suite 220 Mississauga, ON L4W 5G6

ALLKIND INSURANCE — NOW HIRING !!!
SUPER VISA INSURANCE
VISITOR INSURANCE
LIFE INSURANCE • MORTGAGE INSURANCE • CRITICAL ILLNESS INS • DISABILITY INSURANCE • TRAVEL INS • FUNERAL INSURANCE • RESP & TFSA & RRSP
SIMRAN SAINI 416.994.7272
www.allkindinsurance.com

INSURANCE
Home • Auto • Business • Trucking • Life Insurance • Commercial
647-206-2452 Sukhwinder K Singh
CONNEX 7050A Bramalea Rd, Unit # 13, Mississauga, ON L5S 1T1

AUTO & HOME INSURANCE
Super visa Insurance
Life & Disability
Critical illness
RESP
Visitor & Travel insurance
All Care Insurance Inc. (416-845-1352) Manwinder Mangat Broker
Axael InsuranceBrokers Ltd. 1332 Khalsa Dr, Unit # 11, Mississauga, ON L5S 0A2

JOSHI LAW OFFICE
Barrister, Solicitor & Notary Public
info@joshilawoffice.com | joshilawoffice.com
Immigration
Real Estate / Commercial Law
Affidavit / Power of Attorney
6921 Steels Ave. W. Unit 11, Etobicoke, ON
Rakesh M. Joshi B.A., LL.B 416-213-8600

KELLEY LAW OFFICE
Immigration • Real Estate • Family Law • Business Closing • Corporate • Wills & Estate • Power of Attorney/Affidavit /Attestations
www.kelleylawoffice.ca | info@kelleylawoffice.ca
1200 Derry Road E, #15, Mississauga, ON L5T 0B3
Shinder Kelley 905-362-0755

PROTECT YOUR HOME FROM PESTS
Pest Control
Low Rates/Excellent Pest Control Services
100% Success rate for bed bug Treatment
Free Home Inspection Call Today
Ranjit Sidhu Certified & Licenced Exterminator
BED BUG MATTRESS COVER ALSO AVAILABLE
A-Z Pest Control Inc.
Cell: 647.668.3944 | Office: 905.455.0648
info@atozpestcontroltoronto.com | www.atozpestcontroltoronto.com

Law Office of Aman Sharma
Real Estate - Commercial Lease
Business Purchase & Sale
Notarizations & Affidavits
Wills & Power Of Attorney
Fax: 905-913-2344 Tel: 905-913-2355
Aman Sharma Open Saturday
4515 Ebenezer Rd, Suite 211, Brampton, Ontario L6P2K7
Providing excellent quality legal services to our clients

GOEL TRAVEL
Low Rates Best Service
ਸਸਤੀਆਂ ਹਵਾਈ ਟਿਕਟਾਂ ਅਤੇ ਵਧੀਆ ਸਰਵਿਸ ਲਈ ਇੱਕ ਵਾਰੀ ਕਾਲ ਜਰੂਰ ਕਰੋ
ਗੋਇਲ ਟਰੈਵਲ
905.796.7500
900 Raylawson Blvd. Unit # 6, Brampton

SEHMBI RENOVATIONS
ਰੈਨੋਵੇਸ਼ਨ ਦੇ ਕਿਸੇ ਵੀ ਕੰਮ ਲਈ ਸਾਡੀਆਂ ਪਰੋਫੈਸ਼ਨਲ ਤੇ ਭਰੋਸੇਯੋਗ ਸੇਵਾਵਾ ਦਾ ਲਾਭ ਉਠਾਓ
Custom Kitchen Cabinets • Completly Furnished • Legal Basement • Painting & Flooring
ਵਾਜਿਬ ਕੀਮਤ ਤੇ ਸਮੇਂ ਸਿਰ ਕੰਮ
Jaswant Sehmbi: 647.524.0885

HELPING YOUR PLAN TODAY......FOR TOMORROW
Supervisa / Visitor Insurance
Life /Mortgage/Funeral Insurance
Disability Insurance
Critical Illness Insurance
RESP /RRSP
JATINDERBIR S BAJWA Insurance Broker
Dir: 647-928-4990 www.ufsinsurance.com
# 25-831 Bovarid Dr. W. Brampton,ON,L6X0T9

Canada Consumer Credit Assistance ਕਰਜ਼ਾ ਰਹਿਤ ਜ਼ਿੰਦਗੀ ਜੀਓ
ਪਾਵਰ ਆਫ ਸੇਲ ਨੋਟਿਸ ? • ਗਾਰਨਿਸ਼ਮੈਂਟ? • ਬੈਂਕ ਵਲੋਂ ਪੈਸੇ ਦੀ ਮੰਗ ? • ਰੈਵਨਿਊ ਕੈਨੇਡਾ ਵਲੋਂ ਟੈਕਸ ਦੀ ਮੰਗ ?
ਕੁਲੈਕਸ਼ਨ ਕਾਲਾਂ, ਬੈਂਕ ਕਰਪਸੀ ਅਤੇ ਕਰਜ਼ੇ ਤੋਂ ਪੱਕਾ ਛੁਟਕਾਰਾ ਪਾ ਕੇ ਆਪਣਾ ਕਰੈਡਿਟ ਦੁਬਾਰਾ ਬਣਾਉਣ ਲਈ
ਹੁਣੇ ਹੀ ਕਾਲ ਕਰੋ
75% ਤੱਕ ਆਪਣਾ ਕਰਜ਼ਾ ਮਾਫ ਕਰਾਓ, ਬਹੁਤ ਆਸਾਨ ਕਿਸ਼ਤਾਂ ਬਿਨਾ ਵਿਆਜ ਤੋਂ
ਕਰਜ਼ੇ ਦੀ ਸਿਰਦਰਦੀ ?
ਮੁਫਤ ਅਤੇ ਗੁਪਤ ਸਲਾਹ ਲਈ ਅੱਜ ਹੀ ਜਸਬੀਰ ਹੁੰਦਲ ਨੂੰ ਕਾਲ ਕਰੋ
Late Evening and Weekends Appointments Available 1888 864 3131
Jasbir Singh Hundal Qualified Credit Counsellor
www.MakeMeDebtFree.ca 416-502-3100 Unit #20 - 7015 Tranmere Drive Mississauga, ON L5S 1T7

INSURANCE
Auto | Home | Business | Trucking | Life
ਇੰਸ਼ੋਰੈਂਸ ਦੇ ਵਧੀਆ ਰੇਟ Best rates & Best Coverage
RAJESH SOOD (RAJ) CAIB (hons.), MBA (finance), RIBO
ਸੰਪਰਕ ਕਰੋ: 416-908-6237
Unit 1, 30 Topflight dr., Mississauga

Mortgage! We Will Beat Any Rate !!!
Purchase || Refinance || Major Banks /Credit Unions || Private Lenders || Second Mortgages-Lowest 6.99 %
The Mortgage Centre
Cell: 416-841-4218 Tel: 905-216-5563
Avon Financial Inc. Brokerage Lic. 12538
Harpreet Singh Goraya Principal Broker
831 Bovaird Dr. West, Unit 25, Brampton, ON L6X 0T9 Fax: 905-216-0392

SNOW PLOWING & SALTING SERVICES
WE SERVICE ALL KINDS OF PROPERTIES
- Truck & Trailer parking yards
- Plazas & Industrial buildings
- Banquet halls & restaurants
- Gas stations & repair shops
- Offices & Clinics
We are Professional, Reliable & Experienced
AAA LANDSCAPING 647-784-1213

Super Visa Insurance
Visitor Visa Insurance
Travel Insurance
Student Insurance
New Immigrant 90 Days Med. Insurance
Punjab Insurance Inc
www.punjabinsurance.com
Sherjang Singh Rana 416.910.9000 rana@punjabinsurance.ca
10-7003 Steeles Ave. West, Etobicoke, ON M9W 0A2
Harpreet Rana 416.871.3571 harpreetrana@punjabinsurance.ca

CN Forklift Training Center
Counterbalance • Walkie pallet • Electric Motor Narrow Aisle Reach • Cherry Order Picker
License $69 Toll Free: 1 855 230 0001
7033 Telford Way, Unit #4, Mississauga, ON L5S 1V4
When You Need Re certified License & Training First Call to us
Cell: 416 726 6206 Tel: 905 405 0001
NC Dhawan Certified Instructor

Royal Pest Control
Residential Commercial Industrial
Specialist in Bedbugs Service
All Pest Control :
Mouse & Rats • Spiders & Fleas • Bedbugs • Wasps • Cockroaches • Carpenter Ants • Silver Fish • Racoons
Call : PARESH PATEL
416 938 4598

MANN LAW FIRM
Real Estate Law • Business Law • Wills & Estates • Family Law • Power of Attorney • Civil Litigation • Affidavits Notarization / Declaration
Maninder S. Mann B.A. (Hons.), LLB
BARRISTER SOLICITOR NOTARY
Address: 2130 North Park Dr. Suite 246 Brampton, ON L6S 0C9
T: 905 799 9333 www.mannlawfirm.ca

PEST PROBLEM ?
Residential & Commercial
All Pest Control
MICE, COCKROACH, BEDBUG & ALL COMMON BUGS
Protect yourself & your family from the Pests
100% Customer Satisfaction
AFFORDABLE & RELIABLE
KSG Pest Control Inc. 647.990.3205
www.ksgpestcontrol.ca ksgpestcontrol@gmail.com
Amarjeet Singh Gill Certified & Licenced Exterminator

NEED A LAWYER ??
KAUR LAW OFFICE
Red Seal NOTARY



MANJEET KAUR
LL.B., (London UK)
Barrister, Solicitor & Notary Public

REAL ESTATE LAWYER
- Residential & Commercial
- Sale/Purchase of House
- Mortgage & Refinancing
- Drafting/Reviewing Agreements
- Title Transfer
- 2nd Mortgage

IMMIGRATION
Skilled Worker Category
Spousal & Family Sponsorship
- Student Permits Visa & Renewals
- PR Renewal/ Citizenship Application

FAMILY LAWYER
- Child & Spousal support
- Custody & Access
- Divorce
- Equalization

BUSINESS LAW
- Incorporation & Shareholder agreements
- Sales & Purchase of Assets & Shares
- Notarization & Affidavits

WILLS & ESTATE
- Wills
- Certificate of Estate Trustee with/without Will
- Power of attorney for Property & Personal Care

Tel : 905-454-0099
Fax: 905-454-2234
2575 Steeles Ave. E., Unit 1,Brampton, ON L6T 5T1



ਘਰ ਵੇਚਣਾ ਜਾਂ ਖਰੀਦਣਾ ਚਾਹੁੰਦੇ ਹੋ?



Anabela Serra
Sales Representative
ਸੰਪਰਕ ਕਰੋ:
416-400-5825
ROYAL LEPAGE
SUPREME REALTY, BROKERAGE*
*INDEPENDENTLY OWNED AND OPERATED

63 Talbot Street — BRAMPTON $729,900



Stunningly Fully & Tastefully Renovated 3+1 Bedrooms, 3 Bathrooms, Home In The City Of Brampton. Step Right In To Your Foyer Entryway With A Great Size Stone Accent Wall. Enjoy A Relaxing And Romantic Evening, Sitting By The Fire, Watching A Movie, Or Even Just Listening To Music. Open Concept Living And Dining Room. Great Size Backyard For Your Entertainment. Located Near The Go Train, Transportation,

12 Bluffmeadow Street — BRAMPTON $989,000



Welcome To Model Like Home -12 Bluffmeadow Street. 4 Bedroom, 3 Bathroom Family Home With Dark Stained Hardwood Flooring Throughout And Dark Stained Oak Staircase. Gourmet Kitchen With Granite Counter Tops, Island And Breakfast Bar Area. Second Floor Nook, Open Concept, Can Be Used In Multiple Ways; Office, Play Area, And/Or Your Reading Place. Enjoy A Relaxing Bath In Your Own Ensuite Jacuzzi Tub.

For More listings Visit anabelaserra.com



BEST FOR DIWALI GIFT
ALL PHOTOS IN 24K GOLD GUARANTEED



FOR WHOLESALE & RETAIL
ALL INQUIRES CALL
TARSEM SINGH 647-206-6109



Data everywhere.
No surprise charges
anywhere.

NEW
NATION-WIDE. NO ZONES.
TALK, TEXT & DATA PLANS
$35/MO.

chatr™
AUTHORIZED DEALER

379 Main St. North, Brampton, ON
905-451-0379
2456 Lake shore Blvd W., Etobicoke, ON

Taxes extra. Offer subject to change without notice. Get up to 1GB of data on the Talk, Text and Data Plan. Once you reach your 3G speed data allotment, your data speed will be reduced until your next anniversary date. ™ Trademarks used under license ©2019

AMAN TRAVEL
SPECIAL FARES TO DELHI & AMRITSAR | LAST MINUTE DEALS AVAILABLE
ਅਮਨ ਟਰੈਵਲ
Gaurav Gupta
905.796.3535
ਦੇਸ਼ ਵਿਦੇਸ਼ ਜਾਣ ਸਮੇਂ ਸਸਤੀਆਂ ਹਵਾਈ ਟਿਕਟਾਂ ਅਤੇ ਭਰੋਸੇਮੰਦ ਸਰਵਿਸ ਲੈਣ ਲਈ ਕਾਲ ਕਰੋ
TICO # 50022741
or Visit us at:
218 Kingknoll Dr., Brampton, ON L6Y 4X4

## ਅੱਜ ਨਾਮਾ

ਪੈਂਤੜਾ ਬਦਲ ਕੇ ਕਹੇ ਸੁਖਪਾਲ ਖਹਿਰਾ,
ਮੁੱਦਿਆਂ ਤੋਂ ਰਿਹਾ ਮੈਂ ਲੋਕਾਂ ਦੇ ਨਾਲ ਮੀਆਂ।
ਜਦ ਮੈਂ ਗਿਆ ਸੀ ਦੇਣ ਤਿਆਗ ਪੱਤਰ,
ਲੋਕਾਂ ਕਿਹਾ ਨਹੀਂ ਠੀਕ ਖਿਆਲ ਮੀਆਂ।
ਮੁੜ-ਮੁੜ ਲੋਕਾਂ ਨੇ ਕਿਹਾ ਕਿ ਜ਼ਿਦ ਛੱਡੋ,
ਲੋਕ ਕਹਿਣ ਤਾਂ ਹੁੰਦਾ ਨਹੀਂ ਟਾਲ ਮੀਆਂ।
ਤਾਂਹੀ ਲਿਆ ਮੈਂ ਵਾਪਸ ਤਿਆਗ ਪੱਤਰ,
ਸੁਰ ਵੀ ਲੋਕ ਤੇ ਲੋਕ ਹਨ ਤਾਲ ਮੀਆਂ।
ਓਧਰ ਪਿਆ ਫਿਰ ਬੋਲ ਹਰਪਾਲ ਚੀਮਾ,
ਬਣਦੀ ਬਾਤ ਨਾ ਸੌਖੀ ਸੁਖਪਾਲ ਸਿੰਘਾ।
ਅਗਲੇ ਕਦਮ ਵੀ ਦੱਸ ਤੂੰ ਸਾਫ ਸਿੰਘਾ,
ਕਿਸ ਤੂੰ ਪਾਰਟੀ ਦੇ ਜਾਣਾ ਨਾਲ ਸਿੰਘਾ।

**ਤੀਸ ਮਾਰ ਖਾਂ**

# ਲਿਬਰਲਾਂ ਦੇ ਹੱਕ ਵਿੱਚ ਕੈਨੇਡੀਅਨਾਂ ਨੇ ਦਿੱਤਾ ਫਤਵਾ, ਟਰੂਡੋ ਨੇ ਕੈਨੇਡੀਅਨਾਂ ਲਈ ਲੜਨ ਦਾ ਪ੍ਰਗਟਾਇਆ ਤਹੱਈਆ

ਟੋਰਾਂਟੋ, 22 ਅਕਤੂਬਰ (ਪੋਸਟ ਬਿਊਰੋ) : ਲੰਮੇਂ ਸੰਘਰਸ਼ ਤੇ ਵੰਡੀਆਂ ਪਾਉਣ ਵਾਲੀ ਸਿਆਸਤ ਤੋਂ ਬਾਅਦ ਲਿਬਰਲ ਆਗੂ ਜਸਟਿਨ ਟਰੂਡੋ ਆਖਿਰਕਾਰ ਇੱਕ ਵਾਰੀ ਫਿਰ ਸੱਤਾ ਉੱਤੇ ਕਾਬਜ ਹੋਣ ਵਿੱਚ ਕਾਮਯਾਬ ਹੋ ਗਏ ਹਨ। ਪਰ ਇਸ ਵਾਰੀ ਉਨ੍ਹਾਂ ਨੂੰ ਘੱਟਗਿਣਤੀ ਸਰਕਾਰ ਨਾਲ ਹੀ ਸਬਰ ਕਰਨਾ ਹੋਵੇਗਾ।

ਹਾਲਾਂਕਿ 2019 ਦੀਆਂ ਫੈਡਰਲ ਚੋਣਾਂ ਵਿੱਚ ਲਿਬਰਲਾਂ ਨੇ ਹੀ ਜਿੱਤ ਹਾਸਲ ਕੀਤੀ ਹੈ ਪਰ ਪਾਰਟੀ ਨੂੰ ਪਹਿਲਾਂ ਦੇ ਮੁਕਾਬਲੇ ਘੱਟ ਸੀਟਾਂ ਮਿਲੀਆਂ ਹਨ। ਹੁਣ ਲਿਬਰਲਾਂ ਨੂੰ ਵਿਰੋਧੀ ਪਾਰਟੀਆਂ ਨਾਲ ਗੱਠਜੋੜ ਕਰਨਾ ਪਵੇਗਾ। ਬਹੁਗਿਣਤੀ ਹਾਸਲ ਕਰਨ ਲਈ 170 ਸੀਟਾਂ ਵਾਲੀ ਸ਼ਰਤ ਪੂਰੀ ਕਰਨ ਵਿੱਚ ਨਾਕਾਮਯਾਬ ਰਹਿਣ ਦੇ ਬਾਵਜੂਦ ਲਿਬਰਲ ਆਗੂ ਜਸਟਿਨ ਟਰੂਡੋ ਨੇ ਮਾਂਟਰੀਅਲ ਵਿੱਚ ਆਪਣੇ ਸਮਰਥਕਾਂ ਨੂੰ ਸੰਬੋਧਨ ਕਰਦਿਆਂ ਆਖਿਆ ਕਿ ਜੋ ਫਤਵਾ ਤੁਸੀਂ ਦਿੱਤਾ ਹੈ ਉਸ ਤੋਂ ਇਹ ਸਿੱਧ ਹੋ ਗਿਆ ਹੈ ਕਿ ਤੁਸੀਂ ਲਿਬਰਲ ਟੀਮ ਨੂੰ ਇੱਕ ਵਾਰੀ ਮੁੜ ਸੇਵਾ ਦਾ ਮੌਕਾ ਦੇਣਾ ਚਾਹੁੰਦੇ ਹੋਂ।

ਚਾਰ ਸਾਲਾਂ ਤੱਕ ਆਪਣੇ ਵਾਅਦਿਆਂ ਦੇ ਸਬੰਧ ਵਿੱਚ ਰਲਵੇਂ ਮਿਲਵੇਂ ਨਤੀਜੇ ਦੇਣ ਤੇ ਕਈ ਵਿਵਾਦਾਂ ਵਿੱਚ ਘਿਰਨ ਤੋਂ ਬਾਅਦ ਟਰੂਡੋ ਇੱਕ ਵਾਰੀ ਫਿਰ ਓਟਵਾ ਵਿੱਚ ਆਪਣਾ ਪਹਿਲਾਂ ਵਾਲਾ ਮੁਕਾਮ ਹਾਸਲ ਕਰਨ ਲਈ ਜਾ ਰਹੇ ਹਨ। ਭਾਵੇਂ ਘੱਟਗਿਣਤੀ ਹੀ ਸਹੀ ਟਰੂਡੋ ਚਾਰ ਸਾਲਾਂ ਲਈ ਓਟਵਾ ਪਰਤ ਰਹੇ ਹਨ। ਹੁਣ ਇਹ ਲਿਬਰਲਾਂ ਉੱਤੇ ਨਿਰਭਰ ਕਰਦਾ ਹੈ ਕਿ ਕੀ ਉਹ ਰਸਮੀ ਤੌਰ ਉੱਤੇ ਗੱਠਜੋੜ ਕਰਨਗੇ ਜਾਂ ਫਿਰ ਵੋਟ ਦਰ ਵੋਟ ਸਮਰਥਨ ਹਾਸਲ ਕਰਨ ਦਾ ਰਾਹ ਅਪਨਾਉਣਗੇ।

ਇੱਥੇ ਇਹ ਵੀ ਦੱਸਣਾ ਬਣਦਾ ਹੈ ਕਿ ਅਲਬਰਟਾ ਤੇ ਸਸਕੈਚਵਨ ਵਿੱਚੋਂ ਲਿਬਰਲਾਂ ਦਾ ਪੱਤਾ ਬਿਲਕੁਲ ਸਾਫ ਹੋ ਗਿਆ ਹੈ। ਪਰ ਓਨਟਾਰੀਓ ਵਿੱਚ ਕਈ ਹਿੱਸਿਆਂ ਵਿੱਚ ਲਿਬਰਲਾਂ ਦਾ ਦਬਦਬ- ਆ ਅਜੇ ਵੀ ਕਾਇਮ ਹੈ। ਕਿਊਬਿਕ ਵਿੱਚ ਬਲਾਕ ਕਿਊਬਿਕੁਆ ਦੀਆਂ ਵੋਟਾਂ ਵੀ ਵੰਡੀਆਂ ਗਈਆਂ ਤੇ ਇਸ ਦੌਰਾਨ ਕੰਜ਼ਰਵੇਟਿਵਾਂ, ਐਨਡੀਪੀ ਤੇ ਗ੍ਰੀਨਜ਼ ਨੂੰ ਐਟਲਾਂਟਿਕ ਕੈਨੇਡਾ ਤੇ ਬ੍ਰਿਟਿਸ਼ ਕੋਲੰਬੀਆ ਵਿੱਚ ਫਾਇਦਾ ਹੋਇਆ।



ਟਰੂਡੋ ਨੇ ਆਖਿਆ ਕਿ ਭਾਵੇਂ ਤੁਸੀਂ ਕਿਸੇ ਵੀ ਪਾਰਟੀ ਨੂੰ ਵੋਟ ਪਾਈ ਹੋਵੇ ਪਰ ਅਸੀਂ ਹਰ ਰੋਜ਼ ਤੁਹਾਡੇ ਸਾਰਿਆਂ ਲਈ ਰਲ ਕੇ ਕੰਮ ਕਰਾਂਗੇ। ਸਾਡੀ ਟੀਮ ਸਾਰੇ ਕੈਨੇਡੀਅਨਾਂ ਲਈ ਕੰਮ ਕਰੇਗੀ। ਤੁਹਾਡਾ ਗੁੱਸਾ ਵੀ ਸਾਨੂੰ ਸੁਣਾਈ ਦਿੱਤਾ ਹੈ ਪਰ ਫਿਰ ਵੀ ਅਸੀਂ ਤੁਹਾਡੀ ਮਦਦ ਲਈ ਹਮੇਸ਼ਾਂ ਉੱਥੇ ਰਹਾਂਗੇ। ਆਓ ਸਾਰੇ ਰਲ ਕੇ ਆਪਣੇ ਦੇਸ਼ ਨੂੰ ਇੱਕਜੁੱਟ ਕਰੀਏ। ਜ਼ਿਕਰਯੋਗ ਹੈ ਕਿ ਲਿਬਰਲਾਂ ਦੇ ਹਿੱਸੇ 157 ਸੀਟਾਂ ਆਈਆਂ, ਪਹਿਲਾਂ ਉਨ੍ਹਾਂ ਕੋਲ 177 ਸੀਟਾਂ ਸਨ, ਕੰਜ਼ਰਵੇਟਿਵਾਂ ਨੂੰ 121 ਸੀਟਾਂ ਮਿਲੀਆਂ ਜਦਕਿ ਪਹਿਲਾਂ ਉਨ੍ਹਾਂ ਕੋਲ 95 ਸੀਟਾਂ ਸਨ, ਬਲਾਕ ਕਿਊਬਿਕੁਆ ਨੇ 32 ਸੀਟਾਂ ਉੱਤੇ ਕਬਜਾ ਕੀਤਾ ਤੇ ਐਨਡੀਪੀ ਨੂੰ ਤੀਜੀ ਪਾਰਟੀ ਦੇ ਦਰਜੇ ਤੋਂ ਪਿੱਛੇ ਧੱਕ ਦਿੱਤਾ, ਐਨਡੀਪੀ ਦੇ ਹਿੱਸੇ 24 ਸੀਟਾਂ ਆਈਆਂ ਜਦਕਿ ਪਹਿਲਾਂ ਉਨ੍ਹਾਂ ਕੋਲ 39 ਸੀਟਾਂ ਸਨ। ਇਸ ਹਿਸਾਬ ਨਾਲ ਐਨਡੀਪੀ ਨੂੰ ਵੀ ਵੱਡਾ ਨੁਕਸਾਨ ਹੋਇਆ। ਗ੍ਰੀਨ ਪਾਰਟੀ ਦੋ ਦੇ ਮੁਕਾ- ਬਲੇ ਤਿੰਨ ਸੀਟਾਂ ਉੱਤੇ ਕਬਜਾ ਕਰਨ ਵਿੱਚ ਕਾਮਯਾਬ ਰਹੀ। ਪੀਪਲਜ਼ ਪਾਰਟੀ ਦਾ ਇਲੈਕਟੋਰਲ ਮੈਪ ਤੋਂ ਹੀ ਸਫਾਇਆ ਹੋ ਗਿਆ ਜਦਕਿ ਆਜਾਦ ਉਮੀਦਵਾਰ ਵਜੋਂ ਖੜ੍ਹੀ ਹੋਈ ਜੋਡੀ ਵਿਲਸਨ ਰੇਅਬੋਲਡ ਨੂੰ ਮੁੜ ਚੁਣ ਲਿਆ ਗਿਆ।

GNR ਹਰਬਲ ਤੇਲ | 647-853-5800
globalnaturalremedies@yahoo.com
Ext. Use Only
Ask For:
• Saffron Oil
• Therapeutic Essential Oils
• Herbal Teas
Pain-Care Joint Support $9.99
He-Oil For Men Only $19.99
Stress-Care Feel Relaxed $9.99
GLOBAL NATURAL REMEDIES

ਅਭਿਜੀਤ ਬੈਨਰਜੀ ਵੱਲੋਂ ਖੁਲਾਸਾ

## ਮੋਦੀ ਨੇ ਸੁਚੇਤ ਕੀਤੈ, ਮੀਡੀਆ ਤੁਹਾਥੋਂ 'ਮੋਦੀ-ਵਿਰੋਧੀ' ਬਿਆਨ ਦਿਵਾਉਣ ਦੀ ਕੋਸ਼ਿਸ਼ ਕਰੇਗਾ

ਨਵੀਂ ਦਿੱਲੀ, 22 ਅਕਤੂਬਰ, (ਪੋਸਟ ਬਿਊਰੋ)- ਇਕਾਨਮੀ ਵਾਸਤੇ ਇਸ ਸਾਲ ਦੇ ਨੋਬਲ ਪੁਰਸਕਾਰ ਜੇਤੂ ਅਭਿਜੀਤ ਬੈਨਰਜੀ ਨੇ ਅੱਜ ਮੰਗਲਵਾਰ ਨੂੰ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨਾਲ ਮੁਲਾਕਾਤ ਕੀਤੀ, ਜਿਹੜੀ ਅਜਿਹੇ ਸਮੇਂ ਵਿੱਚ ਹੋਈ ਹੈ, ਜਦੋਂ ਬੈਨਰਜੀ ਨੂੰ ਖੱਬੇ-ਪੱਖੀ ਵਿਚਾਰਧਾਰਾ ਨਾਲ ਜੁੜਿਆ ਕਿਹਾ ਜਾ ਰਿਹਾ ਹੈ।

ਪ੍ਰਧਾਨ ਮੰਤਰੀ ਮੋਦੀ ਨਾਲ ਮੁਲਾਕਾਤ ਦੇ ਬਾਅਦ ਅਭਿਜੀਤ ਬੈਨਰਜੀ ਮੀਡੀਆ ਸਾਹਮਣੇ ਹੋਏ ਤਾਂ ਪੱਤਰਕਾਰਾਂ ਦੇ ਵੱਧ ਸਵਾਲ ਭਾਰਤ ਸਰਕਾਰ ਦੀਆਂ ਆਰਥਿਕ ਨੀਤੀਆਂਉੱਤੇ ਉਨ੍ਹਾਂ ਦੀ ਰਾਏ ਬਾਰੇ ਸਨ, ਕਿਉਂਕਿ ਨੋਬਲ ਇਨਾਮਤੋਂ ਬਾਅਦ ਕਾਂ- ਗਰਸ ਦੀ ਨਿਆਏ ਯੋਜਨਾ ਬਾਰੇ ਉਨ੍ਹਾਂ ਦੀ ਚਰਚਾ ਹੋ ਚੁੱਕੀ ਸੀ। ਬੈਨਰਜੀ ਨੇ ਹੱਸ ਕੇ ਕਿਹਾ ਕਿ ਉਹ ਮੀਡੀਆ ਦੇ ਜਾਲ ਵਿੱਚ ਫਸਣ ਵਾਲੇ ਨਹੀਂ, ਕਿਉਂਕਿ ਪ੍ਰਧਾਨ ਮੰਤਰੀ ਮੋਦੀ ਨੇ ਪਹਿਲਾਂ ਹੀ ਸਾਵਧਾਨ ਕਰ ਦਿੱਤਾ ਹੈ। ਉਨ੍ਹਾਂ ਨੇ ਕਿਹਾ ਕਿ ਪ੍ਰਧਾਨ ਮੰਤਰੀ ਨੇ ਗੱਲਬਾਤ ਦੀ ਸ਼ੁਰੂਆਤ ਇਸ ਮਜ਼ਾਕ ਨਾਲ ਕੀਤੀ ਕਿ ਮੀਡੀਆ ਤੁਹਾਨੂੰ ਮੋਦੀ ਵਿਰੋਧੀ ਗੱਲਾਂ ਲਈ ਉਕਸਾਵੇਗਾ। ਉਨ੍ਹਾਂ ਕਿਹਾ, 'ਪ੍ਰਧਾਨ ਮੰਤਰੀ ਟੀਵੀ ਵੇਖਦੇ ਹਨ, ਉਨ੍ਹਾਂ ਨੂੰ ਹਰ ਗੱਲ ਪਤਾ ਹੁੰਦੀ ਹੈ। ਇਸ ਸਮੇਂ ਵੀਉਹ ਟੀਵੀ ਵੇਖ ਰਹੇ ਹਨ। ਉਨ੍ਹਾਂ ਨੂੰ ਪਤਾ ਹੈ ਤੁਸੀਂ ਕੀ ਕਰਨ ਦੀ ਕੋਸ਼ਿਸ਼ ਕਰ ਰਹੇ ਹੋ।'

ਅਭਿਜੀਤ ਬੈਨਰਜੀ ਨੇ ਕਿਹਾ ਕਿ ਪ੍ਰਧਾਨ ਮੰਤਰੀ ਮੋਦੀ ਨਾਲ ਉਨ੍ਹਾਂ ਦੀ ਮੁਲਾਕਾਤ ਚੰਗੀ ਰਹੀ ਹੈ। ਪ੍ਰਧਾਨ ਮੰਤਰੀ ਨੇ ਸ਼ਾਸਨ ਅਤੇ ਨੌਕਰਸ਼ਾਹੀ ਦੇ ਕੰਮ-ਕਾਜਦੇ ਸੁਧਾਰ ਲਈ ਆਪਣੇ ਯਤਨਾਂ ਬਾਰੇ ਦੱਸਿਆ ਹੈ। ਉਨ੍ਹਾ ਦਾ ਸੋਚਣ ਦਾ ਢੰਗ ਅਨੋਖਾ ਹੈ। ਪ੍ਰਧਾਨ ਮੰਤਰੀ ਚਾਹੁੰਦੇ ਹਨ ਕਿ ਨੌਕਰਸ਼ਾਹੀ ਲੋਕਾਂ ਦੇ ਵਿਚਾਰਾਂ ਨੂੰ ਸਮਝੇ ਅਤੇ ਉਨ੍ਹਾਂ ਦਾ ਧਿਆਨਰੱਖੇ।

ਇਸ ਤੋਂ ਪਹਿਲਾਂ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਬੈਨਰਜੀ ਨਾਲ ਬੈਠਕ ਤੋਂ ਬਾਅਦ ਟਵੀਟ ਕਰ ਕੇ ਲਿਖਿਆ ਕਿ 'ਨੋਬਲ ਜੇਤੂ ਅਭਿਜੀਤ ਬੈਨਰਜੀ ਨਾਲ ਮੁਲਾਕਾਤ ਉੱਤਮ ਰਹੀ। ਮਨੁੱਖੀ ਸ਼ਕਤੀਕਰਨ ਦੇ ਲਈ ਉਨ੍ਹਾਂ ਦਾ ਜਨੂਨ ਸਾਫ਼ ਨਜ਼ਰ ਆਉਂਦਾ ਹੈ। ਅਸੀਂ ਕਈ ਮੁੱਦਿਆਂ ਉੱਤੇ ਸਿਹਤਮੰਦ ਅਤੇ ਵਿਆ- ਪਕ ਗੱਲਬਾਤ ਕੀਤੀ ਹੈ। ਭਾਰਤ ਨੂੰ ਉਨ੍ਹਾਂ ਦੀਆਂ ਪ੍ਰਾਪਤੀਆਂ ਉੱਤੇ ਮਾਣ ਹੈ। ਉਨ੍ਹਾਂ ਨੂੰ ਭਵਿੱਖ ਦੀਆਂ ਕੋਸ਼ਿਸ਼ਾਂ ਲਈ ਸ਼ੁੱਭਕਾਮਨਾਵਾਂ।'

ਵਰਨਣ ਯੋਗ ਹੈ ਕਿ ਭਾਰਤੀ ਮੂਲ ਦੇ ਅਮਰੀਕੀ ਪ੍ਰੋਫੈਸਰ 58 ਸਾਲਾ ਅਭਿਜੀਤ ਬੈਨਰਜੀ, ਉਨ੍ਹਾਂ ਦੀ ਪਤਨੀ ਅਤੇ ਇਕ ਹੋਰ ਅਰਥਸ਼ਾਸਤਰੀ ਨੂੰ ਸਾਂਝੇ ਰੂਪ ਨਾਲ ਇਸ ਸਾਲ ਇਕਾਨਮੀ ਦੇ ਨੋਬਲ ਇਨਾਮ ਨਾਲ ਸਨਮਾਨਿਤ ਕੀਤਾ ਗਿਆ ਹੈ। ਇਨ੍ਹਾਂ ਨੂੰ 'ਗਲੋਬਲ ਗ਼ਰੀਬੀ ਘੱਟ ਕਰਨ ਦੇ ਉਨ੍ਹਾਂ ਦੇ ਪ੍ਰਯੋਗਾਤਮਕ ਨਜ਼ਰੀਏ' ਲਈ ਇਨਾਮ ਮਿਲਿਆ ਹੈ।

## ਚੀਫ ਪ੍ਰਿੰਸੀਪਲ ਸੈਕਟਰੀ ਸੁਰੇਸ਼ ਕੁਮਾਰ ਫਿਰ ਦਫਤਰ ਨਹੀਂ ਆ ਰਹੇ

ਚੰਡੀਗੜ੍ਹ, 22 ਅਕਤੂਬਰ (ਪੋਸਟ ਬਿਊਰੋ)- ਵਿਧਾਨ ਸਭਾ ਦੀਆਂ ਚਾਰ ਸੀਟਾਂ ਦੀ ਉਪ ਚੋਣ ਲਈ ਪੋਲਿੰਗ ਖਤਮ ਹੋਣ ਦੇ ਨਾਲ ਹੀ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਦੇ ਚੀਫ ਪ੍ਰਿੰਸੀਪਲ ਸੈਕਟਰੀ ਸੁਰੇਸ਼ ਕੁਮਾਰ ਫਿਰ ਚਰਚਾ ਵਿੱਚ ਹਨ। ਉਹ ਕਰੀਬ ਇੱਕ ਮਹੀਨੇ ਤੋਂ ਦਫਤਰ ਨਹੀਂ ਆ ਰਹੇ। ਸੁਰੇਸ਼ ਕੁਮਾਰ ਦੇ ਕਾਰਨ ਸਰਕਾਰ ਪਹਿਲਾਂ ਹੀ ਦੁਚਿੱਤੀ ਵਿੱਚ ਸੀ। ਚਾਰ ਵਿਧਾਨ ਸਭਾ ਸੀਟਾਂ 'ਤੇ ਉਪ ਚੋਣ ਦੇ ਚੋਣ ਜ਼ਾਬਤੇ ਕਾਰਨ ਇਹ ਮਾਮਲਾ ਠੰਢਾ ਪੈ ਗਿਆ ਸੀ, ਪਰ ਵੋਟਾਂ ਪੈਂਦੇ ਸਾਰ ਫਿਰ ਉਨ੍ਹਾਂ ਬਾਰੇ ਚਰਚਾ ਸ਼ੁਰੂ ਹੋ ਗਈ ਹੈ ਕਿ ਉਹ ਵਾਪਸ ਦਫਤਰ ਆਉਣਗੇ ਜਾਂ ਨਹੀਂ।



ਇਸ ਚਰਚਾ ਦਾ ਵਿਸ਼ਾ ਤਿੰਨ ਦਿਨ ਪਹਿਲਾਂ ਸੁਰੇਸ਼ ਕੁਮਾਰ ਵੱਲੋਂ ਇੱਕ ਅੰਗਰੇਜ਼ੀ ਅਖਬਾਰ ਵਿੱਚ ਲਿਖਿਆ ਲੇਖ ਹੈ। ਇਸ ਵਿੱਚ ਉਨ੍ਹਾਂ ਨੇ ਇੱਕ ਐੱਨ ਜੀ ਓ (ਗੈਰ ਸਰਕਾਰੀ ਸੰਸਥਾ) ਵਿੱਚ ਰੁਚੀ ਦਿਖਾਈ ਹੈ। ਇਸ ਬਾਰੇ ਚਰਚਾ ਗਰਮ ਹੈ ਕਿ ਕੀ ਉਹ ਅੱਗੇ ਤੋਂ ਪੰਜਾਬ ਸਰਕਾਰ ਨੂੰ ਸੇਵਾਵਾਂ ਨਹੀਂ ਦੇਣਾ ਚਾਹੁੰਦੇ? ਪਹਿਲਾਂ ਉਨ੍ਹਾਂ ਦੇ ਅਸਤੀਫੇ ਦੀ ਖਬਰ ਆਈ ਸੀ, ਪਰ ਬਾਅਦ ਵਿੱਚ ਸੁਲਤਾਨਪੁਰ ਲੋਧੀ ਵਿੱਚ ਪੰਜਾਬ ਕੈਬਨਿਟ ਦੀ ਬੈਠਕ ਵੇਲੇ ਉਹ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਦੇ ਨਾਲ ਦਿਖਾਈ ਦਿੱਤੇ ਸਨ। ਸੁਰੇਸ਼ ਕੁਮਾਰ ਭਾਵੇਂ ਇਸ ਤੋਂ ਪਹਿਲਾਂ ਵੀ ਅਹੁਦੇ ਤੋਂ ਅਸਤੀਫਾ ਦੇ ਚੁੱਕੇ ਹੋਣ, ਪ੍ਰੰਤੂ ਮੁੱਖ ਮੰਤਰੀ ਹਮੇਸ਼ਾ ਉਨ੍ਹਾਂ ਨੂੰ ਮਨਾਉਣ ਵਿੱਚ ਕਾਮਯਾਬ ਰਹੇ ਹਨ।

ਦੂਜੇ ਪਾਸੇ ਕਾਂਗਰਸ ਦਾ ਇੱਕ ਵਰਗ ਇਸ ਗੱਲੋਂ ਖੁਸ਼ ਹੈ ਕਿ ਸੁਰੇਸ਼ ਕੁਮਾਰ ਅੱਗੇ ਪਾਰੀ ਖੇਡਣ ਨੂੰ ਤਿਆਰ ਨਹੀਂ ਹਨ। ਇਸ ਵਰਗ ਦੀ ਅੱਖ ਵਿੱਚ ਸੁਰੇਸ਼ ਕੁਮਾਰ ਹਮੇਸ਼ਾ ਰੜਕਦੇ ਰਹੇ ਹਨ। ਸੇਵਾ ਮੁਕਤ ਆਈ ਏ ਐੱਸ ਅਫਸਰ ਸੁਰੇਸ਼ ਕੁਮਾਰ ਦੀ ਨਿਯੁਕਤੀ ਨੂੰ ਪੰਜਾਬ ਹਰਿਆਣਾ ਹਾਈ ਕੋਰਟ ਵਿੱਚ ਵੀ ਚੁਣੌਤੀ ਦਿੱਤੀ ਗਈ ਸੀ। ਅਹਿਮ ਪੱਖ ਇਹ ਹੈ ਕਿ ਸੁਰੇਸ਼ ਕੁਮਾਰ ਬੇਸ਼ੱਕ ਦਫਤਰ ਨਾ ਆ ਰਹੇ ਹੋਣ, ਆਪਣੀ ਰਿਹਾਇਸ਼ ਵਿਖੇ ਸਰਕਾਰੀ ਫਾਈਲਾਂ ਦੇਖਦੇ ਹਨ। ਚੋਣ ਜ਼ਾਬਤਾ ਲਾਗੂ ਹੋਣ ਕਾਰਨ ਸਰਕਾਰੀ ਤੌਰ 'ਤੇ ਕੰਮ ਵੀ ਘੱਟ ਸੀ, ਪ੍ਰੰਤੂ ਵੋਟਿੰਗ ਖਤਮ ਹੋਣ ਪਿੱਛੋਂ ਇਸ ਵਿੱਚ ਤੇਜ਼ੀ ਆਉਣ ਦੀ ਉਮੀਦ ਹੈ। ਅਜਿਹੇ ਵਿੱਚ ਸਾਰਿਆਂ ਦੀਆਂ ਨਜ਼ਰਾਂ ਸੁਰੇਸ਼ ਕੁਮਾਰ ਵੱਲ ਹਨ ਕਿ ਉਹ ਵਾਪਸ ਦਫਤਰ ਆਉਣਗੇ ਜਾਂ ਨਹੀਂ।

REXDALE FINANCIAL SERVICES
WE HELP YOU START, GROW AND SUCCEED
We bring Canada's leading lenders to you
The Mortgage Centre
I direct mortgages Inc.
21 Roysun Rd. #6, Woodbridge, ON L4L 8R3
Ph: 905.652.3000 ext 467 | 905.652.300 ext 468
Each Mortgage center is independently owned and operated
Call now: 416.674.8035 | 416.674.7050 or Fax: 416.674.9009
ਮਿਲ ਰਹੇ ਘੱਟ ਵਿਆਜ ਦਰਾਂ ਦਾ ਫਾਇਦਾ ਚੱਕੋ ਅਤੇ ਹਜ਼ਾਰਾਂ ਹੀ ਡਾਲਰ ਬਚਾਓ!
• DEBT CONSOLIDATION • HOME EQUITY
• LOANS • HOME RENOVATION
• WANT TO GET OUT OF CREDIT CARD DEBT
ਜਿਆਦਾ ਕਰਜਾ ਦੇ ਕੇ ਥੱਕ ਚੁੱਕੇ ਹੋ? ਆਪਣਾ ਕਰਜਾਂ ਚੁਕਾਓ!!!
ਬੈਂਕ ਨੇ ਕਰ ਦਿੱਤੀ 'ਨਾਂਹ', ਅਸੀਂ ਕਰਾਂਗੇ 'ਹਾਂ'
Increase Your Cash Flow by up to 50%
MORTGAGES SUITABLE FOR EVERY NEED!
1st & 2nd Mortgage Available
ALL IN ONE LOW MONTHLY PAYMENT!
YOU NEED A MORTGAGE? WE'LL ARANGE IT FOR YOU NO MATTER WHAT YOUR REASON IS!
Self Employed or Unemployed
Each Mortgage Centre is independently owned and operated
19 Woodbine Downs Blvd, #201, Etobicoke, ON M9W 6N5
Jaspal Singh Gahunia #M08006400
416.677.0047

ਖਿੜਕੀਆਂ ਅਤੇ ਦਰਵਾਜੇ ਲਗਵਾਓ Free Estimates
ਵਨਾਈਲ ਅਤੇ ਐਲੂਮੀਨੀਅਮ ਵਿੰਡੋਜ਼, ਸਟੋਰਮ ਡੋਰ, ਕਲੋਸੈਟ ਡੋਰ ਮਿਰਰਜ਼, ਪੋਰਚ ਐਨਕਲੋਜ਼ਡ, ਮੇਨ ਐਂਟਰੈਂਸ ਡੋਰ, ਹਰ ਤਰਾਂ ਦਾ ਗਲਾਸ ਰਿਪਲੇਸਮੈਂਟ
ਅਸੀਂ ਪੇਂਟ ਵੀ ਕਰਦੇ ਹਾਂ
24 ਘੰਟੇ ਤੁਹਾਡੀ ਸੇਵਾ ਵਿੱਚ
CANADIAN GLASS AND WINDOW
SINGH (TOCHI)
416-454-3031
647-784-8240
Email: tochisangha1@hotmail.com

ukttc
UK TRUCK TRAINING CENTRE
PCC #179958
Registered as a Private Careers College
Forklift $79 Recertification
➔ Automatic & Manual Trucks
○ 1:1 Training
➔ Forklift Training
Reach Truck
Counterbalance
Air Brake Classes Sat-Sun 8am to 4pm
Kuldip Singh Grewal
647.894.8590
17 ਸਾਲਾਂ ਦਾ ਤਜ਼ਰਬਾ | 7 ਦਿਨ ਖੁੱਲਾ | ਗੇਅਰਾਂ ਵਾਲੇ ਟਰੱਕਾਂ ਦੀ ਸਪੈਸ਼ਲ ਟ੍ਰੇਨਿੰਗ
Gurjot Singh Grewal: 437-224-8500 Off:905.673.7979
7542 Bath Rd, Mississauga, ON L4T 1L2

ਪੰਜਾਬੀ ਪੋਸਟ 'ਚ ਸੇਲਜ਼ ਐਗਜ਼ੀਕਿਊਟਵਜ਼ ਦੀ ਲੋੜ
ਤਨਖਾਹ+ ਕਮਿਸ਼ਨ, ਪ੍ਰਤੀ ਸਾਲ 50,000 ਡਾਲਰ, ਆਪਣੀ ਕਾਰ ਹੋਣੀ ਚਾਹੀਦੀ ਹੈ ਅਤੇ ਅੰਗਰੇਜ਼ੀ ਤੇ ਪੰਜਾਬੀ ਬੋਲਣ 'ਚ ਮੁਹਾਰਤ ਹਾਸਿਲ ਹੋਵੇ। ਆਪਣਾ ਬਾਇਓਡਾਟਾ balwinder@punjabi-post.ca ਈਮੇਲ ਆਈਡੀ ਉਤੇ ਭੇਜ ਸਕਦੇ ਹੋ।
ਸੰਪਰਕ: 905-793-2202

PUNJABI POST
NOW HIRING!
SALES EXECUTIVES
Salary $19/hr + Bonus, Must be Sales Skill Master, have own car, fluent in english & punjabi.
Send your resume at: balwinder@punjabipost.ca
Call Punjabi Post: 905.793.2202

SherGill Law Firm
Barrister, Solicitor & Notary Public
Services:
* Real Estate
* Residential, Commercial & Franchise
* Criminal Law
* Family Law
* Affidavit, Power Of Attorney & Notarization
* Immigration Matters
Paramjit Singh Gill (MBA,LL.B.)
Tel: 905-790-3636
2565 Steeles Ave E Unit #20, Brampton, ON L6T 4L6
Emergency Contact: 416.910.5676
www.shergilllawfirm.ca

ਕਰੋਨਿਕ ਲਿਵਰ ਪਰੋਬਲਮ ਦਾ ਸ਼ਰਤੀਆ ਇਲਾਜ਼
—— ਲਿਵਰ ਸਰੋਇਸਿਸ, ਫੈਟੀ ਲਿਵਰ, ਹੈਪਾਟਾਇਟਸ A, B &C ਪੀਲੀਆ
ਹਾਰਟ ਪਰੋਬਲਮ,ਆਰਟਰੀ ਦੀ ਬਲੋਕੇਜ, ਹਾਈ ਬੀ-ਪੀ, ਕੋਲੈਸਟਰੋਲ, ਬਾਇਪਾਸ ਸਰਜਰੀ ਤੋ ਬਚਾਉ
• ਡਿਪਰੈਸ਼ਨ ਦਾ ਸ਼ਰਤੀਆ ਇਲਾਜ਼, ਰਾਤ ਨੂੰ ਨੀਂਦ ਨਾ ਆਉਣਾ, ਘਬਰਾਹਟ ਹੋਣੀ, Anxiety
• ਬੱਚਿਆਂ ਦਾ ਬਿਸਤਰੇ ਤੇ ਪਿਸ਼ਾਬ ਕਰਣਾ, ਬੱਚਿਆਂ ਦਾ ਪੜ੍ਹਾਈ ਵਿਚ ਕਮਜ਼ੋਰ ਹੋਣਾ, ਬਜ਼ੁਰਗਾਂ ਦਾ ਪਿਸ਼ਾਬ ਬਾਰ-ਬਾਰ ਆਉਣਾ
• ਲੇਡੀਜ ਦੀਆਂ ਹਰ ਤਰ੍ਹਾਂ ਦੀਆਂ ਪ੍ਰਾਬਲਮ ਜਿਵੇਂ ਮਹਾਵਾਰੀ ਅਤੇ uterus ਤੇ breast ਦੀਆ ਰਸੌਲੀਆਂ
• ਗਲੁਟਨ ਤੇ ਸਿਜ਼ਨਲ ਐਲਰਜੀ ਅਤੇ ਜਨਾਨਾਂ ਤੇ ਮਰਦਾਂ ਦੀਆਂ ਹਰ ਤਰ੍ਹਾਂ ਦੀ ਬਿਮਾਰੀ ਲਈ
ਬਿਨਾ ਤਕਲੀਫ ਤੋਂ ਸ਼ਰਾਬ ਛਡਣ ਦਾ ਸ਼ਰਤੀਆ ਇਲਾਜ
ਕਾਲ ਕਰੋ: 647-643-7593

# ਹੈਰਾਨੀ ਜਨਕ ਨਵਾਂ ਸਰਵੇ: ਹਰਿਆਣਾ ਵਿੱਚ ਭਾਜਪਾ ਨੂੰ ਉਲਟਫੇਰ ਹੋਣ ਦਾ ਵੱਡਾ ਝਟਕਾ ਲੱਗ ਸਕਦੈ

ਨਵੀਂ ਦਿੱਲੀ, 22 ਅਕਤੂਬਰ, (ਪੋਸਟ ਬਿਊਰੋ)- ਪ੍ਰਸਿੱਧ ਹਿੰਦੀ ਚੈਨਲ ਆਜ ਤਕ ਅਤੇ ਸਰਵੇਖਣ ਏਜੰਸੀ ਐਕਸਿਸ ਮਾਈ ਇੰਡੀਆ ਚੈਨਲ ਵੱਲੋਂਅੱਜ ਮੰਗਲਵਾਰ ਨੂੰ ਪੇਸ਼ ਕੀਤੇ ਗਏ ਐਗਜ਼ਿਟ ਪੋਲ ਦੇ ਮੁਤਾਬਕ ਹਰਿਆਣਾ ਵਿੱਚ ਭਾਜਪਾ ਬਹੁਮਤ ਹਾਸਲ ਕਰਨਤੋਂਪਛੜ ਸਕਦੀ ਹੈ। ਵੱਡੀ ਭਰੋਸੇ ਯੋਗਤਾ ਵਾਲਾ ਮੰਨੇ ਜਾਂਦੇ ਇਸ ਸਰਵੇਦੇ ਮੁਤਾਬਕ ਭਾਜਪਾ ਨੂੰ ਹਰਿਆਣਾ ਵਿੱਚ ਵੱਧ ਤੋਂ ਵੱਧ 44 ਸੀਟਾਂ ਮਿਲ ਸਕਦੀਆਂ ਹਨ ਅਤੇ ਏਥੋਂ ਤੱਕਕਿਹਾ ਗਿਆ ਹੈ ਕਿ ਭਾਜਪਾ ਦੀਆਂ ਸੀਟਾਂ ਦੀ ਗਿਣਤੀ ਘਟ ਕੇ ਮਸਾਂ 32 ਤਕ ਵੀ ਰਹਿ ਸਕਦੀ ਹੈ, ਜੋ ਬਹੁਮਤ ਤੋਂਬਹੁਤ ਹੇਠਾਂ ਹੈ।



ਪਿਛਲੀਆਂ ਕਈ ਚੋਣਾਂ ਤੋਂ ਬਹੁਤ ਅਸਰਦਾਰ ਮੰਨੇ ਜਾਂਦੇ ਰਹੇ ਇਸ ਗਰੁੱਪ ਦੇ ਸਰਵੇਖਣ ਦੇ ਮੁਤਾਬਕ ਕਾਂਗਰਸ ਪਾਰਟੀ ਨੂੰ 30 ਤੋਂ 42 ਸੀਟਾਂ ਮਿਲ ਸਕਦੀਆਂ ਹਨ ਤੇ ਚੌਟਾਲਾ ਪਰਵਾਰ ਤੋਂ ਵੱਖ ਹੋ ਕੇ ਨਵੀਂ ਬਣਾਈ ਗਈ ਜਨਨ-ਾਇਕ ਜਨਤਾ ਪਾਰਟੀ(ਜੇਜੇਪੀ) ਨੂੰ 6 ਤੋਂ 10 ਸੀਟਾਂ ਅਤੇ ਹੋਰਨਾਂ ਧਿਰਾਂ ਨੂੰ 6 ਤੋਂ 10 ਸੀਟਾਂ ਮਿਲ ਸਕਦੀਆਂ ਹਨ।

ਵਰਨਣ ਯੋਗ ਹੈ ਕਿ ਸਾਲ 2014 ਦੀਆਂ ਵਿਧਾਨ ਸਭਾ ਚੋਣਾਂ ਵਿੱਚਨਰਿੰਦਰ ਮੋਦੀ ਲਹਿਰ ਹੇਠਾਂ ਭਾਰਤੀ ਜਨਤਾ ਪਾਰਟੀ ਨੂੰ ਹਰਿਆਣਾ ਦੀਆਂ ਕੁੱਲ 90 ਸੀਟਾਂ ਵਿੱਚੋਂ 47 ਮਿਲੀਆਂ ਸਨ ਅਤੇ ਉਸ ਨੇ ਸਾਧਾਰਨ ਬਹੁਮਤ ਨਾਲ ਸਰਕਾਰ ਬਣਾਈ ਸੀ। ਇਸ ਵਾਰੀ ਵਿਰੋਧੀ ਧਿਰ ਦੀ ਵੰਡ ਹੋਣ ਦੇ ਕਾਰਨ ਇਨੈਲੋ ਨੂੰ ਭਾਰੀ ਨੁਕਸਾਨ ਹੋ ਸਕਦਾ ਹੈ, ਜਿਸ ਨੂੰ ਸਾਲ 2014ਦੀਆਂ ਚੋਣਾਂ ਵਿੱਚ 19 ਸੀਟਾਂ ਮਿਲੀਆਂ ਸਨ।

ਬੀਤੇ ਸੋਮਵਾਰ ਹਰਿਆਣੇ ਦੀਆਂ ਚੋਣਾਂ ਲਈ ਵੋਟਾਂ ਪੈਣ ਪਿੱਛੋਂ ਆਏ ਹੋਰ ਸਾਰੇ ਚੈਨਲਾਂ ਵੱਲੋਂ ਕੀਤੇ ਐਗਜ਼ਿਟ ਪੋਲ ਵਿੱਚ ਭਾਜਪਾ ਨੂੰ ਇਸ ਰਾਜ ਵਿੱਚ 75 ਤਕ ਸੀਟਾਂ ਮਿਲਣ ਦਾ ਅਨੁਮਾਨ ਦਿੱਤਾ ਗਿਆ ਸੀ।ਤਾਜ਼ਾ ਸਰਵੇ ਵਿੱਚ ਭਾਜਪਾ ਨੂੰ ਮਸਾਂ 33 ਫ਼ੀਸਦੀ ਵੋਟਾਂ ਮਿਲਣ ਦਾ ਅਨੁਮਾਨ ਹੈ ਅਤੇ ਕਾਂਗਰਸ ਪਾਰਟੀ ਨੂੰ 32 ਫੀਸਦੀ, ਜੇਜੇ ਪੀ ਨੂੰ 14 ਫ਼ੀਸਦੀ ਅਤੇ ਹੋਰ ਪਾਰਟੀਆਂ ਨੂੰ 21 ਫ਼ੀਸਦੀ ਵੋਟਾਂ ਮਿਲਣ ਦਾ ਨਵਾਂ ਅੰਦਾਜ਼ਾ ਦੱਸਿਆ ਗਿਆ ਹੈ। ਆਜ ਤਕ ਦੇ ਨਵੇਂ ਸਰਵੇ ਮੁਤਾਬਕ ਦਿੱਲੀ ਨਾਲ ਲਗਦੇ ਇਸ ਰਾਜ ਵਿੱਚ ਕਿਸੇ ਵੀ ਪਾਰਟੀ ਨੂੰ ਬਹੁਮਤ ਨਹੀਂ ਮਿਲ ਸਕਦਾ।



ਚੋਣਾਂ ਦੇ ਨਤੀਜੇ ਤੋਂ ਬਾਅਦ ਬਰੈਂਪਟਨ ਈਸਟ ਤੋਂ ਮਨਿੰਦਰ ਸਿੱਧੂ ਦੀ ਜਿੱਤ ਦੇ ਜਸ਼ਨ ਮਨਾਉਂਦੇ ਹੋਏ ਕਰਮਜੀਤ ਸਹੋਤਾ, ਮੇਜਰ ਨੱਤ, ਨਰਿੰਦਰ ਸਿੱਧੂ ਤੇ ਹਰਪਾਲ ਸੰਧੂ।

# ਸੁਖਪਾਲ ਖਹਿਰਾ ਦਾ ਯੂ-ਟਰਨ, ਵਿਧਾਇਕ ਵਜੋਂ ਦਿੱਤਾ ਅਸਤੀਫਾ ਵਾਪਿਸ ਲਿਆ

### * ਸਿਆਸੀ ਵਿਰੋਧੀਆਂ ਵੱਲੋਂ ਤਿੱਖੀ ਚਾਂਦਮਾਰੀ

ਚੰਡੀਗੜ੍ਹ, 22 ਅਕਤੂਬਰ, (ਪੋਸਟ ਬਿਊਰੋ)- ਪਿਛਲੇ ਸਾਲ ਆਪੇ ਖੜੀ ਕੀਤੀ 'ਪੰਜਾਬ ਏਕਤਾ ਪਾਰਟੀ' ਦੇ ਕਾਰਜਕਾਰੀ ਪ੍ਰਧਾਨ ਸੁਖਪਾਲ ਸਿੰਘ ਖਹਿਰਾ ਨੇ ਅੱਜ ਅਚਾਨਕ ਯੂ-ਟਰਨ ਲੈਂਦੇ ਹੋਏ ਵਿਧਾਨ ਸਭਾ ਮੈਂਬਰੀ ਤੋਂ ਦਿੱਤਾ ਅਸਤੀਫਾ ਵਾਪਸ ਲੈ ਲਿਆ ਹੈ। ਉਨ੍ਹਾਂ ਨੇ ਬੀਤੀ 25 ਅਪ੍ਰੈਲ ਨੂੰ ਵਿਧਾਇਕ ਵਜੋਂ ਅਸਤੀਫਾ ਦੇਣ ਦਾ ਐਲਾਨ ਕਰਨ ਦੇ ਨਾਲ ਵੱਖਰੀ ਪਾਰਟੀ ਬਣਾਈ ਸੀ। ਓਦੋਂ ਅਸਤੀਫਾ ਦੇਣ ਵੇਲੇ ਸੁਖਪਾਲ ਸਿੰਘ ਖਹਿਰਾ ਨੇ ਇਹ ਕਿਹਾ ਸੀ ਕਿ ਉਹ ਇਹ ਕਦਮ ਆਪਣੇ ਹਲਕਾ ਭੁਲੱਥ ਦੇ ਲੋਕਾਂ ਨਾਲ ਸਲਾਹ-ਮਸ਼ਵਰਾ ਕਰਨ ਤੋਂ ਬਾਅਦ ਚੁੱਕ ਰਹੇ ਹਨ।

ਸੁਖਪਾਲ ਸਿੰਘ ਖਹਿਰਾ ਦੇ ਨਵੇਂ ਫੈਸਲੇ ਤੋਂ ਬਾਅਦ ਕਈ ਸਿਆਸੀ ਵਿਰੋਧੀਆਂ ਨੇ ਉਸਉੱਤੇ ਤਿੱਖੇ ਹਮਲੇ ਸ਼ੁਰੂ ਕਰ ਦਿੱਤੇ ਹਨ। ਵਿਧਾਨ ਸਭਾ ਦੀਵਿਰੋਧੀ ਧਿਰ ਦੇ ਨੇਤਾ ਤੇ ਆਮ ਆਦਮੀ ਪਾਰਟੀ ਦੇ ਵਿਧਾਇਕ ਹਰਪਾਲ ਸਿੰਘ ਚੀਮਾ ਨੇ ਤੱਤੇ ਘਾਅ ਬਿਆਨ ਦੇ ਦਿੱਤਾ ਹੈ ਕਿ ਅਸਤੀਫਾ ਵਾਪਸ ਲੈਣ ਨਾਲ ਖਹਿਰਾ ਦਾ ਚਿਹਰਾ ਨੰਗਾ ਹੋ ਗਿਆ ਹੈ। ਦੂਜੇ ਪਾਸੇ ਕਾਂਗਰਸਵਿਧਾਇਕ ਫਤਿਹਜੰਗ ਸਿੰਘ ਬਾਜਵਾ ਨੇ ਕਿਹਾ ਕਿ ਜੇਸੁਖਪਾਲ ਸਿੰਘ ਖਹਿਰਾ ਕਾਂਗਰਸ ਵੱਲ ਵਾਪਸੀ ਦੇ ਰਾਹ ਪੈਣ ਤਾਂ ਕੀ ਪਤਾ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਤੇ ਪੰਜਾਬ ਦੇ ਪ੍ਰਧਾਨ ਸੁਨੀਲ ਜਾਖੜ ਕੋਈ ਵਿਚਾਰ ਕਰ ਲੈਣ। ਅਕਾਲੀ ਦਲ ਦੇ ਬੁਲਾਰੇ ਚਰਨਜੀਤ ਸਿੰਘ ਬਰਾੜ ਨੇ ਇਨ੍ਹਾਂ ਅਸਤੀਫਿਆਂ ਬਾਰੇ ਵਿਧਾਨ ਸਭਾ ਸਪੀਕਰ ਰਾਣਾ ਕੇ ਪੀ ਦੀ ਭੂਮਿਕਾ ਉੱਤੇ ਸਵਾਲ ਚੁੱਕੇ ਹਨ। ਇਹ ਦੋਸ਼ ਆਮ ਆਦਮੀ ਪਾਰਟੀ ਵੀ ਲਾ ਚੁੱਕੀ ਹੈ। ਹਲਕਾ ਭੁਲੱਥ ਵਿੱਚ ਸੁਖਪਾਲ ਸਿੰਘ ਖਹਿਰਾ ਨਾਲ ਸਿੱਧੀ ਸਿਆਸੀ ਟੱਕਰ ਲੈਣ ਵਾਲੀ ਬੀਬੀ ਜਗੀਰ ਕੌਰ ਨੇ ਉਸ ਦੇ ਅਸਤੀਫਾ ਵਾਪਸ ਲੈਣ ਦੇ ਫੈਸਲੇ ਉੱਤੇ ਕਹਿ ਦਿੱਤਾ ਹੈ ਕਿ 'ਧੋਬੀ ਦਾ ਕੁੱਤਾ ਨਾ ਘਰ ਦਾ ਰਿਹਾ, ਨਾ ਘਾਟ ਦਾ।'

ਆਪਣਾ ਅਸਤੀਫਾ ਲੈਣ ਦੇ ਕਦਮ ਬਾਰੇ ਸੁਖਪਾਲ ਸਿੰਘ ਖਹਿਰਾ ਨੇ ਕਿਹਾ ਕਿ ਇਹ ਉਸ ਦਾ ਲੋਕਤਾਂਤਰੀ ਹੱਕ ਹੈ ਤੇ ਉਸ ਨੇਹਲਕੇ ਦੇ ਲੋਕਾਂ ਦੀ ਰਾਏ ਨਾਲ ਅਸਤੀਫਾ ਵਾਪਸ ਲਿਆ ਹੈ। ਉਸਨੇ ਕਿਹਾ ਕਿ ਉਹ ਪੰਜਾਬ ਉੱਤੇਇਕ ਹੋਰ ਉੱਪ ਚੋਣ ਦਾ ਬੋਝ ਨਹੀਂ ਪਾਉਣਾ ਚਾਹੁੰਦੇ। ਖਹਿਰਾ ਨੇ ਕਿਹਾ ਕਿ ਅਸਤੀਫਾ ਵਾਪਸ ਲੈ ਕੇ ਉਸਨੇ ਗਲਤ ਨਹੀਂਕੀਤਾ ਤੇ ਅੱਗੇ ਤੋਂਪੰਜਾਬ ਦੀਆਂ ਚੰਗੀਆਂ ਰਾਜਨੀਤਕ ਧਿਰਾਂ ਅਤੇ ਚੰਗੇ ਲੋਕਾਂਨਾਲ ਜੁੜਕੇ ਵੱਡੀਆਂ ਸੱਤਾਧਾਰੀ ਧਿਰਾਂ ਨੂੰ ਚੁਣੌਤੀ ਦੇਣਗੇ। ਉਨ੍ਹਾਂ ਦੇ ਨੇੜ



ਵਾਲੇ ਮੰਨੇ ਜਾਂਦੇ ਲੋਕ ਇਨਸਾਫ ਪਾਰਟੀ ਦੇ ਮੁਖੀ ਵਿਧਾਇਕ ਸਿਮਰਜੀਤ ਸਿੰਘ ਬੈਂਸ ਨੇ ਖਹਿਰਾ ਦੇ ਅਸਤੀਫਾ ਵਾਪਸ ਲੈਣ ਨੂੰ ਉਸ ਦਾ ਨਿੱਜੀ ਫੈਸਲਾ ਦੱਸ ਕੇ ਕਿਹਾ ਕਿ ਆਮ ਆਦਮੀ ਪਾਰਟੀ ਨੇ ਅਜੇ ਉਸ ਨੂੰ ਪਾਰਟੀ ਤੋਂ ਕੱਢਿਆ ਹੀਨਹੀਂ। ਬੈਂਸ ਨੇ ਕਿਹਾ ਕਿ 2022 ਵਿੱਚ ਹਮ-ਖਿਆਲ ਧਿਰਾਂ ਇਕੱਠੇ ਹੋ ਕੇ ਵਿਧਾਨ ਸਭਾ ਚੋਣ ਲੜਨਗੀਆਂ।

ਜਦੋਂ ਸੁਖਪਾਲ ਸਿੰਘ ਖਹਿਰਾ ਨੇ ਵਿਧਾਇਕ ਵਜੋਂ ਅਸਤੀਫਾ ਦਿੱਤਾ ਸੀ ਤਾਂ ਜਿਹੜੇ ਕਾਰਨ ਦੱਸੇ ਸਨ, ਉਨ੍ਹਾਂ ਵਿਚ ਪੰਜਾਬ ਦੀ ਖੁਦਮੁਖਤਿਆਰੀ ਮੁੱਖ ਮੁੱਦਾ ਸੀ। ਉਨ੍ਹਾ ਨੇ ਵਿਧਾਨ ਸਭਾ ਸਪੀਕਰ ਨੂੰ ਦਿੱਤੇ ਅਸਤੀਫੇ ਵਿੱਚ ਵੀ ਕਈ ਕਾਰਨ ਲਿਖੇ ਅਤੇ ਆਮ ਆਦਮੀ ਪਾਰਟੀ ਦੇ ਕਨਵੀਨਰ ਅਰਵਿੰਦ ਕੇਜਰੀਵਾਲ ਨਾਲ ਮਤਭੇਦਾਂ ਦਾ ਖੁਲਾਸਾ ਕਰ ਕੇ ਕੇਜਰੀਵਾਲ ਵੱਲੋਂ ਪੰਜਾਬ ਦੇ ਸਾਬਕਾ ਮੰਤਰੀ ਬਿਕਰਮ ਸਿੰਘ ਮਜੀਠੀਆ ਤੋਂ ਮੰਗੀ ਮਾਫੀ ਦਾ ਵੀ ਜ਼ਿਕਰ ਕੀਤਾ ਸੀ। ਉਨ੍ਹਾਂਕਿਹਾ ਸੀ ਕਿ ਉਹ ਭਰਾਤਰੀ ਸੋਚ ਦੀਆਂ ਪਾਰਟੀਆਂ ਨਾਲ ਜੁੜ ਕੇ ਆਪਣੀ ਨਵੀਂ ਬਣਾਈ ਪਾਰਟੀ ਵੱਲੋਂ ਚੋਣ ਲੜਨ ਵਾਲੇ ਹਨ ਤਾਂ ਕਿ ਪੰਜਾਬ ਵਿੱਚ ਤੀਜਾ ਬਦਲ ਦਿੱਤਾ ਜਾ ਸਕੇ ਅਤੇ ਸਾਲ 2015 ਦੌਰਾਨਹੋਈਆਂ ਬੇਅਦਬੀ ਦੀਆਂ ਘਟਨਾਵਾਂ ਅਤੇ ਗੋਲੀ ਕਾਂਡ ਨਾਲ ਮਾਰੇ ਗਏ ਦੋ ਸਿੱਖਾਂ ਨੂੰ ਇਨਸਾਫ ਨਾ ਮਿਲਣ ਦਾ ਵੀ ਜ਼ਿਕਰ ਕੀਤਾ ਸੀ।

ਅੱਜ ਖਹਿਰਾ ਵੱਲੋਂ ਅਸਤੀਫਾ ਵਾਪਸ ਲੈਣ ਪਿੱਛੋਂ ਆਮ ਆਦਮੀ ਪਾਰਟੀ ਵਿਚ ਉਸ ਦੀ ਵਾਪਸੀ ਦੇ ਕਿਆਫੇ ਲਾਏ ਜਾਣ ਲੱਗੇ ਹਨ। ਜੇ ਆਮ ਆਦਮੀ ਪਾਰਟੀ ਵਿਚ ਵਾਪਸ ਜਾਣ ਤਾਂ ਉਨ੍ਹਾਂ ਦੀ ਵਿਧਾਇਕੀ ਖੁੱਸਣ ਤੋਂ ਬਚਣ ਦਾ ਰਾਹ ਲੱਭ ਸਕਦਾ ਹੈ ਤੇ ਕਈ ਮਾਹਰਾਂ ਮੁਤਾ-ਬਕ ਖਹਿਰਾ ਨੇ ਵਿਧਾਇਕੀ ਬਚਾਉਣ ਲਈ ਏਦਾ ਕੀਤਾ ਹੋਵੇਗਾ। ਆਮ ਆਦਮੀ ਪਾਰਟੀ ਦੇ ਸੂਬਾ ਪ੍ਰਧਾਨ ਭਗਵੰਤ ਮਾਨ ਨੇ ਕੁਝ ਦਿਨ ਪਹਿਲਾਂ ਕਿਹਾ ਸੀ ਕਿ ਅਸੀਂ ਫਿਰ ਇਕ ਮੰਚ ਉੱਤੇਆ ਸਕਦੇ ਹਾਂ। ਉਸ ਦੇ ਮੋੜੇ ਦਾ ਰਾਹ ਖੋਲ੍ਹਣ ਵਿਚ ਉਸਦੇ ਕੁਝ ਸਾਥੀਆਂ ਦਾ ਹੱਥਹੋ ਸਕਦਾ ਹੈ, ਜਿਵੇਂ ਜੈਤੋ ਤੋਂ ਵਿਧਾਇਕ ਮਾਸਟਰ ਬਲਦੇਵ ਸਿੰਘ ਅਤੇ ਗੜ੍ਹਸ਼ੰਕਰ ਤੋਂ ਜੈ ਕਿਸ਼ਨ ਰੋੜੀ ਘਰ ਵਾਪਸੀ ਦੇ ਨਾਂਅ ਹੇਠ ਫਿਰ ਆਮ ਆਦਮੀ ਪਾਰਟੀ ਵਿੱਚ ਚਲੇ ਗਏ ਹਨ।

# ਨਵਜੋਤ ਕੌਰ ਸਿੱਧੂ ਵੱਲੋਂ ਐਲਾਨ: ਅਸੀਂ ਕਾਂਗਰਸ ਛੱਡ ਚੁੱਕੇ ਹਾਂ

ਅੰਮ੍ਰਿਤਸਰ, 22 ਅਕਤੂਬਰ, (ਪੋਸਟ ਬਿਊਰੋ)- ਪੰਜਾਬ ਦੇ ਸਾਬਕਾ ਲੋਕਲ ਬਾਡੀਜ਼ ਮੰਤਰੀ ਅਤੇ ਸੀਨੀਅਰ ਕਾਂਗਰਸੀ ਆਗੂ ਨਵਜੋਤ ਸਿੰਘ ਸਿੱਧੂ ਦੀ ਪਤਨੀ ਨਵਜੋਤ ਕੌਰ ਸਿੱਧੂ ਨੇ ਸਾਫ ਕਹਿ ਦਿੱਤਾ ਹੈ ਕਿ ਉਹ ਕਾਂਗਰਸ ਛੱਡ ਚੁੱਕੇ ਹਨ ਤੇ ਇਸ ਵਕਤ ਉਹ ਕਿਸੇ ਵੀ ਸਿਆਸੀ ਪਾਰਟੀ ਨਾਲ ਸੰਬੰਧ ਨਹੀਂ ਰੱਖਦੇ।

ਪਾਰਲੀਮੈਂਟ ਚੋਣਾਂ ਵਿੱਚ ਪੈਦਾ ਹੋਏ ਮੱਤਭੇਦਾਂ ਪਿੱਛੋਂ ਪੰਜਾਬ ਦੇ ਮੰਤਰੀ ਦਾ ਅਹੁਦਾ ਛੱਡ ਚੁੱਕੇਨਵਜੋਤ ਸਿੰਘ ਸਿੱਧੂ ਅਜੇ ਤੱਕ ਸਿਆਸੀ ਮਾਮਲਿਆਂ ਬਾਰੇ ਬੋਲੇ ਨਹੀਂ ਤੇ ਅੱਜ ਪਹਿਲੀ ਵਾਰ ਮੀਡੀਆ ਸਾਹਮਣੇ ਬੀਬੀ ਨਵਜੋਤ ਕੌਰ ਸਿੱਧੂ ਨੇ ਇਹ ਕਹਿ ਦਿੱਤਾ ਹੈ ਕਿ ਉਹ ਇਸ ਵੇਲੇ ਸਿਰਫ ਸਮਾਜ ਸੇਵੀ ਹਨ। ਹਲਕਾ ਵੇਰਕਾ ਦੇ ਇਕ ਟਿਊਬਵੈੱਲ ਦਾ ਉਦਘਾਟਨ ਕਰਨ ਪਹੁੰਚੀ ਬੀਬੀ ਨਵਜੋਤ ਕੌਰ ਸਿੱਧੂ ਨੇ ਕਿਹਾ ਕਿ ਉਹ ਸਿਰਫ ਸੋਸ਼ਲ ਵਰਕਰ ਹਨ ਅਤੇ ਸਮਾਜ ਸੇਵੀ ਵਜੋਂ ਪੰਜਾਬ ਦੇ ਲੋਕਾਂ ਦੀ ਲੜਾਈ ਜਾਰੀ ਰੱਖਣਗੇ। ਇਸ ਮੌਕੇ ਸਵਾਲਾਂ ਦਾ ਜਵਾਬ ਦਿੰਦੇ ਹੋਏਨਵਜੋਤ ਕੌਰ ਸਿੱਧੂ



ਨੇ ਕਿਹਾ ਕਿਮੁੱਖ ਟੀਚਾ ਅੰਮ੍ਰਿਤਸਰ ਪੂਰਬੀ ਹਲਕੇ ਦਾ ਵਿਕਾਸ ਕਰਨਾ ਹੈ ਤੇ ਉਹ ਇਸ ਹਲਕੇ ਦੀ ਇਕ-ਇਕ ਸੜਕ ਬਣਵਾਉਣਗੇ, ਜਿਸ ਲਈ ਉਨ੍ਹਾਂ ਵਲੋਂ ਮੀਟਿੰਗਾਂ ਜਾਰੀ ਹਨ। ਬੀਬੀ ਸਿੱਧੂ ਨੇ ਕਿਹਾ ਕਿ ਉਹ ਸਿਰਫ ਲੋਕਾਂ ਨੂੰ ਜਵਾਬਦੇਹ ਹਨ ਅਤੇ ਜੇ ਉਨ੍ਹਾਂ ਨੂੰ ਹਲਕੇ ਦੇ ਵਿਕਾਸ ਲਈ ਪੈਸਾ ਨਾ ਮਿਲਿਆ ਤਾਂ ਸਰਕਾਰ ਦੇ ਖਿਲਾਫ ਧਰਨਾ ਲਾਉਣਗੇ। ਆਪਣੇ ਪਤੀ ਨਵਜੋਤ ਸਿੰਘ ਸਿੱਧੂ ਦੇਮੰਤਰੀ ਮੰਡਲ ਤੋਂ ਨਿਕਲਣ ਬਾਰੇ ਉਨ੍ਹਾਂ ਕਿਹਾ ਕਿ ਉਹ ਸੱਚ ਬੋਲਣ ਵਾਲਾ ਬੰਦਾ ਹੈ ਤੇ ਸੱਚ ਬੋਲੇਗਾ, ਕੁਝ ਮੰਤਰੀਆਂ ਨੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਦੇ ਕੰਨ ਭਰੇ ਸਨ, ਜਿਸ ਉੱਤੇ ਮੁੱਖ ਮੰਤਰੀ ਨੇ ਵਿਸ਼ਵਾਸ਼ ਕਰ ਲਿਆ ਸੀ।

ਪੰਜਾਬ ਵਿੱਚ ਆਏ ਹੜ੍ਹਾਂ ਅਤੇ ਬਟਾਲਾ ਪਟਾਕਾ ਫੈਕਟਰੀ ਧਮਾਕੇ ਬਾਰੇ ਨਵਜੋਤ ਸਿੰਘ ਸਿੱਧੂ ਵਲੋਂ ਚੁੱਪ ਰਹਿਣ ਦੇ ਸਵਾਲ ਦਾ ਜਵਾਬ ਉੱਤੇ ਬੀਬੀ ਨਵਜੋਤ ਕੌਰ ਸਿੱਧੂ ਨੇ ਕਿਹਾ ਕਿ ਉਨ੍ਹਾਂ ਦੀ ਸਰਕਾਰ ਵਿਚ ਕੋਈ ਪੁੱਛ-ਪ੍ਰਤੀਤ ਨਹੀਂ ਹੈ, ਜੇ ਉਹ ਸਰਕਾਰ ਤੋਂ ਕੋਈ ਮੰਗ ਕਰਦੇ ਤਾਂ ਮੰਨੀ ਨਹੀਂ ਸੀ ਜਾਣੀ, ਇਸ ਲਈ ਬੋਲਣ ਤੋਂ ਗੁਰੇਜ਼ ਕੀਤਾ ਹੈ। ਕਰਤਾਰਪੁਰ ਲਾਂਘੇ ਬਾਰੇ ਉਨ੍ਹਾਂ ਕਿਹਾ ਕਿ ਵਾਹਿਗੁਰੂ ਦੀ ਮਿਹਰ ਸਦਕਾ ਇਹ ਕੋਰੀਡੋਰ ਖੁੱਲ੍ਹਣ ਲੱਗਾ ਤੇ ਨਾਨਕ ਨਾਮ ਲੇਵਾ ਸੰਗਤ ਦੀ ਅਰਦਾਸ ਕਬੂਲ ਹੋਣ ਲੱਗੀ ਹੈ। ਬੀਬੀ ਸਿੱਧੂ ਨੇ ਕਿਹਾ ਕਿ ਨਵਜੋਤ ਸਿੱਧੂ ਦੋਸਤੀ ਦੇ ਨਾਤੇ ਪਾਕਿਸਤਾਨ ਗਏਤੇ ਉਨ੍ਹਾਂ ਨੇ ਦੋਵਾਂ ਦੇਸ਼ਾਂ ਦੇ ਰਿਸ਼ਤੇ ਸੁਧਾਰਨ ਲਈ ਕਰਤਾਰਪੁਰ ਦਾ ਲਾਂਘਾ ਖੋਲ੍ਹਣ ਦੀ ਸਲਾਹ ਦਿੱਤੀ ਸੀ, ਜਿਹੜੀ ਪੂਰੀ ਹੋ ਰਹੀ ਹੈ।

## ਕਰਤਾਰਪੁਰ ਲਾਂਘੇ ਉੱਤੇ 300 ਫੁੱਟ ਉੱਚਾ ਤਿਰੰਗਾ ਲਹਿਰਾਇਆ ਜਾਵੇਗਾ

ਡੇਰਾ ਬਾਬਾ ਨਾਨਕ, 22 ਅਕਤੂਬਰ (ਪੋਸਟ ਬਿਊਰੋ)- ਭਾਰਤ-ਪਾਕਿ ਕੌਮਾਂਤਰੀ ਸਰਹੱਦ 'ਤੇ ਗੁਰਦੁਆਰਾ ਕਰਤਾਰਪੁਰ ਸਾਹਿਬ ਦੇ ਲਾਂਘੇ ਲਈ ਬਣ ਰਹੇ ਯਾਤਰੀ ਟਰਮੀਨਲ ਵਿੱਚ ਲੈਂਡ ਪੋਰਟ ਅਥਾਰਟੀ ਆਪਣੇ ਕੰਮਾਂ ਨੂੰ ਅੰਤਮ ਛੋਹਾਂ ਦੇਣ ਦੇ ਕੰਮ ਲੱਗੀ ਹੋਈ ਹੈ ਅਤੇ ਇੱਕ-ਇੱਕ ਕਰ ਕੇ ਪੜਾਅ ਵਾਰ ਕੰਮ ਪੂਰਾ ਕੀਤਾ ਜਾ ਰਿਹਾ ਹੈ।

ਅਥਾਰਟੀ ਦੇ ਚੇਅਰਮੈਨ ਗੋਵਿੰਦ ਮੋਹਨ ਦੇ ਦੱਸਣ ਅਨੁਸਾਰ ਗੁਰਦੁਆਰਾ ਸ੍ਰੀ ਕਰਤਾਰਪੁਰ ਸਾਹਿਬ ਲਾਂਘੇ 'ਤੇ ਬਣ ਰਹੇ ਟਰਮੀਨਲ ਦੀ ਦਿੱਖ ਅਤੇ ਸਹੂਲਤਾਂ ਹਵਾਈ ਅੱਡੇ ਵਰਗੀਆਂ ਹੋਣਗੀਆਂ ਤੇ ਇਹ ਦੇਸ਼ ਵਿੱਚ ਅਜਿਹਾ ਪਹਿਲਾ ਮਾਡਲ ਹੋਵੇਗਾ, ਜੋ ਦੇਸ਼-ਵਿਦੇਸ਼ ਵਿੱਚ ਖਿੱਚ ਦਾ ਕੇਂਦਰ ਬਣੇਗਾ। ਟਰਮੀਨਲ ਨੂੰ ਹੋਰ ਦਿਲ ਖਿਚਵਾਂ ਬਣਾਉਣ ਲਈ ਇਥੇ 300 ਫੁੱਟ (91.5 ਮੀਟਰ) ਉੱਚਾ ਤਿਰੰਗਾ ਲਹਿਰਾਉਣ ਦਾ ਕੰਮ ਵੀ ਮੁਕੰਮਲ ਹੋਣ ਦੇ ਨੇੜੇ ਹੈ। ਇਸ 300 ਫੁੱਟ ਉੱਚੇ ਝੰਡੇ ਦਾ ਕੰਮ ਕਰ ਰਹੀ ਕਲਕੱਤਾ ਦੀ ਕੰਪਨੀ ਦੇ ਅਧਿਕਾਰੀ ਰੁਪੇਸ਼ ਰਾਜ ਨੇ ਦੱਸਿਆ ਕਿ ਮੌਸਮ ਦੇ ਪੂਰੇ ਸਾਫ ਹੋਣ ਉਤੇ ਝੰਡੇ ਨੂੰ ਪੰਜ ਕਿਲੋਮੀਟਰ ਦੂਰੋਂ ਵੇਖਿਆ ਜਾ ਸਕੇਗਾ।

## ਚੋਣ ਕਮਿਸ਼ਨ ਨੇ ਵੋਟਾਂ ਵਾਲੇ ਦਿਨ ਦਾਖਾ ਹਲਕੇ ਦਾ ਕੰਟਰੋਲ ਡੀ ਆਈ ਜੀ ਨੂੰ ਸੌਂਪਿਆ

ਲੁਧਿਆਣਾ, 22 ਅਕਤੂਬਰ (ਪੋਸਟ ਬਿਊਰੋ)- ਅਕਾਲੀ ਦਲ ਵੱਲੋਂ ਐੱਸ ਪੀ ਜਗਰਾਓਂ ਦੇ ਖਿਲਾਫ ਕੀਤੀ ਗਈ ਸ਼ਿਕਾਇਤ ਉੱਤੇ ਕਾਰਵਾਈ ਕਰਦੇ ਹੋਏ ਚੋਣ ਕਮਿਸ਼ਨ ਨੇ 21 ਅਕਤੂਬਰ ਨੂੰ ਵਿਧਾਨ ਸਭਾ ਉੱਪ ਚੋਣ ਲਈ ਵੋਟਿੰਗ ਦੇ ਦਿਨ ਹਲਕਾ ਦਾਖਾ ਦਾ ਕੰਟਰੋਲ ਡੀ ਆਈ ਜੀ ਨੂੰ ਸੌਂਪ ਦਿੱਤਾ।

ਵਰਨਣ ਯੋਗ ਕਿ ਹਲਕਾ ਦਾਖਾ ਵਿੱਚ ਦੀ ਉਪ ਚੋਣ ਵਿੱਚ ਅਕਾਲੀ ਦਲ ਦਿਨੋਂ ਪਹਿਲੇ ਹੀ ਕਾਂਗਰਸ ਉਮੀਦਵਾਰ ਉੱਤੇ ਪੁਲਸ ਦੀ ਮਦਦ ਨਾਲ ਧੱਕੇਸ਼ਾਹੀ ਕਰਨ ਦਾ ਦੋਸ਼ ਲਾ ਰਿਹਾ ਸੀ। ਚੋਣ ਜ਼ਾਬਤਾ ਲਾਗੂ ਹੋਣ ਤੋਂ ਇੱਕ ਦਿਨ ਪਹਿਲਾਂ ਇੰਸਪੈਕਟਰ ਪ੍ਰੇਮ ਸਿੰਘ ਨੂੰ ਦਾਖਾ ਦਾ ਐੱਸ ਐੱਚ ਓ ਲਾਏ ਜਾਣ ਦੇ ਮੁੱਦੇ ਉੱਤੇ ਵੀ ਹੰਗਾਮਾ ਹੋਇਆ ਅਤੇ ਚੋਣ ਕਮਿਸ਼ਨ ਨੇ ਐੱਸ ਐੱਚ ਓ ਦੀ ਬਦਲੀ ਕਰਨ ਦਾ ਹੁਕਮ ਦਿੱਤਾ ਸੀ। ਫਿਰ ਵੀ ਅਕਾਲੀ ਦਲ ਦੀ ਸੰਤੁਸ਼ਟੀ ਨਹੀਂ ਹੋਈ। ਇਸ ਪਿੱਛੋਂ ਸਾਬਕਾ ਮੰਤਰੀ ਬਿਕਰਮ ਸਿੰਘ ਮਜੀਠੀਆ ਦੀ ਅਗਵਾਈ ਵਿੱਚ ਸੀਨੀਅਰ ਅਕਾਲੀ ਨੇਤਾਵਾਂ ਨੇ ਐੱਸ ਐੱਸ ਪੀ ਜਗਰਾਓਂ ਸੰਦੀਪ ਗੋਇਲ ਦੇ ਸਾਹਮਣੇ ਅਕਾਲੀ ਵਰਕਰਾਂ 'ਤੇ ਝੂਠੇ ਕੇਸ ਦਰਜ ਕਰਨ ਦਾ ਦੋਸ਼ ਲਾਇਆ ਸੀ। ਅਕਾਲੀ ਦਲ ਦਾ ਦੋਸ਼ ਸੀ ਕਿ ਉਨ੍ਹਾਂ ਦੇ ਵਰਕਰਾਂ ਉੱਤੇ ਦਬਾਅ ਪਾਉਣ ਲਈ ਦੂਸਰੇ ਜ਼ਿਲੇ ਦੀ ਪੁਲਸ ਰਾਹੀਂ ਛਾਪੇ ਮਾਰੇ ਜਾ ਰਹੇ ਹਨ। ਅਕਾਲੀ ਉਮੀਦਵਾਰ ਮਨਪ੍ਰੀਤ ਸਿੰਘ ਇਆਲੀ ਨੇ ਪਰਵਾਰ ਸਣੇ ਗ੍ਰਿਫਤਾਰੀ ਦੇਣ ਦੀ ਪੇਸ਼ਕਸ਼ ਵੀ ਕੀਤੀ ਸੀ। ਅਕਾਲੀ ਦਲ ਵੱਲੋਂ ਕੀਤੀ ਸ਼ਿਕਾਇਤ ਉੱਤੇ ਚੋਣ ਕਮਿਸ਼ਨ ਨੇ ਵੋਟਾਂ ਤੋਂ ਇੱਕ ਦਿਨ ਪਹਿਲਾਂ ਹਲਕਾ ਦਾਖਾ ਵਿੱਚ ਚੋਣਾਂ ਵੇਲੇ ਸੁਰੱਖਿਆ ਪ੍ਰਬੰਧ ਅਤੇ ਕੋਡ ਆਫ ਕੰਡਕਟ ਦਾ ਪਾਲਣ ਕਰਾਉਣ ਦੀ ਜ਼ਿੰਮੇਵਾਰੀ ਡੀ ਆਈ ਜੀ ਨੂੰ ਸੌਂਪਣ ਦਾ ਹੁਕਮ ਦੇ ਦਿੱਤਾ ਸੀ।

## ਪੰਡੋਰੀ ਗੋਲਾ ਬੰਬ ਧਮਾਕਾ ਕੇਸ: ਮੁਲਜ਼ਮਾਂ ਦੀ ਨਿਸ਼ਾਨਦੇਹੀ ਉੱਤੇ ਅਸਲਾ ਮਿਲਣ ਦੀਆਂ ਖਬਰਾਂ, ਪਰ ਅਧਿਕਾਰੀ ਚੁੱਪ

ਤਰਨਤਾਰਨ, 22 ਅਕਤੂਬਰ, (ਪੋਸਟ ਬਿਊਰੋ)- ਪਿਛਲੀ ਚਾਰ ਸਤੰਬਰ ਦੀ ਰਾਤ ਤਰਨ ਤਾਰਨ ਨੇੜਲੇ ਪਿੰਡ ਪੰਡੋਰੀ ਗੋਲਾ ਵਿੱਚ ਹੋਏ ਬੰਬ ਧਮਾਕੇ ਦੀ ਜਾਂਚ ਵਿਚਕਰ ਰਹੀ ਨੈਸ਼ਨਲ ਜਾਂਚ ਏਜੰਸੀ (ਐੱਨ ਆਈਏ) ਦੀ ਇੱਕ ਟੀਮ ਨੇ ਅੱਜ ਸਾਰਾ ਦਿਨ ਇਸ ਸ਼ਹਿਰ ਵਿੱਚ ਗੁਜ਼ਾਰਿਆ ਤੇ ਪਤਾ ਲੱਗਾ ਹੈ ਕਿ ਪੁਲਿਸ ਰਿਮਾਂਡ ਉੱਤੇਲਿਆਂਦੇ ਤਿੰਨ ਜਣਿਆਂ ਗੁਰਜੰਟ ਸਿੰਘ ਜੰਟਾ, ਹਰਜੀਤ ਸਿੰਘ ਹੀਰਾ, ਮਨਦੀਪ ਸਿੰਘ ਮੱਸਾ ਦੀ ਨਿਸ਼ਾਨਦੇਹੀ ਉੱਤੇ ਅਸਲਾ ਬਰਾਮਦ ਕੀਤਾ ਹੈ, ਪਰ ਇਸ ਬਾਰੇ ਜ਼ਿਲ੍ਹੇ ਦੇ ਕਿਸੇ ਵੀ ਅਧਿਕਾਰੀ ਨੇ ਜਾਣਕਾਰੀ ਦੇਣ ਤੋਂ ਮਨ੍ਹਾ ਕਰ ਦਿੱਤਾ ਹੈ।

ਵਰਨਣ ਯੋਗ ਹੈ ਕਿ ਪੰਡੋਰੀ ਗੋਲਾ ਦੇ ਖ਼ਾਲੀ ਪਲਾਟ ਵਿੱਚ ਹੋਏ ਬੰਬ ਧਮਾਕੇ ਵਿੱਚ 4 ਸਤੰਬਰ ਦੀ ਰਾਤ ਵੇਲੇ ਪਿੰਡ ਕੱਦਗਿੱਲ ਦੇ ਵਿਕਰਮਜੀਤ ਸਿੰਘ ਉਰਫ਼ ਵਿੱਕੀ ਅਤੇ ਪਿੰਡ ਬੱਚੜੇ ਦੇ ਹਰਪ੍ਰੀਤ ਸਿੰਘ ਹੈਪੀ ਦੀ ਮੌਕੇ ਉੱਤੇ ਮੌਤ ਹੋ ਗਈ ਅਤੇ ਤੀਸਰਾ ਸਾਥੀ ਗੁਰਜੰਟ ਸਿੰਘ ਜੰਟਾ ਗੰਭੀਰ ਜ਼ਖ਼ਮੀ ਹੋ ਗਿਆ ਸੀ। ਏਥੋਂ ਦੇ ਨਿੱਜੀ ਹਸਪਤਾਲ ਵਿੱਚ ਇੱਕ ਮਹੀਨਾ ਦਾਖ਼ਲ ਰਹਿਣ ਪਿੱਛੋਂ 4 ਅਕਤੂਬਰ ਨੂੰ ਐੱਨ ਆਈਏ ਨੇ ਉਸ ਨੂੰ ਗ੍ਰਿਫਤਾਰ ਕਰ ਲਿਆ ਸੀ। ਇਸ ਕੇਸ ਵਿੱਚ ਪੁਲਿਸ ਨੇ ਕੁੱਲ ਮਿਲਾ ਕੇ 8 ਜਣਿਆਂ ਨੂੰ ਫੜਿਆ ਹੈ, ਜਿਨ੍ਹਾਂ ਵਿੱਚ ਗੁਰਜੰਟ ਸਿੰਘ ਜੰਟਾ, ਅੰਮ੍ਰਿਤਪਾਲ ਸਿੰਘ ਬੱਚੜੇ, ਚੰਨਪ੍ਰੀਤ ਸਿੰਘ ਬਟਾਲਾ, ਮਨਪ੍ਰੀਤ ਸਿੰਘ ਮੁਰਾਦ-ਪੁਰਾ, ਹਰਜੀਤ ਸਿੰਘ ਪੰਡੋਰੀ ਗੋਲਾ, ਮਲਕੀਤ ਸਿੰਘ ਕੋਟਲਾ ਗੁੱਜਰ, ਅਮਰਜੀਤ ਸਿੰਘ ਫਤਹਿਗੜ੍ਹ ਚੂੜੀਆਂ, ਮਨਦੀਪ ਸਿੰਘ ਉਰਫ਼ ਮੱਸਾ ਸ਼ਾਮਲ ਦੱਸੇ ਜਾਂਦੇ ਹਨ।ਐੱਨ ਆਈਏ ਨੇ ਪੁਲਿਸ ਰਿਮਾਂਡ ਉੱਤੇ ਲਏ ਹਰਜੀਤ ਸਿੰਘ ਹੀਰਾ, ਮਨਦੀਪ ਸਿੰਘ ਮੱਸਾ ਅਤੇ ਗੁਰਜੰਟ ਸਿੰਘ ਜੰਟਾ ਨੂੰ ਮੰਗਲਵਾਰ ਸਵੇਰੇ ਤਰਨਤਾਰਨ ਲਿਆਂਦਾ ਤਾਂ ਪੰਜਾਬ ਪੁਲਿਸ ਦੀਆਂ ਤਿੰਨ ਗੱਡੀਆਂ ਉੱਤੇਪਹੁੰਚੀ ਐੱਨ ਆਈਏ ਟੀਮ ਨੇ ਸਭ ਤੋਂ ਪਹਿਲਾਂ ਬੰਬ ਧਮਾਕੇ ਵਾਲੀ ਥਾਂ ਦਾ ਦੌਰਾ ਕੀਤਾ ਅਤੇ ਹਰਜੀਤ ਸਿੰਘ ਹੀਰਾ ਦਾ ਘਰ, ਜਿੱਥੇ ਧਮਾਕੇ ਤੋਂਇਕ ਘੰਟਾ ਪਹਿਲਾਂ ਮੀਟਿੰਗ ਹੋਈ ਸੀ, ਵਿੱਚ ਜਾਂਚ ਕੀਤੀ, ਜਿੱਥੋਂ ਟੀਮ ਦੇ ਹੱਥ ਕੋਈ ਖਾਸ ਸੁਰਾਗ ਲੱਗੇ ਸੁਣੀਂਦੇ ਹਨ।ਐੱਨ ਆਈਏਟੀਮ ਪਿੰਡ ਬੱਚੜੇ ਵੀ ਗਈ ਤੇ ਤਿੰਨਾਂ ਦੋਸ਼ੀਆਂ ਦੀ ਨਿਸ਼ਾਨਦੇਹੀ ਉੱਤੇ ਅਸਲਾ ਬਰਾਮਦ ਕੀਤਾ ਦੱਸਿਆ ਗਿਆ ਹੈ, ਜਿਸ ਬਾਰੇ ਕਿਸੇ ਵੀ ਅਧਿਕਾਰੀ ਨੇ ਕੋਈ ਜਾਣਕਾਰੀ ਨਹੀਂ ਦਿੱਤੀ। ਸ਼ਾਮ ਨੂੰ ਪਿੰਡ ਦੀਨੇਵਾਲ ਵਿਚਐੱਨ ਆਈਏ ਟੀਮ ਨੇ ਛਾਪਾ ਮਾਰਿਆ ਸੁਣੀਂਦਾ ਹੈ। ਫੜੇ ਗਏ ਦੋਸ਼ੀਆਂ ਵਿੱਚੋਂ ਮਨਦੀਪ ਸਿੰਘ ਮੱਸਾ ਪਿੰਡ ਦੀਨੇਵਾਲ ਦਾ ਪੰਚਾਇਤ ਮੈਂਬਰ ਹੈ, ਜਿਸ ਨੇ 'ਕਰ ਭਲਾ, ਹੋ ਭਲਾ' ਨਾਂ ਦੀ ਸੰਸਥਾ ਬਣਾਈ ਹੋਈ ਹੈ, ਜਿਸ ਦੇ ਰਾਹੀਂ ਵਿਦੇਸ਼ਾਂਤੋਂ ਫੰਡਿੰਗ ਹੋਣ ਦੀ ਗੱਲ ਸਾਹਮਣੇ ਆਈ ਹੈ। ਹਰਜੀਤ ਸਿੰਘ ਹੀਰਾ ਦੇ ਪਰਿਵਾਰਦੇ ਬੈਂਕ ਖਾਤਿਆਂ ਰਾਹੀਂ ਵਿਦੇਸ਼ੀ ਫੰਡਿੰਗ ਹੋਣ ਦੀ ਇਕ ਮਹੀਨਾ ਪਹਿਲਾਂ ਪੁਸ਼ਟੀ ਹੋ ਗਈ ਸੀ। ਐਸਐਸਪੀ ਧਰੁਵ ਦਹੀਆ ਦਾ ਕਹਿਣਾ ਹੈ ਕਿ ਪੰਡੋਰੀ ਗੋਲਾ ਕੇਸ ਦੀ ਜਾਂਚ ਐੱਨ ਆਈਏ ਕੋਲ ਹੈ, ਜਿਸ ਨੂੰ ਸਹਿਯੋਗ ਦੇਣਾ ਸਥਾਨਕ ਪੁਲਿਸ ਦਾ ਫ਼ਰਜ਼ ਹੈ, ਪਰ ਜਾਂਚ ਦੌਰਾਨ ਕੁਝ ਕਹਿਣਾ-ਦੱਸਣਾ ਮੁਨਾਸਬ ਨਹੀਂ।




**Paramjit Deol** Broker **CELL: 416-993-7378**
7071 Airport Rd, Suit 201, Mississauga, ON

1. For top dollars, fast sale, Call Paramjit Deol
2. New listings urgently needed in your area.
3. Qualified buyers waiting!!
4. Sell your Property in 60 days guaranteed.
5. Low commission packages available

Century 21 Leading Edge Realty Ltd Brokerage* Independently Owned and Operated.
Tel:905-405-8484
www.paramjitdeol.com
Email: pdeol3@yahoo.ca



**Your neighborhood broker, Call Paramjit Deol Today**


**MISSISSAUGA $975**


**Tranmere Dr E.:** Office Space For Lease, 2nd Floor Office, One Office W/ Huge Receptionist Area, Small Kitchen. All Utilities Are Included In Monthly Rent, Great Location, Close To All Major Hwys, Great Traffic Flow, Surrounded By Commercial & Industrial Area.

**WOODSTOCK $2,000**
Photo Not Available
**27 Dundas St. :** Unit For Lease In Prime Location In Woodstock, Approx 1500 Sq Ft, Very Busy Area, High Traffic Flow Street, Many Uses Available, Brand New Building, Recently Finished Construction, Parking Available, Close To Hwy 401 & More...

**SOUTH DUNDAS $3,000**

**23 Plaza Dr:** Commercial Unit For Lease, Former Bmo Bank For Past 50 Years. Approx 4500 Sq Ft. Many Uses Available, Located In A Huge Plaza W/ Great Anchor Tenants, Such As Lcbo, Rbc Bank, Circle K, Foodland & Tons More, Tons Of Parking, Very Low Rent.

**MISSISSAUGA $59,000**

**1224 Dundas St W:** Turn Key Operation, Be Your Own Boss Today, Well Established Hair Salon & Barber Shop Situated In A Very Busy Plaza Located In A Prestige Area Of Erindale Woodlands, Thousands Spent On Renovations, 6 Hair Stations, 2 Shampoo Station...


**CHATHAM-KENT $65,000**

**Chittim/Blenheim:** Excellent Opportunity For Investors & 1st Time Buyers, Excellent Location, Low Maintenance, Close To Downtown & New To Hwy 401, Currently Tenanted Property, Low Maintenance Fee. Tenants Willing To Stay To Leave, Very

**TORONTO $79,000**
Photo Not Available
**1308 St Clair Ave W :** Turn Key Operation. Be Your Own Boss Today!!! Excellent Dry Cleaning Business. Sales Are 15K-17K Per Month, Low Rent About $2,360/Mo. Including Base, Tmi, Hst. Long Lease 4+5. Well Established Dry Cleaning With Neighborhood/Triple

**HAMILTON $99,000**
Photo Not Available
**77 James St N.:** Deli & Lounge Available In Hamilton City Centre Mall Serving Breakfast, Lunch, Brunch & Dinner. Very Busy Mall And Excellent Location Takeaway. Rent $3766 Including Tmi With Daily Foot Traffic And Customers, Busy Location...

**MISSISSAUGA $149,000**

**17 Tannery St :** Well Established Franchise Pizzeria, Located In Downtown Of Mississauga (Streetsville) Fantastic Location, Great Clientele, Very Busy Area, Great Exposure, Lots Of Fast Traffic, High Volume Sales Of $8000 Per Week, Very Low Rent $2800


**MISSISSAUGA $169,900**

**7215 Goreway Dr.:** Attention Investors!! Great Opportunity To Own A Unit In A Very Busy Plaza, Fully Constructed For Barber Shop Or Hair Salon, 3 Stations, Great Exposure And High Traffic Flow Daily Right Beside Fit4Less, Walmart, Freshco, Shoppers


**BRAMPTON $199,000**
Photo Not Available
**10970 Bramalea Rd:** Fantastic Opportunity In The Heart Of Brampton, Very Busy Restaurant Available , Excellent Location And Repeat Clientele , You Will Not Be Disappointed . $30,000-35,000 Sale Per Month $4900 Including Tmi Flexible Business


**BRAMPTON $259,000**
Photo Not Available
**470 cHrYSLER dr:** Turn Key Operation. Fine Dine Indian Restaurant Located In A Very Busy & Well Established Plaza, Recently Fully Renovated, 80 Seats, Fully Equipped Kitchen. Sales Are 80K-90K Per Month, Very Low Rent Of $6000 Per Month

**BRAMPTON $299,000**

**23 Plaza Dr.:** Commercial Unit For Sale, Former Bmo Bank For Past 50 Years. Approx. 4500 Sq Ft, Freehold Unit Which Means No Condo Fees. Many Uses Available, Great Investment Opportunity, Located In A Huge Plaza With Great Anchor Tenants, Such As

**MISSISSAUGA $499,000**

**5100 Erin Mills Pkwy 2E220:** Well-Established Franchise Location Of Trade Secrets Beauty Salon. In Business For Many Years, One Of The Best Franchises Around The World The Famous Trade Secrets Is Very Profitable, Turn Key Operation, Located

**BRANTFORD $499,000**

**693 Colborne St W.:** Land For Sale! Amazing Opportunity For Investors, 1.4 Acres Land Huge Frontage Of 321.81 Facing Colborne St W, Many Uses Allowed Some Are Veterinary Clinic, Nursery & Garden Centre, Medical Marijuana Productions Facility Car Wash

**MISSISSAUGA $615,000**

**7680 Benavon Rd:** Beautifully Kept Semi-Detached Home In One Of Malton's Prime Areas. Large 3 Bedrooms On 2nd Floor, Basement Is Finished With Separate Entrance. Excellent Opportunity For Investors.

**BRAMPTON $655,000**

**32 Tollgate St:** Beautiful Townhouse In Prestigious Golf Courses & Park Community! Modern Open Concept. Bright Spacious Model Finished Living Space, 3 Bedroom & 4 Bathroom Featuring A Master Ensuite. Minutes From 410, Mall, Transit, Schools &

*Canadian punjabi post assumes no responsibility for the accuracy of any information shown. Copyright Ppost 2019

## ਸ਼ੋਕ ਸਮਾਚਾਰ

### ਸਕਾਰਬਰੋ ਤੋਂ ਕੁੰਦਨ ਸਿੰਘ ਦੀ ਅਚਨਚੇਤ ਮੌਤ ਨਾਲ ਸੋਗ ਦੀ ਲਹਿਰ



ਸਕਾਰਬਰੋ ਨਿਵਾਸੀ ਕੁੰਦਨ ਸਿੰਘ ਬੜੇ ਲੰਬੇ ਸਮੇਂ ਤੋਂ ਬਿਮਾਰੀ ਨਾਲ ਜੂਝਦਿਆਂ ਬੀਤੇ ਐਤਵਾਰ ਪੈਸਟਰਨ ਹਸਪਤਾਲ ਵਿਖੇ ਦਮ ਤੋੜ ਗਏ ਹਨ। ਕੁੰਦਨ ਸਿੰਘ 1972 ਤੋਂ ਨਵਾਂ ਗਰਾਓਂ ਪਿੰਡ ਤੋਂ ਚੱਲ ਕੇ ਕੈਨੇਡਾ ਆਣ ਵਸੇ ਸਨ। ਬੜੇ ਲੰਬੇ ਸਮੇਂ ਤੋਂ ਸਕਾਰਬਰੋ ਨੂੰ ਉਨ੍ਹਾਂ ਨੇ ਆਪਣਾ ਘਰ ਬਣਾਇਆ। ਇਥੇ ਹੀ ਰਹਿੰਦਿਆਂ ਉਨ੍ਹਾਂ ਨੇ ਸਕਾਰਬਰੋ ਗੁਰਦੁਆਰਾ ਸਾਹਿਬ, ਗੁਰੂ ਗੋਬਿੰਦ ਸਿੰਘ ਚਿਲਡਰਨ ਫਾਊਂਡੇਸ਼ਨ ਤੇ ਸਕਾਰਬਰੋ ਦੇ ਇਲਾਕੇ 'ਚ ਪੰਜਾਬੀ ਭਾਈਚਾਰੇ ਵਲੋਂ ਆਯੋਜਿਤ ਵੱਖ-ਵੱਖ ਖੇਡ ਮੇਲਿਆਂ ਤੇ ਹੋਰ ਗਤੀਵਿਧੀਆਂ 'ਚ ਆਪਣਾ ਪੂਰਾ ਯੋਗਦਾਨ ਪਾਇਆ। ਕੁੰਦਨ ਸਿੰਘ ਦੇ ਅੰਤਿਮ ਸਸਕਾਰ ਦਿਨ ਵੀਰਵਾਰ 24 ਅਕਤੂਬਰ ਨੂੰ 11 ਵਜੇ ਤੋਂ ਲੈ ਕੇ 1 ਵਜੇ ਤੱਕ ਬਰੈਂਪਟਨ ਕ੍ਰੈਮੀਟੋਰੀਅਮ ਤੇ ਵਿਜੀਟੇਸ਼ਨ ਸੈਂਟਰ ਵਿਖੇ ਹੋਣਗੇ। ਇਸ ਤੋਂ ਬਾਅਦ ਸਕਾਰਬਰੋ ਗੁਰਦੁਆਰਾ ਸਾਹਿਬ ਵਿਖੇ ਜਿਥੇ ਉਨ੍ਹਾਂ ਨਮਿਤ ਰੱਖੇ ਪਾਠ ਦੇ ਭੋਗ ਪਾਏ ਜਾਣਗੇ, ਉਥੇ ਹੀ ਉਨ੍ਹਾਂ ਦੀ ਆਤਮਿਕ ਸ਼ਾਂਤੀ ਲਈ ਅੰਤਿਮ ਅਰਦਾਸ ਵੀ ਸਕਾਰਬਰੋ ਗੁਰਦੁਆਰਾ ਸਾਹਿਬ ਵਿਖੇ ਹੀ ਹੋਵੇਗੀ। ਜਿਸ ਦਾ ਸਮਾਂ 3 ਵਜੇ ਤੋਂ ਲੈਕੇ 4 ਵਜੇ ਤੱਕ ਹੋਵੇਗਾ। ਪਰਿਵਾਰ ਨਾਲ ਦੁੱਖ 'ਚ ਸ਼ਰੀਕ ਹੋਣ ਲਈ ਹਰਦੇਵ ਸਿੰਘ ਸਮਰਾ ਨਾਲ 416-873-4507 ਨੰਬਰ 'ਤੇ ਸੰਪਰਕ ਕੀਤਾ ਜਾ ਸਕਦਾ ਹੈ ਜਾਂ ਕੁੰਦਨ ਸਿੰਘ ਦੇ ਨਿੱਜੀ ਨੰਬਰ 'ਤੇ ਵੀ ਸੰਪਰਕ ਕੀਤਾ ਜਾ ਸਕਦਾ ਹੈ, ਜੋ ਇਸ ਸਮੇਂ ਪਰਿਵਾਰ ਕੋਲ ਹੈ।

## ਮਨੀ ਲਾਂਡਰਿੰਗ ਕੇਸ: ਲਾਅ ਅਫਸਰ ਦੀ ਗੈਰ ਮੌਜੂਦਗੀ ਉੱਤੇ ਨਾਰਾਜ਼ ਕੋਰਟ ਨੇ ਕਿਹਾ: ਲੁਕਣਮੀਟੀ ਨਾ ਖੇਡੋ

ਨਵੀਂ ਦਿੱਲੀ, 22 ਅਕਤੂਬਰ (ਪੋਸਟ ਬਿਊਰੋ)- ਕਰਨਾਟਕ ਕਾਂਗਰਸ ਦੇ ਨੇਤਾ ਡੀ ਕੇ ਸ਼ਿਵਕੁਮਾਰ ਨਾਲ ਜੁੜੇ ਹੋਏ ਮਨੀ ਲਾਂਡਰਿੰਗ ਕੇਸ ਵਿੱਚ ਲਾਅ ਅਫਸਰ ਨੇ ਕੱਲ੍ਹ ਦੇਰ ਨਾਲ ਆਉਣ ਦੇ ਕਾਰਨ ਕੋਰਟ ਤੋਂ ਮੁਆਫੀ ਮੰਗੀ। ਇਸ ਤੋਂ ਪਹਿਲਾਂ ਜਸਟਿਸ ਸੁਰੇਸ਼ ਕੈਤ ਨੇ ਇਨਫੋਰਸਮੈਂਟ ਡਾਇਰੈਕਟੋਰੇਟ (ਈ ਡੀ) ਵੱਲੋਂ ਕਾਨੂੰਨੀ ਅਧਿਕਾਰੀ ਦੇ ਹਾਜ਼ਰ ਨਾ ਰਹਿਣ 'ਤੇ ਫਿਟਕਾਰ ਲਾਈ। ਇਸ ਉੱਤੇ ਈ ਡੀ ਦੇ ਵਕੀਲ ਨੇ ਅਪੀਲ ਕੀਤੀ ਕਿ ਅਫਸਰ ਦਿੱਲੀ ਦੀ ਰਾਊਜ ਐਵੇਨਿਊ ਅਦਾਲਤ ਵਿੱਚ ਹੈ ਅਤੇ ਇਥੋਂ ਤੱਕ ਪਹੁੰਚਣ ਦੇ ਲਈ 30 ਮਿੰਟ ਦਾ ਸਮਾਂ ਦੇਣ।

ਇਸ ਮੌਕੇ ਜਸਟਿਸ ਕੈਤ ਬੋਲੇ, ਤੁਸੀਂ ਅਦਾਲਤ ਨਾਲ ਲੁਕਣਮੀਟੀ ਨਾ ਖੇਡੋ। ਇਹ ਬਰਦਾਸ਼ਤ ਨਹੀਂ ਹੋ ਸਕਦਾ ਕਿ ਅਦਾਲਤ ਇੰਤਜ਼ਾਰ ਕਰੇ। ਵਧੀਕ ਸਾਲਿਸਿਟਰ ਜਨਰਲ ਕੇ ਐੱਮ ਨਟਰਾਜ ਦੀ ਗੈਰ ਮੌਜੂਦਗੀ ਦੇ ਕਾਰਨ ਅਦਾਲਤ ਨੇ ਜ਼ਮਾਨਤ ਅਰਜ਼ੀ ਉਤੇ ਹੁਕਮ ਰਾਖਵਾਂ ਰੱਖ ਲਿਆ। ਈ ਡੀ ਨੂੰ ਕੋਰਟ ਨੇ ਇਸ ਕੇਸ ਵਿੱਚ 19 ਅਕਤੂਬਰ ਤੱਕ ਲਿਖਤੀ ਵਿੱਚ ਆਪਣਾ ਪੱਖ ਰੱਖਣ ਲਈ ਕਿਹਾ। ਇਸ ਦੇ ਥੋੜ੍ਹੀ ਦੇਰ ਬਾਅਦ ਏ ਐਸ ਜੀ ਨਟਰਾਜ ਕੋਰਟ ਪਹੁੰਚੇ ਅਤੇ ਦੇਰ ਨਾਲ ਆਉਣ ਦੀ ਮੁਆਫੀ ਮੰਗੀ। ਤਦ ਕੋਰਟ ਸੁਣਵਾਈ ਲਈ ਤਿਆਰ ਹੋ ਗਈ।

ਵਰਨਣ ਯੋਗ ਹੈ ਕਿ ਈ ਡੀ ਨੇ ਮਨੀ ਲਾਂਡਰਿੰਗ ਕੇਸ ਵਿੱਚ ਸ਼ਿਵ ਕੁਮਾਰ ਨੂੰ ਤਿੰਨ ਸਤੰਬਰ ਨੂੰ ਗ੍ਰਿਫਤਾਰ ਕੀਤਾ ਸੀ। ਹਿਰਾਸਤ ਖਤਮ ਹੋਣ ਦੇ ਬਾਅਦ ਉਨ੍ਹਾਂ ਨੇ ਨਿਆਇਕ ਹਿਰਾਸਤ ਵਿੱਚ ਤਿਹਾੜ ਜੇਲ੍ਹ ਭੇਜ ਦਿੱਤਾ ਗਿਆ ਸੀ।

## ਪੰਜ ਹਜ਼ਾਰ ਬੱਚਿਆਂ ਨੇ ਕੀਤੇ ਜਪੁਜੀ ਸਾਹਿਬ ਦੇ ਪਾਠ

### 550ਵੇਂ ਪ੍ਰਕਾਸ਼ ਪੁਰਬ ਨੂੰ ਸਮਰਪਤ ਸਮਾਗਮ



ਅੰਮ੍ਰਿਤਸਰ, 22 ਅਕਤੂਬਰ (ਗਿਆਨ ਸਿੰਘ): ਸ੍ਰੀ ਨਾਨਕ ਦੇਵ ਜੀ ਦੇ 550ਵੇਂ ਪ੍ਰਕਾਸ਼ ਪੁਰਬ ਨੂੰ ਸਮਰਪਿਤ ਸ੍ਰੀ ਗੁਰੂ ਹਰਿਕ੍ਰਿਸ਼ਨ ਸਾਹਿਬ ਦੇ ਗੁਰਤਾਗੱਦੀ ਦਿਵਸ ਮੌਕੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਵੱਖ-ਵੱਖ ਸਕੂਲਾਂ ਦੇ ਬੱਚਿਆਂ ਨੂੰ ਗੁਰਬਾਣੀ ਜਾਪ ਨਾਲ ਜੋੜਨ ਦਾ ਇਕ ਵਿਸ਼ੇਸ਼ ਉਪਰਾਲਾ ਕੀਤਾ ਗਿਆ। ਇਸ ਤਹਿਤ ਸ਼੍ਰੋਮਣੀ ਕਮੇਟੀ ਦੇ ਸਕੂਲਾਂ 'ਚ ਪੜ੍ਹਦੇ ਵਿਦਿਆਰਥੀਆਂ ਨੇ ਵੱਖ-ਵੱਖ ਗੁਰਮਤਿ ਸਮਾਗਮਾਂ ਦੌਰਾਨ ਜਪੁਜੀ ਸਾਹਿਬ ਦੇ ਪਾਠ ਕਰਕੇ ਅਰਦਾਸ ਕੀਤੀ। ਮਾਝਾ ਖੇਤਰ ਵਿਚ ਪੈਂਦੇ ਸਕੂਲਾਂ ਦਾ ਸਮਾਗਮ ਗੁਰਦੁਆਰਾ ਸ੍ਰੀ ਮੰਜੀ ਸਾਹਿਬ ਦੀਵਾਨ ਹਾਲ ਵਿਖੇ ਹੋਇਆ, ਜਿਸ ਵਿਚ ਪੰਜ ਹਜ਼ਾਰ ਤੋਂ ਵੱਧ ਵਿਦਿਆਰਥੀ ਸ਼ਾਮਲ ਹੋਏ। ਸਮਾਗਮ ਦੌਰਾਨ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਭਾਈ ਗੋਬਿੰਦ ਸਿੰਘ ਲੌਂਗੋਵਾਲ ਨੇ ਹਾਜ਼ਰ ਬੱਚਿਆਂ ਨੂੰ ਸੰਬੋਧਨ ਕਰਦਿਆਂ ਪ੍ਰੇਰਣਾ ਕੀਤੀ ਕਿ ਸਚਿਆਰ ਬਣਨ ਲਈ ਗੁਰਬਾਣੀ ਦਾ ਵੱਡਾ ਮਹੱਤਵ ਹੈ ਅਤੇ ਸਾਨੂੰ ਗੁਰਬਾਣੀ ਜਾਪ ਨਾਲ ਜੁੜਨਾ ਚਾਹੀਦਾ ਹੈ। ਉਨ੍ਹਾਂ ਕਿਹਾ ਕਿ ਸ੍ਰੀ ਗੁਰੂ ਨਾਨਕ ਦੇਵ ਜੀ ਦੇ 550ਵੇਂ ਪ੍ਰਕਾਸ਼ ਪੁਰਬ ਨੂੰ ਸਮਰਪਿਤ ਘੱਟੋ-ਘੱਟ ਜਪੁਜੀ ਸਾਹਿਬ ਦਾ ਪਾਠ ਸਭ ਨੂੰ ਜ਼ਬਾਨੀ ਯਾਦ ਕਰਨਾ ਚਾਹੀਦਾ ਹੈ। ਉਨ੍ਹਾਂ ਨੇ ਸ਼੍ਰੋਮਣੀ ਕਮੇਟੀ ਦੇ ਡਾਇਰੈਕਟੋਰੇਟ ਸਿੱਖਿਆ ਵੱਲੋਂ ਕੀਤੇ ਗਏ ਉਪਰਾਲੇ ਦੀ ਸ਼ਲਾਘਾ ਕੀਤੀ ਅਤੇ ਕਿਹਾ ਕਿ ਸ਼੍ਰੋਮਣੀ ਕਮੇਟੀ ਦੇ ਪ੍ਰਚਾਰਕਾਂ ਵੱਲੋਂ 550ਵੇਂ ਪ੍ਰਕਾਸ਼ ਪੁਰਬ ਨੂੰ ਸਮਰਪਿਤ ਵੱਧ ਤੋਂ ਵੱਧ ਸਕੂਲਾਂ ਵਿਚ ਗੁਰਬਾਣੀ ਕੰਠ ਕਰਨ ਦੀ ਪ੍ਰੇਰਣਾ ਲਈ ਭੇਜਿਆ ਜਾਵੇਗਾ। ਇਸ ਮੌਕੇ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਦੇ ਗ੍ਰੰਥੀ ਸਿੰਘ ਸਾਹਿਬ ਗਿਆਨੀ ਬਲਵਿੰਦਰ ਸਿੰਘ ਨੇ ਵੀ ਵਿਚਾਰ ਸਾਂਝੇ ਕੀਤੇ।

ਇਸ ਮੌਕੇ ਹੋਰਨਾਂ ਤੋਂ ਇਲਾਵਾ ਸ਼੍ਰੋਮਣੀ ਕਮੇਟੀ ਦੇ ਸਕੱਤਰ ਅਵਤਾਰ ਸਿੰਘ ਸੈਂਪਲਾ, ਮਹਿੰਦਰ ਸਿੰਘ ਆਹਲੀ, ਸਹਾਇਕ ਡਾਰਿਕੈਟਰ ਬੀਬੀ ਸਤਵੰਤ ਕੌਰ, ਮੀਤ ਸਕੱਤਰ ਨਿਸ਼ਾਨ ਸਿੰਘ, ਦਰਸ਼ਨ ਸਿੰਘ ਪੀ.ਏ., ਪ੍ਰਿੰਸੀਪਲ ਦਿਲਬਾਗ ਸਿੰਘ, ਪ੍ਰਿੰਸੀਪਲ ਤਰਨਜੀਤ ਸਿੰਘ ਆਦਿ ਮੌਜੂਦ ਸਨ।

## ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਵਿਖੇ ਨਤਮਸਤਕ ਹੋਏ 84 ਦੇਸ਼ਾਂ ਦੇ ਰਾਜਦੂਤ

### ਰਾਜਦੂਤਾਂ ਦੀ ਅਗਵਾਈ ਭਾਰਤ ਦੇ ਸ਼ਹਿਰੀ ਵਿਕਾਸ ਰਾਜ ਮੰਤਰੀ ਹਰਦੀਪ ਸਿੰਘ ਪੁਰੀ ਨੇ ਕੀਤੀ





ਅੰਮ੍ਰਿਤਸਰ, 22 ਅਕਤੂਬਰ (ਗਿਆਨ ਸਿੰਘ): ਦਿੱਲੀ ਸਥਿਤ ਵੱਖ-ਵੱਖ ਦੂਤਾਘਰਾਂ ਦੇ 84 ਰਾਜਦੂਤਾਂ ਨੇ ਅੱਜ ਮਾਨਵਤਾ ਦੇ ਅਧਿਆਤਮਿਕ ਕੇਂਦਰ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਦੇ ਦਰਸ਼ਨ ਦੀਦਾਰ ਕੀਤੇ। ਇਥੇ ਪੁੱਜਣ 'ਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਭਾਈ ਗੋਬਿੰਦ ਸਿੰਘ ਲੌਂਗੋਵਾਲ ਨੇ ਉਨ੍ਹਾਂ ਦਾ ਸਵਾਗਤ ਕੀਤਾ। ਰਾਜਦੂਤਾਂ ਦੀ ਅਗਵਾਈ ਭਾਰਤ ਦੇ ਸ਼ਹਿਰੀ ਵਿਕਾਸ ਬਾਰੇ ਰਾਜ ਮੰਤਰੀ ਸ. ਹਰਦੀਪ ਸਿੰਘ ਪੁਰੀ ਵੱਲੋਂ ਕੀਤੀ ਗਈ, ਜਦਕਿ ਆਈ.ਸੀ.ਸੀ.ਆਰ. ਦੇ ਮੁਖੀ ਸ੍ਰੀ ਵਿਨੇ ਸਹਸਰਬੁੱਧੇ ਵੀ ਉਨ੍ਹਾਂ ਦੇ ਨਾਲ ਸਨ। ਸ੍ਰੀ ਦਰਬਾਰ ਸਾਹਿਬ ਵਿਖੇ ਪਹਿਲੀ ਵਾਰ ਵੱਡੀ ਗਿਣਤੀ ਵਿਚ ਪੁੱਜੇ ਰਾਜਦੂਤਾਂ ਦੀ ਇਹ ਫੇਰੀ ਸ੍ਰੀ ਗੁਰੂ ਨਾਨਕ ਦੇਵ ਜੀ ਦੇ 550ਵੇਂ ਪ੍ਰਕਾਸ਼ ਪੁਰਬ ਨੂੰ ਸਮਰਪਿਤ ਰਹੀ। ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਵਿਖੇ ਨਤਮ-ਸਤਕ ਹੋਣ ਤੋਂ ਪਹਿਲਾਂ ਰਾਜਦੂਤਾਂ ਨੇ ਪਲਾਜ਼ਾ ਦੇ ਜ਼ਮੀਨਦੋਜ ਹਿੱਸੇ ਵਿਚ ਬਣੇ ਵਿਆਖਿਆ ਕੇਂਦਰ ਵਿਖੇ ਸਿੱਖ ਇਤਿਹਾਸ ਸਬੰਧੀ ਜਾਣਕਾਰੀ ਹਾਸਲ ਕੀਤੀ। ਇਸ ਦੌਰਾਨ ਉਨ੍ਹਾਂ ਨੇ ਸ੍ਰੀ ਗੁਰੂ ਰਾਮਦਾਸ ਲੰਗਰ ਵਿਖੇ ਸ਼ਰਧਾ ਨਾਲ ਪ੍ਰਸ਼ਾਦਾ ਛਕਿਆ ਅਤੇ ਸ੍ਰੀ ਅਕਾਲ ਤਖ਼ਤ ਸਾਹਿਬ ਵਿਖੇ ਵੀ ਨਤਮਸਤਕ ਹੋਏ। ਸ਼੍ਰੋਮਣੀ ਕਮੇਟੀ ਵੱਲੋਂ ਰਾਜਦੂਤਾਂ ਦੀ ਆਮਦ ਨੂੰ ਲੈ ਕੇ ਵਿਸ਼ੇਸ਼ ਪ੍ਰਬੰਧ ਕੀਤੇ ਗਏ ਸਨ, ਜਿਸ ਤਹਿਤ ਮੁਲਾਜ਼ਮਾਂ ਵੱਲੋਂ ਪਰਕਰਮਾਂ ਅੰਦਰ ਕਤਾਰਾਂ ਵਿਚ ਖਲੋ ਕੇ ਸਵਾਗਤ ਕੀਤਾ ਗਿਆ।

ਇਸੇ ਦੌਰਾਨ ਸ਼੍ਰੋਮਣੀ ਕਮੇਟੀ ਵੱਲੋਂ ਪ੍ਰਧਾਨ ਭਾਈ ਗੋਬਿੰਦ ਸਿੰਘ ਲੌਂਗੋਵਾਲ, ਜਨਰਲ ਸਕੱਤਰ ਗੁਰਬਚਨ ਸਿੰਘ ਕਰਮੂੰਵਾਲਾ, ਅੰਤ੍ਰਿੰਗ ਮੈਂਬਰ ਭਾਈ ਮਨਜੀਤ ਸਿੰਘ, ਮੁੱਖ ਸਕੱਤਰ ਡਾ. ਰੂਪ ਸਿੰਘ, ਮੈਂਬਰ ਭਾਈ ਰਾਜਿੰਦਰ ਸਿੰਘ ਮਹਿਤਾ, ਭਾਈ ਰਾਮ ਸਿੰਘ, ਭਗਵੰਤ ਸਿੰਘ ਸਿਆਲਕਾ, ਸਕੱਤਰ ਮਹਿੰਦਰ ਸਿੰਘ ਆਹਲੀ ਨੇ ਸ੍ਰੀ ਦਰਬਾਰ ਸਾਹਿਬ ਦੇ ਬਾਹਰ ਪਲਾਜ਼ਾ ਵਿਖੇ ਇਕ ਵਿਸ਼ੇਸ਼ ਪੰਡਾਲ ਤਿਆਰ ਕਰਕੇ ਰਾਜਦੂਤਾਂ ਦਾ ਸਨਮਾਨ ਕੀਤਾ। ਇਸ ਮੌਕੇ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਭਾਈ ਗੋਬਿੰਦ ਸਿੰਘ ਲੌਂਗੋਵਾਲ ਨੇ ਸਵਾਗਤੀ ਸ਼ਬਦਾਂ ਵਿਚ ਕਿਹਾ ਕਿ ਇਹ ਬੇਹੱਦ ਖ਼ਾਸ ਮੌਕਾ ਹੈ, ਜਦੋਂ ਪੂਰੀ ਦੁਨੀਆਂ ਦੇ ਪ੍ਰਮੁੱਖ ਦੇਸ਼ਾਂ ਦੇ ਰਾਜਦੂਤ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਵਿਖੇ ਪੁੱਜੇ ਹਨ। ਇਸ ਨਾਲ ਆਪਸੀ ਭਾਈਚਾਰਕ ਸਾਂਝ ਅਤੇ ਮਿਲਵਰਤਨ ਦਾ ਇਕ ਸੁਨੇਹਾ ਪੂਰੀ ਦੁਨੀਆਂ ਅੰਦਰ ਫੈਲੇਗਾ।

ਇਸ ਮੌਕੇ ਕੇਂਦਰੀ ਮੰਤਰੀ ਹਰਦੀਪ ਸਿੰਘ ਪੁਰੀ ਨੇ ਆਖਿਆ ਕਿ 550ਵੇਂ ਪ੍ਰਕਾਸ਼ ਪੁਰਬ ਨੂੰ ਸਮਰਪਿਤ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਵਿਖੇ ਰਾਜਦੂਤਾਂ ਨੂੰ ਲਿਆਉਣ ਦਾ ਮੰਤਵ ਗੁਰੂ ਸਾਹਿਬ ਦੇ ਸਾਂਝੀਵਾਲਤਾ ਦੇ ਸੰਦੇਸ਼ ਅਤੇ ਵਿਸ਼ਵ ਸ਼ਾਂਤੀ ਦੇ ਸਰੋਕਾਰਾਂ ਨੂੰ ਉਭਾਰਨਾ ਹੈ। ਇਸ ਮੌਕੇ ਸ਼੍ਰੋਮਣੀ ਕਮੇਟੀ ਦੇ ਸਕੱਤਰ ਮਨਜੀਤ ਸਿੰਘ ਬਾਠ, ਅਵਤਾਰ ਸਿੰਘ ਸੈਂਪਲਾ, ਪ੍ਰਤਾਪ ਸਿੰਘ, ਕੁਲਵਿੰਦਰ ਸਿੰਘ ਰਮਦਾਸ, ਮੈਨੇਜਰ ਮੁਖਤਾਰ ਸਿੰਘ, ਡਿਪਟੀ ਕਮਿਸ਼ਨਰ ਸ਼ਿਵਦੁਲਾਰ ਸਿੰਘ ਢਿੱਲੋਂ, ਪੁਲਿਸ ਕਮਿਸ਼ਨਰ ਸੁਖਚੈਨ ਸਿੰਘ ਆਦਿ ਮੌਜੂਦ ਸਨ।

## ਦਿੱਲੀ ਦਾ ਓਡ-ਈਵਨ: ਮੁੱਖ ਮੰਤਰੀ ਤੇ ਮੰਤਰੀਆਂ ਦੇ ਵੀ ਚਲਾਨ ਕੱਟੇ ਜਾਣਗੇ

ਨਵੀਂ ਦਿੱਲੀ, 22 ਅਕਤੂਬਰ (ਪੋਸਟ ਬਿਊਰੋ)- ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਨੇ ਕਿਹਾ ਹੈ ਕਿ ਸਕੂਲੀ ਵਰਦੀ ਵਿੱਚ ਬੱਚਿਆਂ ਨੂੰ ਲਿਜਾਣ ਵਾਲੀਆਂ ਪ੍ਰਾਈਵੇਟ ਮੋਟਰ ਗੱਡੀਆਂ ਨੂੰ ਓਡ-ਈਵਨ ਯੋਜਨਾ ਤੋਂ ਛੋਟ ਮਿਲੇਗੀ। ਉਕਤ ਯੋਜਨਾ ਚਾਰ ਤੋਂ 15 ਨਵੰਬਰ ਤੱਕ ਲਾਗੂ ਰਹੇਗੀ। ਕੱਲ੍ਹ ਇਥੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕੇਜਰੀਵਾਲ ਨੇ ਕਿਹਾ ਕਿ ਅਜਿਹੀਆਂ ਮੋਟਰ ਗੱਡੀਆਂ ਨੂੰ ਸਿਰਫ ਸਕੂਲੀ ਸਮੇਂ ਦੌਰਾਨ ਸੜਕਾਂ 'ਤੇ ਚੱਲਣ ਦੀ ਆਗਿਆ ਹੋਵੇਗੀ। ਨਿਯਮਾਂ ਦੀ ਉਲੰਘਣਾ ਕਰਨ ਉੱਤੇ ਚਾਰ ਹਜ਼ਾਰ ਰੁਪਏ ਜੁਰਮਾਨਾ ਹੋਵੇਗਾ। ਪਹਿਲਾਂ ਇਹ ਜੁਰਮਾਨਾ ਦੋ ਹਜ਼ਾਰ ਰੁਪਏ ਸੀ। ਕੇਜਰੀਵਾਲ ਨੇ ਕਿਹਾ ਕਿ ਐਮਰਜੈਂਸੀ ਸੇਵਾ ਵਾਲੀਆਂ ਮੋਟਰ ਗੱਡੀਆਂ ਨੂੰ ਇਸ ਤੋਂ ਛੋਟ ਮਿਲੇਗੀ। ਰਾਸ਼ਟਰਪਤੀ, ਉਪ ਰਾਸ਼ਟਰਪਤੀ, ਪ੍ਰਧਾਨ ਮੰਤਰੀ, ਲੋਕ ਸਭਾ ਸਪੀਕਰ, ਰਾਜ ਸਭਾ ਦੇ ਡਿਪਟੀ ਚੇਅਰਮੈਨ, ਗਵਰਨਰ, ਸੁਪਰੀਮ ਕੋਰਟ ਅਤੇ ਦਿੱਲੀ ਹਾਈ ਕੋਰਟ ਦੇ ਮੁੱਖ ਜੱਜਾਂ ਅਤੇ ਹੋਰ ਜੱਜਾਂ ਨੂੰ ਵੀ ਇਸ ਯੋਜਨਾ ਤੋਂ ਛੋਟ ਦਿੱਤੀ ਗਈ ਹੈ। ਉਨ੍ਹਾਂ ਕਿਹਾ ਕਿ ਮੇਰੇ ਸਮੇਤ ਦਿੱਲੀ ਦੇ ਸਭ ਮੰਤਰੀਆਂ ਉੱਤੇ ਇਹ ਯੋਜਨਾ ਲਾਗੂ ਹੋਵੇਗੀ, ਉਲੰਘਣਾ ਕਰਨ 'ਤੇ ਸਾਡਾ ਵੀ ਚਲਾਨ ਹੋਵੇਗਾ। ਕੇਜਰੀਵਾਲ ਨੇ ਕਿਹਾ ਕਿ ਇਹ ਯੋਜਨਾ ਸਵੇਰੇ ਅੱਠ ਵਜੇ ਤੋਂ ਰਾਤ ਅੱਠ ਵਜੇ ਤੱਕ ਲਾਗੂ ਰਹੇਗੀ। ਐਤਵਾਰ ਇਹ ਯੋਜਨਾ ਲਾਗੂ ਨਹੀਂ ਹੋਵੇਗੀ। ਹੋਰ ਰਾਜਾਂ ਤੋਂ ਦਿੱਲੀ ਆਉਣ ਵਾਲੀਆਂ ਸਭ ਮੋਟਰ ਗੱਡੀਆਂ ਉੱਤੇ ਵੀ ਇਹ ਯੋਜਨਾ ਲਾਗੂ ਹੋਵੇਗੀ। ਯੋਜਨਾ ਤੋਂ ਦੋ ਪਹੀਆ ਵਾਹਨਾਂ ਨੂੰ ਛੋਟ ਦਿੱਤੀ ਗਈ ਹੈ।


## ਸਾਊਂਡ ਐਂਡ ਲਾਈਟ ਸ਼ੋਅ ਨੇ ਹਜ਼ਾਰਾਂ ਦਰਸ਼ਕਾਂ ਨੂੰ ਰੂਹਾਨੀਅਤ ਦੇ ਰੰਗ 'ਚ ਰੰਗਿਆ




ਮੋਗਾ, 22 ਅਕਤੂਬਰ (ਗਿਆਨ ਸਿੰਘ): ਸ੍ਰੀ ਗੁਰੂ ਨਾਨਕ ਦੇਵ ਜੀ ਦੇ 550ਵੇਂ ਪ੍ਰਕਾਸ਼ ਪੁਰਬ ਨੂੰ ਸਮਰਪਿਤ ਸਥਾਨਕ ਆਈ.ਐਸ.ਐਫ਼ ਕਾਲਜ ਨੇੜੇ ਖੁੱਲ੍ਹੇ ਮੈਦਾਨ ਵਿੱਚ ਆਯੋਜਿਤ ਕੀਤੇ ਗਏ ਡਿਜੀਟਲ ਮੋਬਾਈਲ ਮਿਊਜ਼ੀਅਮ ਅਤੇ ਲਾਈਟ ਐਂਡ ਸਾਊਂਡ ਸ਼ੋਅ ਦੀ ਅੱਜ ਸਮਾਪਤੀ ਹੋ ਗਈ। ਸ੍ਰੀ ਗੁਰੂ ਨਾਨਕ ਦੇਵ ਜੀ ਦੇ ਜੀਵਨ ਅਤੇ ਉਨ੍ਹਾਂ ਦੀਆਂ ਸਿੱਖਿਆਵਾਂ ਬਾਰੇ ਜਾਣੂ ਕਰਾਉਣ ਲਈ ਤਿੰਨ ਦਿਨ ਤੱਕ ਆਯੋਜਿਤ ਕੀਤੇ ਗਏ ਇਸ ਸਮਾਗਮ ਨੂੰ 8,000 ਤੋਂ ਵਧੇਰੇ ਲੋਕਾਂ ਨੇ ਦੇਖਿਆ। ਆਧੁਨਿਕ ਤਕਨੀਕ ਨਾਲ ਲਿਬਰੇਜ਼ ਡਿਜ਼ੀਟਲ ਮਿਊਜ਼ੀਅਮ ਅਤੇ ਲਾਈਟ ਐਂਡ ਸ਼ੋਆਂ ਦੇ ਸਫ਼ਲ ਆਯੋਜਨ ਨਾਲ ਮੋਗਾ ਸਹਿਰ ਅਤੇ ਨਾਲ ਲੱਗਦੇ ਪਿੰਡਾਂ ਦੀ ਸੰਗਤ ਪੂਰੀ ਤਰ੍ਹਾਂ ਰੂਹਾਨੀਅਤ ਦੇ ਰੰਗ ਵਿੱਚ ਰੰਗੀ ਗਈ ਅਤੇ ਦਰਸ਼ਕਾਂ ਨੇ ਪੰਜਾਬ ਸਰਕਾਰ ਦੇ ਇਸ ਉੱਦਮ ਦੀ ਭਰਪੂਰ ਸ਼ਲਾਘਾ ਕੀਤੀ।

ਅੱਜ ਦੇ ਆਯੋਜਨਾਂ ਦੌਰਾਨ ਸਵੇਰੇ 6.30 ਵਜੇ ਤੋਂ ਲੈ ਕੇ ਸ਼ਾਮ 6.00 ਵਜੇ ਤੱਕ ਡਿਜ਼ੀਟਲ ਅਜਾਇਬਘਰ ਨੂੰ 1,868 ਲੋਕਾਂ ਨੇ ਦੇਖਿਆ, ਜਦਕਿ ਸ਼ਾਮ ਨੂੰ ਦਿਖਾਏ ਗਏ ਲਾਈਟ ਐਂਡ ਸਾਊਂਡ ਸ਼ੋਅਜ਼ ਵਿੱਚ ਵੀ ਸੰਗਤ ਨੇ ਭਰਵੀਂ ਸ਼ਿਰਕਤ ਕੀਤੀ। ਦੱਸਣਯੋਗ ਹੈ ਕਿ ਪਹਿਲੇ ਦਿਨ ਅਤੇ ਦੂਜੇ ਦਿਨ ਵੀ 4,500 ਤੋਂ ਵਧੇਰੇ ਲੋਕਾਂ ਨੇ ਡਿਜੀਟਲ ਮਿਊਜ਼ੀਅਮ ਅਤੇ ਇਨ੍ਹਾਂ ਸ਼ੋਅਜ਼ ਨੂੰ ਦੇਖਿਆ ਸੀ ਅਤੇ ਸ੍ਰੀ ਗੁਰੂ ਨਾਨਕ ਦੇਵ ਜੀ ਨਾਲ ਸੰਬੰਧਤ ਜੀਵਨ ਬਿਰਤਾਂਤ ਤੇ ਉਨ੍ਹਾਂ ਦੀਆਂ ਸਿੱਖਿਆਵਾਂ ਨੂੰ ਜਾਣਿਆ ਸੀ।

ਡਿਪਟੀ ਕਮਿਸ਼ਨਰ ਸ੍ਰੀ ਸੰਦੀਪ ਹੰਸ ਨੇ ਇਸ ਤਿੰਨ ਦਿਨ ਚੱਲੇ ਸਮਾਗਮ ਨੂੰ ਸਫ਼ਲ ਕਰਨ ਲਈ ਸੰਗਤ, ਅਧਿਕਾਰੀਆਂ ਅਤੇ ਵੱਖ-ਵੱਖ ਧਿਰਾਂ ਦਾ ਧੰਨਵਾਦ ਕੀਤਾ। ਉਨ੍ਹਾਂ ਕਿਹਾ ਕਿ ਸਾਡੇ ਜੀਵਨ ਨੂੰ ਅਧਿਆਤਮਕਤਾ ਨਾਲ ਜੋੜਨ ਵਾਲਾ ਇਹ ਪ੍ਰਵਾਹ ਪੰਜਾਬ ਦੇ ਵੱਖ-ਵੱਖ ਸ਼ਹਿਰਾਂ ਵਿੱਚ ਫ਼ਰਵਰੀ 2020 ਤੱਕ ਇਸੇ ਤਰ੍ਹਾਂ ਚੱਲਦਾ ਰਹੇਗਾ। ਉਨ੍ਹਾਂ ਇਸ ਆਯੋਜਨ ਲਈ ਪੰਜਾਬ ਸਰਕਾਰ ਦਾ ਵੀ ਧੰਨਵਾਦ ਕੀਤਾ। ਉਨ੍ਹਾਂ ਦੱਸਿਆ ਕਿ ਇਸ ਤੋਂ ਇਲਾਵਾ ਮਿਤੀ 3 ਅਤੇ 4 ਨਵੰਬਰ ਨੂੰ ਸਰਕਾਰੀ ਪ੍ਰਾਇਮਰੀ ਸਕੂਲ ਚੱਕ ਬਾਹਮਣੀਆਂ, ਤਹਿਸੀਲ ਧਰਮਕੋਟ ਨੇੜੇ ਸਤਲੁਜ ਦਰਿਆ ਵਿੱਚ ਵੀ ਫਲੋਟਿੰਗ ਲਾਈਟ ਐਂਡ ਸਾਊਂਡ ਸ਼ੋਅ ਕਰਵਾਇਆ ਜਾਵੇਗਾ। ਉਨ੍ਹਾਂ ਜ਼ਿਲ੍ਹਾ ਵਾਸੀਆਂ ਨੂੰ ਅਪੀਲ ਕੀਤੀ ਕਿ ਉਹ ਇਸ ਆਯੋਜਨ ਦਾ ਵੀ ਵੱਧ ਤੋਂ ਵੱਧ ਲਾਭ ਲੈਣ।



ਬਰਾੜ ਗਰਾਜ ਡੋਰ



ਅਸੀਂ Repair ਕਰਦੇ ਹਾਂ:
Broken Springs
Cables & Rollers
Garage Door Openers



We Install
Garage Door Openers

• ਕਾਲ ਕਰੋ: 416-357-4082 •

ਹਵਾਈ ਸਫਰ ਨੂੰ ਸੁਹਾਵਨਾ ਤੇ ਸੁਰੱਖਿਅਤ ਬਣਾਓ ਤੇ ਸਾਡੀ TRAVEL INSURANCE ਦੀ ਮੁਹਾਰਤ ਦਾ ਫਾਇਦਾ ਉਠਾਓ




JF Insurance Agency Group Inc.
Specialized in Hospital and Medical Insurance for Visitors, Canadian Travellers and International Students since 1992

Join and Represent Us

- VISITOR TO CANADA INSURANCE
- TRAVEL OUT INSURANCE
- INTERNATIONAL STUDENT INSURANCE
- OTHER INSURANCE PRODUCTS

905-707-1512
905-707-1513
Molly@jfgroup.ca
Toronto Head Office:
15 wertheim court # 501
Richmond Hill, ON L4B 3H7

APEX
CONCRETE & LANDSCAPE
RESIDENTIAL & COMMERCIAL

Add Value to your Home by Offering Beautiful High Quality Landscaping and Concrete Work at an Affordable Prize

FREE ESTIMATE
Limited Life Time Warranty

- STAMP CONCRETE
- PLAIN CONCRETE
- STEPS/SIDE ENTRANCE
- INTERLOCK
- LAND SCAPE
- SODING
- DRIVEWAY
- SIDEWALK
- PATIO



Laddi



647-575-6102
Email: apexconstruc16@gmail.com

KARTAR FURNITURE




ਫਰਨੀਚਰ ਦੀ ਦੁਨੀਆ ਦਾ ਇੱਕੋ ਇੱਕ ਟਿਕਾਊ ਨਾਮ

ਕਰਤਾਰ ਫਰਨੀਚਰ

- ਅਸੀਂ ਸੋਫਾ ਸੈੱਟ ਖੁੱਦ ਹੱਥੀ ਤਿਆਰ ਕਰਦੇ ਹਾਂ
- ਕਸਟਮਰ ਆਪਣੀ ਪਸੰਦ ਦੇ ਸਪਰਿੰਗ, ਫੇਬਰਿਕ ਅਤੇ ਡਿਜਾਇਨ ਦੱਸ ਸਕਦੇ ਹਨ
- ਪੁਰਾਣੇ ਸੋਫਿਆਂ ਤੇ ਡਾਇਨਿੰਗ ਚੇਅਰ ਨੂੰ ਹਾਰਡ ਫੋਮ ਭਰਕੇ ਨਵਾਂ ਬਣਾਓ

Email: kartarfurnitue@live.com

Call Rajinder Singh 416.741.9657
69 Westmore Dr. #20
Etobicoke ON, M9V 3Y6



# ਸੰਪਾਦਕੀ

## ਚੋਣਾਂ 2019: ਕੈਨੇਡਾ ਅਤੇ ਅੰਖਡਤਾ?

2019 ਦੀਆਂ ਫੈਡਰਲ ਚੋਣਾਂ ਦੇ ਨਤੀਜੇ ਇੱਕ ਗੱਲ ਸਿੱਧ ਕਰਦੇ ਹਨ ਕਿ ਅੱਜ ਕੈਨੇਡਾ ਵਾਸੀ ਟੁੱਟੀ ਤਿੜਕੀ ਸਿਆਸੀ ਵਿਚਾਰਧਾਰਾ ਨੂੰ ਪ੍ਰਣਾਏ ਹੋਏ ਹਨ। ਚੋਣਾਂ ਨੇ ਸਿੱਧ ਕੀਤਾ ਹੈ ਕਿ ਕੈਨੇਡੀਅਨ ਪਬਲਿਕ ਦੇ ਮਨ ਵਿੱਚ ਗੁੱਸਾ ਅਤੇ ਨਿਰਾਸ਼ਾ ਹੈ ਜਿਸ ਕਾਰਣ ਉਹ ਵੇਖ ਨਹੀਂ ਸਕੇ ਕਿ ਇੱਕ ਸਿਆਸੀ ਪਾਰਟੀ ਨਾਲੋਂ ਦੂਜੀ ਕੋਲ ਕਿਹੜੀ ਵਿਚਾਰਧਾਰਾ ਬਿਹਤਰ ਹੋ ਸਕਦੀ ਹੈ। ਚੋਣ ਪ੍ਰਚਾਰ ਦੇ ਦਿਨਾਂ ਵਿੱਚ ਕੈਨੇਡੀਅਨ ਪੰਜਾਬੀ ਪੋਸਟ ਦੇ ਸੰਪਾਦਕੀਆਂ ਵਿੱਚ ਇਹ ਗੱਲ ਕਈ ਵਾਰ ਦੁਹਰਾਈ ਗਈ ਕਿ ਇਸ ਵਾਰ ਸਿਆਸੀ ਪਾਰਟੀਆਂ ਦਾ ਧਿਆਨ ਮੁਲਕ ਦੇ ਸ਼ਹਿਰੀਆਂ ਉੱਤੇ ਕੇਂਦਰਿਤ ਹੋਣ ਦੀ ਥਾਂ ਖੁਦ ਦੀ ਖੁਸ਼ਾਮਦ ਅਤੇ ਵਿਰੋਧੀਆਂ ਦੇ ਨੁਕਸਾਂ ਉੱਤੇ ਹੀ ਟਿਕਿਆ ਰਿਹਾ ਹੈ। ਸਿਆਸੀ ਪਾਰਟੀਆਂ ਨੇ ਜਿਵੇਂ ਧਾਰ ਹੀ ਲਿਆ ਸੀ ਕਿ ਅਸੀਂ ਆਪੋ ਆਪਣੇ ਸੈਕਟਰਾਂ ਅਤੇ ਪਸੰਦਦੀਦਾ ਹਲਕਿਆਂ ਉੱਤੇ ਹੀ ਜ਼ੋਰ ਦੇਵਾਂਗੇ।

ਸਿੱਟੇ ਵਜੋਂ ਅਸੀਂ ਵੇਖਿਆ ਕਿ ਲਿਬਰਲ ਪਾਰਟੀ ਦਾ ਸੈਸਕੈਚਵਨ ਅਤੇ ਅਲਬਰਟਾ ਵਿੱਚੋਂ ਉੱਕਾ ਹੀ ਸਫ਼ਾਇਆ ਹੋ ਗਿਆ ਜਿੱਥੇ ਸਾਰੀਆਂ ਸੀਟਾਂ ਟੋਰੀਆਂ ਨੇ ਜਿੱਤ ਲਈਆਂ। ਕਿਉਬਿੱਕ ਵਿੱਚ ਬਲਾਕ ਕਿਊਬੇਕਾ 32 ਸੀਟਾਂ ਨੇ ਐਨ ਡੀ ਪੀ (1) ਨੂੰ ਕਲੀਨ ਬੋਲਡ ਕਰ ਦਿੱਤਾ ਹੈ ਜਦੋਂ ਕਿ ਲਿਬਰਲ 35 ਸੀਟਾਂ ਨਾਲ ਮਸਾਂ ਇੱਜ਼ਤ ਬਚਾ ਕੇ ਨਿਕਲੇ ਹਨ। ਕੰਜ਼ਰਵੇਟਿਵਾਂ ਨੂੰ ਲੈ ਦੇ ਕੇ 10 ਸੀਟਾਂ ਹਾਸਲ ਹੋਈਆਂ ਹਨ। ਉਂਟੇਰੀਓ ਵਿੱਚ ਦਿਹਾਤੀ ਇਲਾਕਿਆਂ ਨੂੰ ਛੱਡ ਕੇ ਟੋਰਾਂਟੋ ਅਤੇ ਗਰੇਟਰ ਟੋਰਾਂਟੋ ਏਰੀਆ ਵਿੱਚੋਂ ਟੋਰੀਆਂ ਦਾ ਸਫਾਇਆ ਹੋਣਾ ਦੱਸਦਾ ਹੈ ਕਿ ਕੈਨੇਡੀਅਨ ਕਿਸ ਹੱਦ ਤੱਕ ਇੱਕ ਪਾਸੜ ਸਿਆਸੀ ਸੋਚ ਦੇ ਸ਼ਿਕਾਰ ਹੋ ਕੇ ਵੋਟਾਂ ਭੁਗਤੇ ਹਨ। ਟੋਰਾਂਟੋ ਅਤੇ ਜੀ ਟੀ ਏ ਦੀਆਂ 54 ਸੀਟਾਂ ਵਿੱਚੋਂ ਲਿਬਰਲਾਂ ਨੇ 49 ਜਿੱਤੀਆਂ ਹਨ। ਇਸ ਖਿੱਤੇ ਆਧਾਰਿਤ ਵੋਟ ਬੈਂਕ ਦਾ ਨੁਕਸਾਨ ਇਹ ਹੈ ਕਿ ਉਮੀਦਵਾਰਾਂ ਦੇ ਨੁਕਸ ਨਹੀਂ ਵੇਖੇ ਜਾਂਦੇ ਸਗੋਂ ਅੰਨ੍ਹੇ ਹੋ ਕੇ ਵੋਟ ਪਾਈ ਜਾਂਦੀ ਹੈ।

ਪਾਰਟੀ ਲਾਈਨ ਪਿੱਛੇ ਲੱਗ ਕੇ ਅੰਨ੍ਹੇ ਵਾਹ ਵੋਟ ਪਾਉਣੀ ਖਤਰਨਾਕ ਹੈ ਕਿਉਂਕਿ ਕੈਨੇਡਾ ਇੱਕ ਅਖੰਡ ਮੁਲਕ ਹੈ ਨਾ ਕਿ ਸਿਆਸੀ ਜਮਾਤਾਂ ਦੀ ਸੋਚ ਨੂੰ ਪ੍ਰਣਾਏ ਹੋਏ ਅੱਡੋ ਪਾਟੀ ਹੋਏ ਇਲਾਕਿਆਂ ਦਾ ਸਮੂਹ। ਕੈਨੇਡਾ ਦੀ ਅਖੰਡਤਾ ਨੂੰ ਲੈ ਕੇ ਉੱਠਿਆ ਸੁਆਲ ਸੱਭ ਤੋਂ ਵੱਧ ਗੰਭੀਰ ਸੁਆਲ ਹੈ ਜਿਸ ਵੱਲ ਚੋਣ ਪ੍ਰਚਾਰ ਤੋਂ ਹੰਭ ਹਾਰ ਕੇ ਬੈਠੇ ਸਿਆਸਤਦਾਨਾਂ ਅਤੇ ਮੀਡੀਆ ਦਾ ਹਾਲੇ ਧਿਆਨ ਨਹੀਂ ਜਾ ਰਿਹਾ। ਇਹਨਾਂ ਚੋਣਾਂ ਨੇ ਦੁਰਭਾਗਵੱਸ ਪੱਛਮ ਅਤੇ ਪੂਰਬ ਦੇ ਪਾੜੇ ਨੂੰ ਹੋਰ ਵੀ ਉੱਭਰਿਆ ਹੈ।

ਹੁਣ ਅਗਲੇ ਚਾਰ ਸਾਲ ਲਈ ਕੈਨੇਡੀਅਨਾਂ ਨੂੰ ਘੱਟ ਗਿਣਤੀ ਸਰਕਾਰ ਦੇ ਲਟਕਿਆਂ ਝਟਕਿਆਂ ਨਾਲ ਦੋ ਹੱਥ ਚਾਰ ਹੋਣਾ ਪਵੇਗਾ। ਬਹੁ-ਗਿਣਤੀ ਐਮ ਪੀ, ਬੇਸ਼ੱਕ ਉਹ ਕਿਸੇ ਪਾਰਟੀ ਦੇ ਹੋਣ, ਸਰਕਾਰ ਡੇਗਣ ਦਾ ਹੀਆ ਇਸ ਲਈ ਨਹੀਂ ਕਰਨਗੇ ਮਤੇ ਉਹਨਾਂ ਨੂੰ 6 ਸਾਲਾਂ ਬਾਅਦ ਲੱਗਣ ਵਾਲੀ ਪੈਨਸ਼ਨ ਦੀ ਫੱਟੀ ਪੋਚੀ ਜਾਵੇ। ਆਪਣੀ ਪੈਨਸ਼ਨ ਲਈ ਦੇਸ਼ ਦੇ ਹਿੱਤਾਂ ਨੂੰ ਅੱਖੋਂ ਪਰੋਖੇ ਕਰਨ ਵਰਗੀਆਂ ਗੱਲਾਂ ਹੀ ਕੈਨੇਡੀਅਨਾਂ ਨੂੰ ਦੁਫਾੜ ਦੇ ਰਾਹ ਪਾਉਂਦੀਆਂ ਹਨ।

ਵਰਤਮਾਨ ਸਮੇਂ ਦਾ ਇਹ ਦੁਖਾਂਤ ਹੈ ਕਿ ਉਸ ਪੀਅਰੇ ਟਰੂਡੋ ਦੇ ਬੇਟੇ ਦੇ ਸਮਿਆਂ ਵਿੱਚ ਕੈਨੇਡੀਅਨ ਐਨੇ ਵੰਡੇ ਹੋਏ ਸਾਬਤ ਹੋਏ ਹਨ ਜਿਸ ਪੀਅਰੇ ਟਰੂਡੋ ਨੇ ਇੱਕ ਅਖੰਡ ਕੈਨੇਡਾ ਦੀ ਲਹਿਰ ਨੂੰ ਜੀਅ ਜਾਨ ਨਾਲ ਮਜ਼ਬੂਤ ਕੀਤਾ ਸੀ। ਕਿਉਬਿੱਕ ਵਾਸੀ ਅਤੇ ਸੰਵਿਧਾਨ ਵਿੱਚ ਮਾਹਰਤਾ ਰੱਖਣ ਵਾਲੇ ਪੀਅਰੇ ਟਰੂਡੋ ਨੇ ਕਿਉਬਿੱਕ ਵਿੱਚ ਉੱਠ ਰਹੀਆਂ ਵੱਖਵਾਦੀ ਸੁਰਾਂ ਦੀ ਪਰਵਾਹ ਨਾ ਕਰਕੇ ਦੇਸ਼ ਨੂੰ ਇੱਕ ਸੁਰ ਵਿੱਚ ਪਰੋ ਕੇ ਰੱਖਣ ਦਾ ਜਜ਼ਬਾ ਕਾਇਮ ਰੱਖਿਆ। ਅੱਜ ਸਿਰਫ਼ ਜਸਟਿਨ ਟਰੂਡੋ ਹੀ ਨਹੀਂ ਸਗੋਂ ਐਨ ਡੀ ਪੀ, ਟੋਰੀ ਸਾਰੇ ਹੀ ਕਿਉਬਿੱਕ ਵਿੱਚੋਂ ਬਿੱਲ 21 ਦੇ ਸਨਮੁਖ ਗੋਡੇ ਟੇਕ ਕੇ ਬਾਹਰ ਨਿਕਲੇ ਹਨ।

ਇਹਨਾਂ ਚੋਣਾਂ ਨੇ ਮਹਿਜ਼ ਭੁਗੋਲਿਕ ਅੰਖਡਤਾ ਬਾਰੇ ਹੀ ਸੁਆਲ ਖੜਾ ਕਰਨ ਦੇ ਨਾਲ ਨਾਲ ਧਾਰਮਿਕ ਸਹਿਣਸ਼ੀਲਤਾ ਦੀਆਂ ਕਮਜ਼ੋਰੀਆਂ ਨੂੰ ਵੀ ਉਭਾਰਿਆ ਹੈ। ਦੁੱਖ ਵਾਲੀ ਗੱਲ ਹੈ ਕਿ ਐਥਨਿਕ ਕਮਿਉਨਿਟੀਆਂ ਦੇ ਬਹੁਤ ਸਾਰੇ ਉਮੀਦਵਾਰਾਂ ਦਾ ਝੁਕਾਅ ਧਰਮ ਅਤੇ ਭਾਸ਼ਾ ਦੇ ਆਧਾਰ ਉੱਤੇ ਪ੍ਰਚਾਰ ਕਰਨ ਉੱਤੇ ਰਿਹਾ। ਇਸਦੀਆਂ ਕਈ ਮਿਸਾਲਾਂ ਦਿੱਤੀਆਂ ਜਾ ਸਕਦੀਆਂ ਹਨ ਜਿਸ ਵਿੱਚ ਮਿਸੀਸਾਗਾ ਸਟਰੀਟਸਵਿੱਲ ਵਿੱਚ ਟੋਰੀ ਉਮੀਦਵਾਰ ਗਾਧਾ ਮੇਲੇਕ ਸ਼ਾਮਲ ਹੈ। ਵੇਖਣਾ ਇਹ ਵੀ ਦਿਲਚਸਪ ਹੋਵੇਗਾ ਕਿ ਇਸ ਵਾਰ ਵੀ 18 ਸਿੱਖ/ਪੰਜਾਬੀ ਮੂਲ ਦੇ ਐਮ ਪੀਆਂ ਦੇ ਕੈਨੇਡਾ ਦੀ ਪਾਰਲੀਮੈਂਟ ਦਾ ਸ਼ਿੰਗਾਰ ਬਣਨ ਬਦੌਲਤ ਕੈਨੇਡਾ ਦੇ ਵਿਭਿੰਨ ਐਥਨਿਕ ਭਾਈਚਾਰਿਆਂ ਨੂੰ ਲੋਕਤੰਤਰ ਵਿੱਚ ਵਧੇਰੇ ਜ਼ੋਰ ਨਾਲ ਸ਼ਮੂਲੀਅਤ ਕਰਨ ਦੀ ਹਿੰਮਤ ਮਿਲੇਗੀ ਜਾਂ ਫੇਰ ਈਰਖਾ ਦੀ ਭਾਵਨਾ ਪੈਦਾ ਹੋਵੇਗੀ!

## ਕਿਤੇ ਤਾਂ ਕੋਈ ਹੈ!

--ਹਰਜੀਤ ਦਿਓਲ, ਬਰੈਂਪਟਨ

ਪ੍ਰਾਚੀਨ ਕਾਲ ਤੋਂ ਮਨੁੱਖ ਨਵੇਂ ਦਿਸਹੱਦੇ ਲੱਭਦਾ ਆਇਆ ਹੈ ਅਤੇ ਇਸ ਦੀ ਬੇਚੈਨ ਰੂਹ ਕਦੇ ਟਿਕ ਕੇ ਨਹੀਂ ਬੈਠੀ। ਇਸ ਵਿਸ਼ਾਲ ਧਰਤੀ ਨੂੰ ਇਹਨੇ ਗਾਹ ਮਾਰਿਆ 'ਤੇ ਇਸ ਦਾ ਹਰ ਖੱਲ ਖੂੰਜਾ ਫਰੋਲ ਸੁੱਟਿਆ। ਜਦ ਵਾਰੀ ਆਈ ਆਕਾਸ਼ 'ਚ ਚਮਕਦੇ ਸਿਤਾਰਿਆਂ ਦੀ ਤਾਂ ਇਸ ਸਿਰੜੀ ਜੀਵ ਨੇ ਓਧਰ ਨੀਝ ਲਾ ਵੇਖਣਾ ਸ਼ੁਰੂ ਕੀਤਾ। ਵਿਕਸਤ ਦਿਮਾਗ ਦੇ ਮਾਲਕ ਇਨਸਾਨ ਨੇ ਸੌਰ ਮੰਡਲ ਦੀ ਨਾਪ ਜੋਖ ਕਰਨ 'ਚ ਬਹੁਤੀ ਦੇਰ ਨਹੀਂ ਲਾਈ। ਜਿਓਂ ਜਿਓਂ ਤਕਨੀਕੀ ਜਾਣਕਾਰੀ ਵਿਕਸਤ ਹੁੰਦੀ ਗਈ ਸੂਰਜ ਦੁਆਲੇ ਘੁੰਮਦੇ ਨੌਂ ਗ੍ਰਹਿ ਇਸ ਲਈ ਕੋਈ ਅਜੂਬਾ ਨਹੀਂ ਰਹੇ। ਪੌਣੇ ਚਾਰ ਲੱਖ ਕਿਲੋਮੀਟਰ ਦੂਰ ਚੰਨ 'ਤੇ ਤਾਂ ਮਨੁੱਖ ਗੇੜਾ ਵੀ ਮਾਰ ਆਇਆ ਅਤੇ ਪੌਣੇ ਛੇ ਹਜਾਰ ਮਿਲਿਅਨ ਕਿਲੋਮੀਟਰ ਦੂਰ ਸੂਰਜ ਮੰਡਲ ਦੇ ਆਖਰੀ ਗ੍ਰਹਿ ਪਲੂਟੋ ਨੇੜਿਓਂ ਇਸ ਦੀਆਂ ਤਸਵੀਰਾਂ ਲੈਂਦੇ ਹੋਏ ਰਾਕਟ ਲੰਘਾ ਦਿੱਤਾ। ਛੇਤੀ ਹੀ ਪਤਾ ਲੱਗ ਗਿਆ ਕਿ ਇਨ੍ਹਾਂ ਗ੍ਰਹਾਂ ਤੇ ਕੋਈ ਵਿਕਸਤ (ਇੰਟੈਲੀਜੈਂਟ) ਸਭਿਅਤਾ ਨਹੀਂ ਹੈ ਪਰ ਸੂਖਮਜੀਵੀਆਂ ਦੀ ਹੋਂਦ ਦੇ ਸੰਕੇਤ ਤਾਂ ਅਕਸਰ ਮਿਲਦੇ ਹੀ ਰਹਿੰਦੇ ਹਨ। 1960 ਤੱਕ ਸੌਰ ਮੰਡਲ ਤੋਂ ਬਾਹਰ ਨਜਰੀਂ ਪੈਂਦੀਆਂ ਆਕਾਸ਼ਗੰਗਾਵਾਂ (ਗਲੈਕਸੀਜ਼) ਬਾਰੇ ਕੋਈ ਠੋਸ ਜਾਣਕਾਰੀ ਨਹੀਂ ਸੀ ਪਰ ਤਾਕਤਵਰ ਦੂਰਬੀਨਾਂ,ਰੇਡਿਓ ਤਰੰਗਾਂ ਅਤੇ ਲੇਜ਼ਰ ਬੀਮ ਤਕਨੀਕਾਂ ਦੀ ਬਦੌਲਤ ਮਨੁੱਖ ਨੇ ਵਿਸ਼ਾਲ ਬ੍ਰਹਿਮੰਡ ਗਾਹ ਮਾਰਿਆ। ਲੱਖਾਂ ਹੋਰ ਸੂਰਜ ਅਤੇ ਉਨ੍ਹਾਂ ਦੁਆਲੇ ਘੁੰਮਦੇ ਗ੍ਰਹਿ ਨਜ਼ਰ ਆਏ ਪਰ ਮਨੁੱਖੀ ਉਤਸੁਕਤਾ ਦੀ ਤਾਂ ਕੋਈ ਸੀਮਾਂ ਨਹੀਂ। ਫੇਰ ਧਰਤੀ ਵਰਗੇ ਗ੍ਰਹਾਂ ਦੀ ਖੋਜ ਕੀਤੀ ਗਈ ਜਿਨ੍ਹਾਂ 'ਤੇ ਵਿਕਸਤ ਜੀਵਨ ਹੋਣ ਦੀ ਸੰਭਾਵਨਾ ਜਤਾਈ ਗਈ। ਤਾਜਾ ਜਾਣਕਾਰੀਆਂ ਅਨੁਸਾਰ ਐਸੇ ਕਈ ਸੂਰਜ ਮੰਡਲ ਖੋਜੇ ਜਾ ਚੁੱਕੇ ਹਨ ਜਿਨ੍ਹਾਂ ਦੁਆਲੇ ਘੁੰਮਦੇ ਧਰਤੀ ਵਰਗੇ ਗ੍ਰਹਾਂ ਉੱਤੇ ਧਰਤੀ ਵਰਗਾ ਵਾਤਾਵਰਣ ਹੋ ਸਕਦਾ ਹੈ ਭਾਵ ਜੀਵਨ ਦੇ ਅਨੁਕੂਲ। ਜੇਕਰ ਓਥੇ ਜੀਵਨ ਪੱਲਰਨ ਦਾ ਸੰਜੋਗ ਬਣਿਆ ਸੀ ਤਾਂ ਲਾਜਮੀ ਤੌਰ 'ਤੇ ਸਾਡੇ ਨਾਲੋਂ ਜਿਆਦਾ ਵਿਕਸਤ( ਇੰਟੈਲੀਜੈਂਟ) ਸਭਿਅਤਾਵਾਂ ਦੀ ਮੌਜੂਦਗੀ ਤੋਂ ਇਨਕਾਰ ਨਹੀਂ ਕੀਤਾ ਜਾ ਸਕਦਾ। ਪਰ ਇਹ ਕਿਆਸੀਆਂ ਸਭਿਅਤਾਵਾਂ ਸਾਥੋਂ ਸੈਂਕੜੇ ਪ੍ਰਕਾਸ਼ ਵਰ੍ਹੇ ਦੂਰ ਹਨ। ਭਾਵੇ ਅੱਜ ਦੀ ਘੜੀ ਇਹ ਫਾਸਲਾ ਤੈਅ ਕਰ ਓਥੇ ਅਪੜਨਾ ਸੰਭਵ ਨਹੀਂ ਪਰ ਜਿਸ ਰਫਤਾਰ ਨਾਲ ਵਿਗਿਆਨ ਅੱਜ ਹੈਰਾਨੀਜਨਕ ਪੁਲਾਂਘਾਂ ਪੁੱਟ ਰਿਹਾ ਹੈ ਏਲੀਅਨ ਸਭਿਅਤਾਵਾਂ ਨਾਲ ਸੰਪਰਕ ਬਹੁਤੀ ਦੂਰ ਨਹੀਂ। ਤਾਕਤਵਰ ਰੇਡਿਓ ਸੰਕੇਤ ਭੇਜੇ ਜਾ ਰਹੇ ਹਨ ਤਾਂ ਜੋ ਗਲੈਕਸੀ (ਆਕਾਸ਼ਗੰਗਾ) ਵਿਚ ਮੌਜੂਦ ਕਿਸੇ ਵਿਕਸਤ ਦੁਨਿਆਂ ਵੱਲੋਂ ਹੁੰਗਾਰਾ ਮਿਲ ਸਕੇ। ਇਹ ਹੰਭਲੇ ਬਹੁਤੇ ਖਰਚੀਲੇ ਹੋਣ ਸਦਕਾ ਇਸ ਪਾਸੇ ਹੋ ਰਹੀ ਪ੍ਰਗਤੀ ਭਾਂਵੇ ਮੱਠੀ ਹੈ ਪਰ ਵਿਗਿਆਨੀਆਂ ਦੇ ਸਿਰੜ ਅੱਗੇ ਅਸੰਭਵ ਕੁਝ ਵੀ ਨਹੀਂ। ਇਸ ਪਾਸੇ ਲੱਗੇ ਇੱਕ ਵਿਗਿਆਨੀ ਨੇ ਲਿਖਿਆ ਹੈ ਕਿ 1977 ਵਿੱਚ ਓਹਿਓ ਵਿਖੇ ਤੈਨਾਤ ਇਕ ਐਂਟਿਨਾ ਨੇ ਸੰਪਰਕ ਸੰਕੇਤ ਫੜੇ ਪਰ ਸਾਡੇ ਵੱਲੋਂ ਤੁਰੰਤ ਮੌਨੀਟਰ ਨਾ ਹੋਣ ਸਦਕਾ ਇਹ ਦੁਹਰਾਏ ਨਹੀਂ ਗਏ ਕਿਓਂਕਿ ਹੋ ਸਕਦਾ ਹੈ ਉਨ੍ਹਾਂ (ਏਲੀਅਨ) ਛੇਤੀ ਕਿਸੇ ਹੋਰ ਪਾਸੇ ਨਿਸ਼ਾਨਾ ਸਾਧ ਲਿਆ ਹੋਵੇ। ਦਿਨੋਦਿਨ ਵਿਗਿਆਨੀਆਂ ਦੀ ਇਹ ਧਾਰਨਾ ਮਜਬੂਤ ਹੁੰਦੀ ਜਾ ਰਹੀ ਹੈ ਕਿ ਇਸ ਬ੍ਰਹਿਮੰਡ ਵਿੱਚ ਅਸੀਂ ਇਕੱਲੇ ਨਹੀਂ, ਕਿਤੇ ਤਾਂ ਕੋਈ ਹੈ ਜੋ ਸਾਨੂੰ 'ਹੈਲੋ' ਕਹਿਣ ਲਈ ਬੇਤਾਬ ਹੈ 'ਤੇ ਅਸੀਂ ਸੁਣਨ ਲਈ।

## ਸਾਈਕਲ ਦੀ ਟੋਕਰੀ ਵਿੱਚੋਂ ਇੱਕ ਲੱਖ ਰੁਪਏ ਚੁੱਕ ਕੇ ਲੁਟੇਰੇ ਦੌੜ ਗਏ

ਬਾਘਾਪੁਰਾਣਾ, 22 ਅਕਤੂਬਰ (ਪੋਸਟ ਬਿਊਰੋ)- ਇਸ ਨਗਰ ਵਿੱਚ ਮੋਟਰ ਸਾਈਕਲ ਸਵਾਰ ਦੋ ਅਣਪਛਾਤੇ ਲੁਟੇਰੇ ਇੱਕ ਬਜ਼ੁਰਗ ਦੇ ਸਾਈਕਲ ਦੀ ਟੋਕਰੀ ਵਿੱਚੋਂ ਇੱਕ ਲੱਖ ਰੁਪਏ ਲੈ ਕੇ ਫਰਾਰ ਹੋ ਗਏ ਹਨ। ਇਸ ਬਾਰੇ ਪੁਲਸ ਵੱਲੋਂ ਦੋ ਅਣਪਛਾਤੇ ਲੁਟੇਰੇ ਲੜਕਿਆਂ ਵਿਰੁੱਧ ਕੇਸ ਦਰਜ ਕਰ ਕੇ ਭਾਲ ਸ਼ੁਰੂ ਕੀਤੀ ਗਈ ਹੈ। ਸਹਾਇਕ ਥਾਣੇਦਾਰ ਪਰਮਜੀਤ ਸਿੰਘ ਨੇ ਦੱਸਿਆ ਕਿ ਸਾਬਕਾ ਫੌਜੀ ਬਜ਼ੁਰਗ ਸ਼ਿਵ ਰਾਜ ਪੁੱਤਰ ਨੰਦ ਲਾਲ 14 ਅਕਤੂਬਰ ਨੂੰ ਕੋਟਕਪੂਰਾ ਰੋਡ ਮੋਗਾ ਦੀ ਬੈਂਕ ਆਫ ਇੰਡੀਆ ਦੀ ਬ੍ਰਾਂਚ ਤੋਂ ਇੱਕ ਲੱਖ ਰੁਪਏ ਕਢਾਉਣ ਪਿੱਛੋਂ ਥੈਲੇ ਵਿੱਚ ਪਾ ਕੇ ਆਪਣੇ ਸਾਈਕਲ ਅੱਗੇ ਲੱਗੀ ਟੋਕਰੀ ਵਿੱਚ ਰੱਖ ਕੇ ਘਰ ਜਾ ਰਿਹਾ ਸੀ। ਰਸਤੇ ਵਿੱਚ ਦੋ ਅਣਪਛਾਤੇ ਲੁਟੇਰੇ ਮੋਟਰ ਸਾਈਕਲ 'ਤੇ ਆਏ ਅਤੇ ਸਾਈਕਲ ਦੀ ਟੋਕਰੀ ਵਿੱਚੋਂ ਪੈਸਿਆਂ ਦਾ ਥੈਲਾ ਚੁੱਕ ਕੇ ਨਿਕਲ ਗਏ। ਉਸ ਬਜ਼ੁਰਗ ਨੇ ਰੌਲਾ ਪਾਇਆ, ਪਰ ਲੁਟੇਰਿਆਂ ਦਾ ਕੋਈ ਸੁਰਾਗ ਨਹੀਂ ਮਿਲ ਸਕਿਆ।









## ਪੱਛਮ ਦਾ ਸਮਰਥਨ ਕਰਨ ਦਾ ਵਾਅਦਾ ਟਰੂਡੋ ਨੂੰ ਨਿਭਾਉਣਾ ਹੋਵੇਗਾ : ਕੇਨੀ ਤੇ ਮੋਅ

...ਪੰਨਾ 1 ਦਾ ਬਾਕੀ

ਸਿਰਫ ਐਨਡੀਪੀ ਹੀ ਐਡਮੰਟਨ ਵਿੱਚ ਆਪਣੀ ਇੱਕਮਾਤਰ ਸੀਟ ਬਚਾਅ ਸਕੀ। ਕੇਨੀ ਨੇ ਆਖਿਆ ਕਿ ਉਹ ਟਰੂਡੋ ਨੂੰ ਦੱਸ ਚੁੱਕੇ ਹਨ ਕਿ ਅਲਬਰਟਾ ਦੇ ਤੇਲ ਅਤੇ ਗੈਸ ਨੂੰ ਕੌਮਾਂਤਰੀ ਮਾਰਕਿਟ ਤੱਕ ਪਹੁੰਚਾਉਣ ਲਈ ਉਨ੍ਹਾਂ ਨੂੰ ਸਾਡੀ ਮਦਦ ਕਰਨੀ ਹੋਵੇਗੀ। ਉਨ੍ਹਾਂ ਪ੍ਰਧਾਨ ਮੰਤਰੀ ਨੂੰ ਐਨਡੀਪੀ, ਬਲਾਕ ਕਿਊਬਿਕੁਆ ਜਾਂ ਗ੍ਰੀਨ ਪਾਰਟੀ ਵਿੱਚੋਂ ਕਿਸੇ ਨਾਲ ਵੀ ਗੱਠਜੋੜ ਕਰਨ ਤੋਂ ਵੀ ਵਰਜਿਆ। ਕੇਨੀ ਦਾ ਕਹਿਣਾ ਹੈ ਕਿ ਅਜਿਹਾ ਕਰਨ ਨਾਲ ਬ੍ਰਿਟਿਸ਼ ਕੋਲੰਬੀਆ ਰਾਹੀਂ ਟਰਾਂਸ ਮਾਊਨਟੇਨ ਪਾਈਪਲਾਈਨ ਦੇ ਪਸਾਰ ਨੂੰ ਖਤਰਾ ਖੜ੍ਹਾ ਹੋ ਜਾਵੇਗਾ। ਸਸਕੈਚਵਨ ਵਿੱਚ ਕੰਜ਼ਰਵੇਟਿਵਾਂ ਦੇ ਹਿੱਸੇ 14 ਦੀਆਂ 14 ਸੀਟਾਂ ਆਈਆਂ। ਪਿਛਲੇ 25 ਸਾਲਾਂ ਤੋਂ ਰੇਜਾਈਨਾ ਵਸਕਾਨਾ ਦੀ ਸੀਟ ਉੱਤੇ ਕਾਬਜ ਲਿਬਰਲ ਸੀਨੀਅਰ ਆਗੂ ਰਾਲਫ ਗੁਡੇਲ ਵੀ ਆਪਣੀ ਸੀਟ ਨਹੀਂ ਬਚਾਅ ਸਕੇ। ਇਸ ਦੌਰਾਨ ਸਸਕੈਚਵਨ ਦੇ ਪ੍ਰੀਮੀਅਰ ਸਕੌਟ ਮੋਅ ਨੇ ਆਖਿਆ ਕਿ ਫੈਡਰਲ ਚੋਣਾਂ ਦੇ ਨਤੀਜਿਆਂ ਨੇ ਇਹ ਸਿੱਧ ਕਰ ਦਿੱਤਾ ਹੈ ਕਿ ਪੱਛਮੀ ਕੈਨੇਡਾ ਵਿੱਚ ਲੋਕ ਬੇਚੈਨ ਹਨ ਤੇ ਓਟਵਾ ਨਾਲ ਨਵੀਂ ਡੀਲ ਕਰਨ ਦਾ ਸਮਾਂ ਆ ਗਿਆ ਹੈ। ਮੋਅ ਨੇ ਇੱਕ ਬਿਆਨ ਵਿੱਚ ਆਖਿਆ ਕਿ ਜਿਸ ਰਸਤੇ ਉੱਤੇ ਫੈਡਰਲ ਸਰਕਾਰ ਪਿਛਲੇ ਚਾਰ ਸਾਲ ਤੋਂ ਚੱਲ ਰਹੀ ਹੈ ਉਸ ਨੇ ਸਾਡੇ ਦੇਸ਼ ਨੂੰ ਵੰਡ ਕੇ ਰੱਖ ਦਿੱਤਾ ਹੈ। ਮੰਗਲਵਾਰ ਨੂੰ ਰੇਜਾਈਨਾ ਵਿੱਚ ਗੱਲ ਕਰਦਿਆਂ ਕੰਜਰਵੇਟਿਵ ਆਗੂ ਐਂਡਰਿਊ ਸੀਅਰ ਨੇ ਆਖਿਆ ਸੀ ਕਿ ਉਹ ਸਮੁੱਚੇ ਤੌਰ ਉੱਤੇ ਕੈਨੇਡਾ ਵਿੱਚ ਯਕੀਨ ਕਰਦੇ ਹਨ ਪਰ ਇਨ੍ਹਾਂ ਦੋਵਾਂ ਪ੍ਰੋਵਿੰਸਾਂ ਤੋਂ ਪਰੇਸਾਨੀ ਦੇ ਸੁਰ ਸੁਣਨ ਨੂੰ ਮਿਲ ਰਹੇ ਹਨ। ਸੀਅਰ ਨੇ ਆਖਿਆ ਕਿ ਅਸੀਂ ਇਨ੍ਹਾਂ ਲਈ ਲੜਾਂਗੇ। ਅਸੀਂ ਉਹ ਸੱਭ ਕਰਾਂਗੇ ਜਿਸ ਨਾਲ ਇਹ ਲਿਬਰਲ ਸਰਕਾਰ ਇਨ੍ਹਾਂ ਪ੍ਰੋਵਿੰਸਾਂ ਪ੍ਰਤੀ ਆਪਣੀ ਸੋਚ ਬਦਲ ਸਕੇ। ਇਹ ਲਗਾਤਾਰ ਸਾਡੇ ਊਰਜਾ ਖੇਤਰ ਉੱਤੇ ਹਮਲਾ ਨਹੀਂ ਕਰ ਸਕਦੇ।

## ਫੋਰਡ ਨੇ ਟਰੂਡੋ ਨੂੰ ਦਿੱਤੀ ਵਧਾਈ, ਰਲ ਕੇ ਕੰਮ ਕਰਨ ਦੀ ਪ੍ਰਗਟਾਈ ਆਸ

...ਪੰਨਾ 1 ਦਾ ਬਾਕੀ

ਤੇ ਸਾਰੇ ਫੈਡਰਲ ਆਗੂਆਂ ਵੱਲੋਂ ਕੈਂਪੇਨ ਦੌਰਾਨ ਕੀਤੀ ਗਈ ਸਖਤ ਮਿਹਨਤ ਲਈ ਉਨ੍ਹਾਂ ਦੀ ਸ਼ਲਾਘਾ ਕੀਤੀ। ਉਨ੍ਹਾਂ ਆਖਿਆ ਕਿ ਉਹ ਸਾਂਝੀਆਂ ਤਰਜੀਹਾਂ-ਜਿਨ੍ਹਾਂ ਵਿੱਚ ਇਨਫਰਾਸਟ੍ਰਕਚਰ, ਇੰਟਰਨਲ ਟਰੇਡ ਤੇ ਮੈਂਟਲ ਹੈਲਥ ਸ਼ਾਮਲ ਹਨ, ਲਈ ਓਟਵਾ ਨਾਲ ਰਲ ਕੇ ਕੰਮ ਕਰਨ ਲਈ ਆਸਵੰਦ ਹਨ। ਟੋਰਾਂਟੋ ਦੇ ਟਰਾਂਜ਼ਿਟ ਸਿਸਟਮ ਤੋਂ ਭਾਰ ਘਟਾਉਣ ਲਈ ਪ੍ਰੋਵਿੰਸ਼ੀਅਲ ਸਰਕਾਰ ਦੀ ਓਨਟਾਰੀਓ ਲਾਈਨ ਸਬਵੇਅ ਪ੍ਰੋਜੈਕਟ ਯੋਜਨਾ ਨੂੰ ਫੰਡ ਮੁਹੱਈਆ ਕਰਵਾਉਣ ਵਾਸਤੇ ਟਰੂਡੋ ਵੱਲੋਂ ਪ੍ਰਗਟਾਈ ਵਚਨਬੱਧਤਾ ਦੀ ਵੀ ਫੋਰਡ ਨੇ ਸ਼ਲਾਘਾ ਕੀਤੀ। ਭਾਵੇਂ ਆਪਣੀ ਕੈਂਪੇਨ ਦੌਰਾਨ ਲਿਬਰਲਾਂ ਵੱਲੋਂ ਜੰਮ ਕੇ ਓਨਟਾਰੀਓ ਦੇ ਪ੍ਰੀਮੀਅਰ ਦੀ ਨੁਕਤਾਚੀਨੀ ਕੀਤੀ ਜਾਂਦੀ ਰਹੀ ਪਰ ਫੋਰਡ ਵੱਲੋਂ ਦਿੱਤਾ ਇਹ ਬਿਆਨ ਉਨ੍ਹਾਂ ਦਾ ਵਡੱਪਣ ਵਿਖਾ ਗਿਆ।

## ਘਰੇਲੂ ਕਲੇਸ਼ ਕਾਰਨ ਪਤਨੀ ਦਾ ਕਤਲ

ਭਿੱਖੀਵਿੰਡ, 22 ਅਕਤੂਬਰ (ਪੋਸਟ ਬਿਊਰੋ)- ਪੱਟੀ ਸ਼ਹਿਰ ਦੇ ਵਾਰਡ ਨੰਬਰ ਦੋ ਵਿੱਚ ਘਰੇਲੂ ਝਗੜੇ ਪਿੱਛੋਂ ਪਤੀ ਵੱਲੋਂ ਪਤਨੀ ਨੂੰ ਜ਼ਖਮੀ ਕਰਨ ਅਤੇ ਫਿਰ ਦਵਾਈ ਦਿਵਾਉਣ ਬਹਾਨੇ ਘਰੋਂ ਬਾਹਰ ਲਿਜਾ ਕੇ ਰਸਤੇ ਵਿੱਚ ਗਲਾ ਘੁੱਟ ਕੇ ਅਤੇ ਸਿਰ ਵਿੱਚ ਕੁਹਾੜੀ ਮਾਰ ਕੇ ਕਤਲ ਕਰਨ ਦਾ ਮਾਮਲਾ ਸਾਹਮਣੇ ਆਇਆ ਹੈ। ਇਸ ਤੋਂ ਬਾਅਦ ਦੋਸ਼ੀ ਖੁਦ ਥਾਣਾ ਸਿਟੀ ਪੱਟੀ ਵਿਖੇ ਪੇਸ਼ ਹੋ ਗਿਆ ਅਤੇ ਜੁਰਮ ਕਬੂਲ ਕਰ ਲਿਆ। ਮਿਲੀ ਜਾਣਕਾਰੀ ਮੁਤਾਬਕ ਬੀਤੀ ਦਿਨੀ ਰਾਤ ਅਮਰਜੀਤ ਸਿੰਘ ਤੇ ਕਿਰਨਦੀਪ ਕੌਰ ਵਿਚਾਲੇ ਝਗੜਾ ਹੋਇਆ। ਇਸ ਦੌਰਾਨ ਪਤਨੀ ਦੇ ਸਿਰ ਉੱਤੇ ਸੱਟ ਲੱਗ ਗਈ। ਜ਼ਖਮੀ ਹੋਈ ਪਤਨੀ ਨੂੰ ਦਵਾਈ ਦਿਵਾਉਣ ਦੇ ਲਈ ਰਾਤ ਨੂੰ ਘਰੋਂ ਲੈ ਕੇ ਗਿਆ ਤੇ ਰਸਤੇ ਵਿੱਚ ਗਲਾ ਘੁੱਟ ਕੇ ਅਤੇ ਸਿਰ ਵਿੱਚ ਕੁਹਾੜੀ ਮਾਰ ਕੇ ਉਸ ਨੂੰ ਉਥੇ ਸੁੱਟ ਕੇ ਅਮਰਜੀਤ ਸਿੰਘ ਪੱਟੀ ਥਾਣੇ ਪੁੱਜ ਗਿਆ ਤੇ ਪਤਨੀ ਨੂੰ ਕਤਲ ਕਰਨ ਦੀ ਗੱਲ ਕਬੂਲ ਕੀਤੀ। ਬੀਤੀ ਦਿਨੀ ਅਮਰਜੀਤ ਸਿੰਘ ਆਪਣੀ ਪਤਨੀ ਕਿਰਨਦੀਪ ਕੌਰ ਨੂੰ ਪੇਕੇ ਘਰੋਂ ਪਿੰਡ ਨਵਾਂ ਕਿਲਾ (ਫਿਰੋਜ਼ਪੁਰ) ਤੋਂ ਲੈ ਕੇ ਪੱਟੀ ਆਇਆ ਸੀ। ਕਿਸੇ ਗੱਲ ਬਾਰੇ ਦੋਹਾਂ ਦਾ ਝਗੜਾ ਹੋ ਗਿਆ ਅਤੇ ਕਿਰਨਦੀਪ ਜ਼ਖਮੀ ਹੋ ਗਈ। ਦੋਵੇਂ ਅੱਠ ਸਾਲ ਪਹਿਲਾਂ ਵਿਆਹ ਬੰਧਨ 'ਚ ਬੱਝੇ ਸਨ। ਥਾਣਾ ਮੁਖੀ ਬਲਵਿੰਦਰ ਸਿੰਘ ਨੇ ਦੱਸਿਆ ਕਿ ਮ੍ਰਿਤਕਾ ਕਿਰਨਦੀਪ ਕੌਰ ਦੇ ਪਰਵਾਰਕ ਮੈਂਬਰਾਂ ਦੇ ਬਿਆਨਾਂ ਦੇ ਉੱਤੇ ਅਮਰਜੀਤ ਸਿੰਘ ਦੇ ਵਿਰੁੱਧ ਕੇਸ ਦਰਜ ਕੀਤਾ ਜਾ ਰਿਹਾ ਹੈ। ਇਸ ਬਾਰੇ ਐਸ ਐਸ ਪੀ ਧਰੁਵ ਦਹੀਆ ਨੇ ਦੱਸਿਆ ਕਿ ਇਨ੍ਹਾਂ ਪਤੀ-ਪਤਨੀ ਦੇ ਵਿਆਹ ਨੂੰ ਅੱਠ ਸਾਲ ਹੋ ਗਏ ਹਨ ਪਰ ਇਨ੍ਹਾਂ ਘਰ ਬੱਚਾ ਨਾ ਹੋਣ ਕਰਕੇ ਅਣਬਣ ਰਹਿੰਦੀ ਸੀ ਜਿਸ ਕਰਕੇ ਕੱਲ੍ਹ ਅਮਰਜੀਤ ਸਿੰਘ ਨੇ ਆਪਣੀ ਪਤਨੀ ਕਿਰਨਦੀਪ ਕੌਰ ਦਾ ਕੁਹਾੜੀ ਨਾਲ ਕਤਲ ਕਰ ਦਿੱਤਾ।

## ਦੋ ਗ੍ਰੀਨ ਕਾਰੀਡੋਰ ਬਣਾ ਕੇ ਦਿੱਲੀ ਨੂੰ ਹਾਰਟ ਤੇ ਅਹਿਮਦਾਬਾਦ ਨੂੰ ਲਿਵਰ ਭੇਜਿਆ

ਚੰਡੀਗੜ੍ਹ, 22 ਅਕਤੂਬਰ (ਪੋਸਟ ਬਿਊਰੋ)- ਤਕਰੀਬਨ 15 ਮਿੰਟ ਵਿੱਚ 20 ਕਿਲੋਮੀਟਰ ਰਸਤਾ ਤਹਿ ਕਰਨਾ ਆਸਾਨ ਨਹੀਂ ਹੁੰਦਾ, ਖਾਸਕਰ ਜਦੋਂ ਤਹੁਾਨੂੰ ਪਤਾ ਹੋਵੇ ਕਿ ਤਹੁਾਡੀ ਥੋੜ੍ਹੀ ਜਿਹੀ ਦੇਰੀ ਮੌਤ ਦਾ ਕਾਰਨ ਬਣ ਸਕਦੀ ਹੈ, ਪਰ ਚੰਡੀਗੜ੍ਹ ਅਤੇ ਮੋਹਾਲੀ ਪੁਲਸ ਅਤੇ ਪੀ ਜੀ ਆਈ ਦੀ ਟੀਮ ਨੇ ਇਹ ਸਭ ਕਰ ਦਿਖਾਇਆ। ਇਸ ਨਾਲ ਇੱਕ ਬ੍ਰੇਨ ਡੈਡ ਮਰੀਜ਼ ਦੇ ਦਿਲ ਹਾਰਟ ਅਤੇ ਲਿਵਰ ਨੂੰ ਦੂਸਰੇ ਹਸਪਤਾਲਾਂ ਤੱਕ ਪਹੁੰਚਾਇਆ ਜਾ ਸਕਿਆ ਹੈ। ਉਂਜ ਇਸ ਤੋਂ ਪਹਿਲਾਂ ਵੀ ਕਈ ਵਾਰ ਪੀ ਜੀ ਆਈ ਤੋਂ ਗ੍ਰੀਨ ਕਾਰੀਡੋਰ ਬਣਾ ਕੇ ਮਨੁੱਖੀ ਅੰਗ ਦੂਜੇ ਹਸਪਤਾਲਾਂ ਤੱਕ ਭੇਜੇ ਗਏ ਹਨ, ਪਰ ਕੱਲ੍ਹ ਨੂੰ ਇਹੋ ਜਿਹੇ ਦੋ ਗ੍ਰੀਨ ਕਾਰੀਡੋਰ ਬਣਾਏ ਗਏ। ਪਹਿਲਾ ਪੀ ਜੀ ਆਈ ਚੰਡੀਗੜ੍ਹ ਤੋਂ ਲੈ ਕੇ ਟੈਕਨੀਕਲ ਏਅਰਪੋਰਟ ਲਈ ਦੁਪਹਿਰ 3 ਵਜੇ ਗ੍ਰੀਨ ਕਾਰੀਡੋਰ ਬਣਾਇਆ ਗਿਆ, ਜਿਸ ਵਿੱਚ ਹਾਰਟ ਨੂੰ ਦਿੱਲੀ ਦੇ ਆਰ ਐਂਡ ਆਰ ਹਸਪਤਾਲ ਭੇਜਿਆ ਗਿਆ ਅਤੇ ਦੂਸਰੇ ਨਾਲ ਇਸ ਲਿਵਰ ਨੂੰ ਐਹਮਦਾਬਾਦ ਦੇ ਆਈ ਕੇ ਡੀ ਆਰ ਸੀ ਹਸਪਤਾਲ ਨਾਲ ਸ਼ੇਅਰ ਕੀਤਾ ਗਿਆ। ਇਸ ਦੇ ਲਈ ਪੀ ਜੀ ਆਈ ਤੋਂ ਇੰਟਰਨੈਸ਼ਨਲ ਏਅਰਪੋਰਟ ਤੱਕ ਦੁਪਹਿਰ ਨੂੰ 3.15 ਮਿੰਟ ਉੱਤੇ ਗ੍ਰੀਨ ਕਾਰੀਡੋਰ ਬਣਾਇਆ ਗਿਆ। ਪੀ ਜੀ ਆਈ ਰੋਟੋ ਡਿਪਾਰਟਮੈਂਟ ਦੇ ਨੋਡਲ ਅਫਸਰ ਡਾ. ਵਿਪਿਨ ਕੈਸ਼ਲ ਕਹਿੰਦੇ ਹਨ ਕਿ ਪੀ ਜੀ ਆਈ ਵਿੱਚ ਇਹ ਆਰਗਨ ਟਰਾਂਸਪਲਾਟ ਕਰਨਾ ਇਸਦੇ ਮੁਕਾਬਲੇ ਬਹੁਤ ਆਸਾਨ ਹੈ। ਇਸ ਵਿੱਚ ਸਮੇਂ ਦੇ ਨਾਲ ਰੇਸ ਲਾਉਣੀ ਹੁੰਦੀ ਹੈ।

## ਏ ਆਈ ਜੀ ਉੱਤੇ ਹਿਰਾਸਤੀ ਬਲਾਤਕਾਰ ਤੇ ਭ੍ਰਿਸ਼ਟਾਚਾਰ ਦਾ ਕੇਸ ਦਰਜ

ਚੰਡੀਗੜ੍ਹ, 22 ਅਕਤੂਬਰ (ਪੋਸਟ ਬਿਊਰੋ)- ਪੰਜਾਬ ਵਿਜੀਲੈਂਸ ਬਿਊਰੋ ਦੇ ਏ ਆਈ ਜੀ ਆਸ਼ੀਸ਼ ਕਪੂਰ ਵਿਰੁੱਧ ਇੱਕ ਔਰਤ ਦੀ ਸ਼ਿਕਾਇਤ ਉਤੇ ਹਿਰਾਸਤੀ ਬਲਾਤਕਾਰ ਅਤੇ ਭ੍ਰਿਸ਼ਟਾਚਾਰ ਦਾ ਕੇਸ ਦਰਜ ਕੀਤਾ ਗਿਆ ਹੈ। ਸਟੇਟ ਸਪੈਸ਼ਲ ਆਪਰੇਸ਼ਨ ਯੂਨਿਟ ਪੰਜਾਬ ਮੋਹਾਲੀ ਤਹਿਤ ਪਹਿਲਾਂ ਹੀ ਇਹ ਕੇਸ ਦਰਜ ਕੀਤਾ ਜਾ ਚੁੱਕਾ ਸੀ, ਜਿਸ ਵਿੱਚ ਜਾਂਚ ਮਗਰੋਂ ਕੱਲ੍ਹ ਉਕਤ ਅਧਿਕਾਰੀ ਦਾ ਨਾਂਅ ਸ਼ਾਮਲ ਕੀਤਾ ਗਿਆ ਹੈ। ਵਰਨਣ ਯੋਗ ਹੈ ਕਿ ਇਸ ਦੀ ਜਾਂਚ ਇੰਸਪੈਕਟਰ ਜਨਰਲ ਕੁੰਵਰ ਵਿਜੇ ਪ੍ਰਤਾਪ ਸਿੰਘ ਦੀ ਨਿਗਰਾਨੀ ਹੇਠ ਚੱਲ ਰਹੀ ਹੈ। ਕੁੰਵਰ ਵਿਜੇ ਪ੍ਰਤਾਪ ਸਿੰਘ ਨੇ ਪੱਤਰਕਾਰਾਂ ਨੂੰ ਦੱਸਿਆ ਕਿ ਏ ਆਈ ਜੀ ਆਸ਼ੀਸ਼ ਕਪੂਰ ਦਾ ਨਾਂਅ ਇਸ ਕੇਸ ਦੇ ਤਹਿਤ ਸ਼ਾਮਲ ਕਰ ਲਿਆ ਗਿਆ ਹੈ ਅਤੇ ਮਾਮਲੇ ਦੀ ਅਗਲੀ ਜਾਂਚ ਜਾਰੀ ਹੈ। ਇਸ ਕੇਸ ਇਸ ਜੁਰਮ ਦੀ ਸ਼੍ਰੇਣੀ ਵਿੱਚ ਪੰਜਾਬ ਵਿੱਚ ਦਰਜ ਹੋਏ ਅੱਜ ਤੱਕ ਦੇ ਵਿਰਲੇ ਕੇਸਾਂ ਵਿੱਚ ਹੈ। ਪਤਾ ਲੱਗਾ ਹੈ ਕਿ ਹਰਿਆਣਾ ਦੇ ਕੁਰੂਕਸ਼ੇਤਰ ਜ਼ਿਲੇ ਨਾਲ ਸੰਬੰਧਤ ਇੱਕ ਔਰਤ ਪੰਜਾਬ ਦੀ ਇੱਕ ਜੇਲ ਵਿੱਚ ਬੰਦ ਸੀ। ਆਸ਼ੀਸ਼ ਕਪੂਰ ਉਸ ਵਕਤ ਉਥੇ ਜੇਲ ਸੁਪਰਡੈਂਟ ਹੁੰਦੇ ਸਨ। ਉਸ ਔਰਤ ਨੇ ਦੋਸ਼ ਲਾਇਆ ਹੈ ਕਿ ਜੇਲ ਵਿੱਚ ਉਸ ਨਾਲ ਇਹ ਵਧੀਕੀਆਂ ਹੋਈਆਂ ਹਨ, ਜਿਸ ਪਿੱਛੋਂ ਇਸ ਦੀ ਜਾਂਚ ਸ਼ੁਰੂ ਹੋਈ ਹੈ। ਅਸਲ ਵਿੱਚ ਇਹ ਕੇਸ ਇੱਕ ਤਰ੍ਹਾਂ ਖਾਕੀ ਵਰਦੀ ਦੇ ਸਭ ਤੋਂ ਦਾਗਦਾਰ ਚਿਹਰੇ ਵਜੋਂ ਨੰਗਾ ਹੋਇਆ ਹੈ। ਇਸ ਤੋਂ ਪਹਿਲਾਂ ਵਿਵਾਦਤ ਜਬਰੀ ਰਿਟਾਇਰ ਕੀਤੇ ਇੱਕ ਸਾਬਕਾ ਪੁਲਸ ਅਫਸਰ ਸਲਵਿੰਦਰ ਸਿੰਘ (ਪਠਾਨਕੋਟ ਏਅਰ ਬੇਸ ਦੇ ਕੇਸ ਵਾਲਾ) ਉਤੇ ਵੀ ਆਪਣੇ ਅਧੀਨ ਕੰਮ ਕਰਦੀਆਂ ਮਹਿਲਾ ਮੁਲਾਜ਼ਮਾਂ ਵੱਲੋਂ ਸੰਗੀਨ ਦੋਸ਼ ਲਾਏ ਗਏ ਸਨ। ਇਸ ਤੋਂ ਇਲਾਵਾ ਕਈ ਹੋਰ ਸੀਨੀਅਰ ਪੁਲਸ ਮੁਲਾਜ਼ਮ ਵੀ ਮਹਿਲਾ ਪੁਲਸ ਮੁਲਾਜ਼ਮਾਂ ਕੈਦੀਆਂ ਜਾਂ ਕਈ ਹੋਰ ਕੇਸਾਂ ਨਾਲ ਸੰਬੰਧਤ ਔਰਤਾਂ ਦੁਆਰਾ ਅਜਿਹੇ ਸੰਗੀਨ ਇਲਜ਼ਾਮਾਂ ਦੇ ਨਿਸ਼ਾਨੇ 'ਤੇ ਰਹੇ ਹਨ।






ਕੈਨੇਡੀਅਨ ਪੰਜਾਬੀ ਪੋਸਟ
Award winning news paper | Canadian Punjabi Post
Punjabipost.ca
905-793-2202
27 Armthorpe Rd #3,
Brampton, L6T 5M4

| | |
|---|---|
| Founder Editor | Jagdish Singh Grewal |
| Managing Director | Parminder Kaur Grewal |
| Contributing Editors | Karam Singh Punia<br>Gyan Singh; Angrej Singh |
| Office Admin | Priya Sodhi |
| Marketing Executives | Priya Sodhi<br>Kamaljeet Kaur |
| Graphic Designer | Satnam Singh |
| Photographer | Kanwaljit Singh Kanwal |
| Distributer | Aman Warraich |


Punjabi Post is a daily newspaper, published *Monday to Friday*. Advertiser is solely responsible for the ads content, releasing Punjabi post from any and all liability arising from Advertiser's use of the ads/advertising materials as permitted in an Agreement or IO. The opinions expressed in the articles & columns are those of the writers, editors or any other staff member at Punjabi post assume no responsibility of any kind. Thank you.















# ਅੱਜ ਦੀਆਂ ਜੰਗਾਂ ਦੀ ਅਗਵਾਈ ਹੈਕਰ ਤੇ ਬਲਾਗਰ ਕਰਦੇ ਹਨ

-ਆਕਾਰ ਪਟੇਲ

ਸਵੇਰ ਦੀਆਂ ਅਖਬਾਰਾਂ ਵਿੱਚ ਛਪੀ ਇੱਕ ਸਟੋਰੀ ਨੇ ਮੇਰੀ ਧਿਆਨ ਖਿੱਚਿਆ। ਇਹ ਭਾਰਤੀ ਹਵਾਈ ਫੌਜ ਦੇ ਦੋ ਸੌ ਹੋਰ ਲੜਾਕੂ ਜਹਾਜ਼ ਚਾਹੁਣ ਅਤੇ ਕਿਹੜਾ ਜਹਾਜ਼ ਲਿਆ ਜਾਵੇ, ਇਸ ਉਤੇ ਵਾਦ ਵਿਵਾਦ ਬਾਰੇ ਸੀ। ਅਸੀਂ ਪਹਿਲਾਂ ਹੀ ਰੂਸ ਦੇ ਬਣੇ ਸੁਖੋਈ ਅਤੇ ਮਿੱਗ ਤੇ ਫਰਾਂਸ ਦੇ ਬਣੇ ਮਿਰਾਜ ਅਤੇ ਰਾਫੇਲ ਜਹਾਜ਼ਾਂ ਦੀਆਂ ਵੱਖ-ਵੱਖ ਸਕੁਐਡਰਨਾਂ ਲਈ ਕੀਮਤ ਚੁਕਾ ਚੁੱਕੇ ਹਾਂ। ਇਨ੍ਹਾਂ ਜਹਾਜ਼ਾਂ ਨੇ ਜ਼ਿਆਦਾ ਜੰਗਾਂ ਨਹੀਂ ਦੇਖੀਆਂ। ਇਨ੍ਹਾਂ ਦੀ ਵਰਤੋਂ ਆਖਰੀ ਵਾਰ ਪੰਜਾਹ ਸਾਲ ਪਹਿਲਾਂ ਇੱਕ ਜੰਗ ਵਿੱਚ ਕੀਤੀ ਗਈ ਸੀ, ਜੋ ਅਸੀਂ ਪਹਿਲਾਂ ਛੇੜੀ ਸੀ। ਇਸ ਤੋਂ ਬਾਅਦ ਇੱਕ-ਦੋ ਮੌਕਿਆਂ ਨੂੰ ਛੱਡ ਕੇ ਜ਼ਿਆਦਾਤਰ ਉਹ ਜ਼ਮੀਨ 'ਤੇ ਹੀ ਰਹੇ ਹਨ। ਲੜਾਕੂ ਜਹਾਜ਼ 100 ਸਾਲ ਪੁਰਾਣੀ ਤਕਨੀਕ ਹੈ, ਜਿਸ ਦੀ ਵਰਤੋਂ ਪਹਿਲੀ ਵਾਰ 1914 ਵਿੱਚ ਵਿਸ਼ਵ ਜੰਗ ਵਿੱਚ ਕੀਤੀ ਗਈ ਸੀ। ਇਨ੍ਹਾਂ ਜਹਾਜ਼ਾਂ ਦੇ ਵਿਰੁੱਧ ਸੁਰੱਖਿਆ ਪ੍ਰਣਾਲੀਆਂ ਵੀ ਸੌ ਸਾਲ ਪੁਰਾਣੀਆਂ ਹਨ ਅਤੇ ਇਹੀ ਕਾਰਨ ਹੈ ਕਿ ਇਨ੍ਹਾਂ ਮਸ਼ੀਨਾਂ ਦੀ ਵਰਤੋਂ ਜੰਗਾਂ 'ਚ ਜ਼ਿਆਦਾ ਨਹੀਂ ਕੀਤੀ ਗਈ ਅਤੇ ਆਪਣੇ ਬੂਤੇ ਉਨ੍ਹਾਂ ਨੇ ਕੋਈ ਜੰਗ ਨਹੀਂ ਜਿਤਾਈ। ਅਮਰੀਕਾ ਨੇ ਆਪਣੀਆਂ ਪਿਛਲੀਆਂ ਜੰਗਾਂ ਗਾਈਡਿਡ ਮਿਜ਼ਾਈਲਾਂ ਦੇ ਨਾਲ ਲੜੀਆਂ, ਕਿਉਂਕਿ ਮਨੁੱਖ ਵੱਲੋਂ ਉਡਾਏ ਜਾਣ ਵਾਲੇ ਜਹਾਜ਼ ਖਤਰਨਾਕ (ਪਾਇਲਟ ਲਈ) ਅਤੇ ਗੈਰ ਪ੍ਰਭਾਵੀ ਹਨ। ਪੁਰਾਣੇ ਲੋਕਾਂ (ਜਨਰਲ ਤੇ ਐਡਮਿਰਲ ਅਤੇ ਅਜਿਹੇ ਲੋਕ ਪੁਰਾਣੇ ਜਾਂ ਬਜ਼ੁਰਗ ਹੀ ਹੁੰਦੇ ਹਨ) ਦੀ ਸੋਚ ਨੂੰ ਬਦਲਣਾ ਔਖਾ ਹੁੰਦਾ ਹੈ। ਇਸ ਲਈ ਸਰਕਾਰਾਂ ਅਤੇ ਦੇਸ਼ ਉਸ ਸੋਚ ਦੇ ਪਿੱਛੇ ਬਹੁਤ ਸਾਰਾ ਧਨ ਲਾਉਂਦੀਆਂ ਹਨ, ਜੋ ਪੁਰਾਣੇ ਜ਼ਮਾਨੇ ਦੀ ਅਤੇ ਕਾਫੀ ਬੇਕਾਰ ਹੁੰਦੀ ਹੈ।

ਇਹ ਨਵਾਂ ਨਹੀਂ ਹੈ ਅਤੇ ਹਮੇਸ਼ਾ ਤੋਂ ਯੋਧਿਆਂ ਦਾ ਤਰੀਕਾ ਰਿਹਾ ਹੈ, ਜਿਸ ਵਿਅਕਤੀ ਨੇ ਦੂਜੀ ਵਿਸ਼ਵ ਜੰਗ 'ਚ ਬਹੁਤ ਸਾਰੀਆਂ ਸਫਲ ਜਰਮਨ ਯੁੱਧ ਨੀਤੀਆਂ ਵਿਕਸਿਤ ਕੀਤੀਆਂ ਸਨ, ਉਹ ਹੇਨਜ ਗੁਡੇਰੀਅਨ ਨਾਂਅ ਦਾ ਇੱਕ ਫੌਜੀ ਸੀ। ਉਹ ਲਿਖਦਾ ਹੈ ਕਿ ਉਸ ਨੇ ਫੌਜ 'ਚ ਟੈਂਕ ਸ਼ਾਮਲ ਕਰਨ ਲਈ ਸਖਤ ਯਤਨ ਕੀਤੇ, ਪਰ ਉਸ ਦੇ ਜਨਰਲ ਸਹਿਮਤ ਨਹੀਂ ਸਨ। ਉਹ ਆਪਣੀ ਫਾਰਮੇਸ਼ਨਜ਼ ਨਾਲ ਜੁੜੇ ਰਹਿਣਾ ਚਾਹੁੰਦੇ ਸਨ, ਜਿਨ੍ਹਾਂ ਵਿੱਚ ਘੋੜੇ ਸਨ ਅਤੇ ਉਸ ਨਵੀਂ ਤਕਨੀਕ ਨੂੰ ਸਮਝਣਾ ਜਾਂ ਉਸ 'ਤੇ ਵਿਸ਼ਵਾਸ ਨਹੀਂ ਕਰਨਾ ਚਾਹੁੰਦੇ ਸਨ, ਜਿਸ ਨੂੰ ਗੁਡੇਰੀਅਨ ਉਤਸ਼ਾਹਤ ਕਰਨ ਦਾ ਯਤਨ ਕਰ ਰਿਹਾ ਸੀ। ਅਖੀਰ ਸੀਨੀਅਰ ਫੌਜੀ ਹਾਰ ਗਏ ਅਤੇ ਜਰਮਨੀ 'ਚ ਅਤਿਅੰਤ ਸ਼ਕਤੀਸ਼ਾਲੀ ਮੈਕੇਨਾਈਜ਼ਡ ਆਰਮਡ ਡਵੀਜ਼ਨਜ਼ ਵਿਕਸਿਤ ਕੀਤੀਆਂ ਗਈਆਂ, ਜਿਨ੍ਹਾਂ ਨੇ ਫਰਾਂਸ ਨੂੰ ਹਰਾਉਣ ਅਤੇ ਰੂਸ 'ਤੇ ਲਗਭਗ ਜਿੱਤ ਹਾਸਲ ਕਰਨ ਵਿੱਚ ਮਦਦ ਕੀਤੀ। ਸਮੇਂ ਦੇ ਨਾਲ ਟੈਂਕ ਵੀ ਬੇਕਾਰ ਹੋ ਗਏ।

ਕੁਝ ਦਹਾਕੇ ਪਹਿਲਾਂ ਬ੍ਰਸੇਲਜ਼ 'ਚ ਨਾਰਥ ਅਟਲਾਂਟਿਕ ਟ੍ਰੀਟੀ ਆਰਗੇਨਾਈਜ਼ੇਸ਼ਨ (ਨਾਟੋ) ਦੇ ਮੁੱਖ ਦਫਤਰ 'ਚ ਮੈਂ ਇੱਕ ਮਹਿਮਾਨ ਸੀ। ਇਸ ਸੰਗਠਨ ਦਾ ਗਠਨ 1949 ਵਿੱਚ ਸੋਵੀਅਤ ਯੂਨੀਅਨ ਵੱਲੋਂ ਆ ਰਹੇ ਖਤਰੇ ਦੇ ਵਿਰੁੱਧ ਪੱਛਮੀ ਯੂਰਪ ਨੂੰ ਇਕਜੁੱਟ ਕਰਨ ਲਈ ਕੀਤਾ ਗਿਆ ਸੀ। ਸੋਵੀਅਤ ਯੂਨੀਅਨ (ਯੂ ਐੱਸ ਐੱਸ ਆਰ) ਤਾਂ ਟੁੱਟ ਗਿਆ ਸੀ, ਪਰ 'ਨਾਟੋ' ਅਜੇ ਵੀ ਫੌਜੀ ਗਠਜੋੜ ਦੇ ਤੌਰ 'ਤੇ ਕਾਇਮ ਸੀ, ਜਿੱਥੇ ਹਰ ਭਾਈਵਾਲ ਦੇਸ਼ ਨੂੰ ਜ਼ਰੂਰੀ ਤੌਰ 'ਤੇ ਆਪਣੇ ਫੌਜੀਆਂ ਤੇ ਧਨ ਦਾ ਯੋਗਦਾਨ ਦੇਣਾ ਹੁੰਦਾ ਸੀ। 'ਨਾਟੋ' ਨੇ ਟੈਂਕਾਂ 'ਤੇ ਬਹੁਤ ਸਾਰਾ ਧਨ ਖਰਚ ਕੀਤਾ ਕਿਉਂਕਿ ਯੂਰਪ ਨੂੰ ਰਣਨੀਤਕ ਖਤਰਾ ਸਪੱਸ਼ਟ ਤੌਰ 'ਤੇ ਪੋਲੈਂਡ ਰਾਹੀਂ ਰੂਸੀ ਬਖਤਰਬੰਦ ਹਮਲੇ ਦਾ ਸੀ। ਦੂਜੀ ਵਿਸ਼ਵ ਜੰਗ ਦੇ ਆਖਰੀ ਹਿੱਸੇ ਵਿੱਚ ਰੂਸ ਨੇ ਵਿਸ਼ਾਲ ਬਖਤਰਬੰਦ ਜੰਗਾਂ 'ਚ ਹਿਟਲਰ ਦੀਆਂ ਫੌਜਾਂ ਨੂੰ ਹਰਾ ਦਿੱਤਾ, ਜਿਨ੍ਹਾਂ ਵਿੱਚ ਹਜ਼ਾਰਾਂ ਦੀ ਗਿਣਤੀ ਵਿੱਚ ਟੈਂਕਾਂ ਨੇ ਹਿੱਸਾ ਲਿਆ। ਇਸੇ ਤਰ੍ਹਾਂ ਪੱਛਮੀ ਯੂਰਪ ਨੇ ਟੈਂਕਾਂ ਵਿਰੁੱਧ ਸੁਰੱਖਿਆ ਵਿਕਸਿਤ ਕਰਨ 'ਤੇ ਅਰਬਾਂ ਖਰਚ ਕੀਤੇ, ਹਾਲਾਂਕਿ ਜੰਗੀ ਕਲਾਂ 'ਚ ਤੇਜ਼ੀ ਨਾਲ ਵਿਕਾਸ ਹੋਇਆ ਅਤੇ ਸੋਵੀਅਤ ਯੂਨੀਅਨ ਦਾ ਹਮਲਾ ਤੇ ਰੱਖਿਆਤਮਕ ਰਣਨੀਤੀਆਂ ਐਟਮੀ ਮਿਜ਼ਾਈਲਾਂ ਤੇ ਪਣਡੁੱਬੀਆਂ ਵਿੱਚ ਬਦਲ ਗਈਆਂ, ਜਦ ਕਿ ਕਮਿਊਨਿਜ਼ ਫੈਲਾਉਣ ਰਾਹੀਂ ਸਰਕਾਰਾਂ ਉੱਤੇ ਕਬਜ਼ਾ ਕਰਨ 'ਤੇ ਵੀ ਧਿਆਨ ਕੇਂਦਰਿਤ ਕੀਤਾ ਗਿਆ। 'ਨਾਟੋ' ਦੇ ਟੈਂਕ ਅੱਜ ਕਿਸੇ ਕੰਮ ਦੇ ਨਹੀਂ ਤੇ ਅਮਰੀਕਾ ਯੂਰਪੀ ਦੇਸ਼ਾਂ 'ਤੇ ਨਾਟੋ ਲਈ ਉਚਿਤ ਧਨ ਦਾ ਯੋਗਦਾਨ ਨਾ ਕਰਨ ਦਾ ਸਹੀ ਦੋਸ਼ ਲਾਉਂਦਾ ਹੈ ਕਿਉਂਕਿ ਕਿਸੇ ਨੂੰ ਵੀ ਅਸਲ 'ਚ ਉਸੇ ਰੌਸ਼ਨੀ ਵਿੱਚ ਅੱਜ ਰੂਸੀ ਖਤਰਾ ਦਿਖਾਈ ਨਹੀਂ ਦਿੰਦਾ।

ਸਾਲ 2020 ਤੋਂ ਅਸੀਂ ਕੁਝ ਹਫਤੇ ਹੀ ਦੂਰ ਹਾਂ। ਅੱਜ ਟੈਂਕਾਂ ਅਤੇ ਲੜਾਕੂ ਜਹਾਜ਼ਾਂ ਦੇ ਨਾਲ ਖੁਦ ਨੂੰ ਲੈਸ ਕਰਨਾ ਓਨਾ ਹੀ ਬੇਕਾਰ ਹੈ, ਜਿੰਨਾ 1920 ਵਿੱਚ ਜ਼ਿਆਦਾ ਘੋੜੇ ਖਰੀਦਣਾ ਸੀ। ਡੋਨਾਲਡ ਟਰੰਪ ਦੀ ਚੋਣ ਇਹ ਦਰਸਾਉਂਦੀ ਹੈ। ਰੂਸ ਨਹੀਂ ਚਾਹੁੰਦਾ ਸੀ ਕਿ ਹਿਲੇਰੀ ਕਲਿੰਟਨ ਚੁਣੀ ਜਾਵੇ ਤੇ ਸੋਚਦਾ ਸੀ ਕਿ ਜੇ ਟਰੰਪ ਜਿੱਤੇ ਤਾਂ ਬਿਹਤਰ ਹੋਵੇਗਾ। ਇਹ ਸੀ ਆਈ ਏ ਅਤੇ ਐੱਫ ਬੀ ਆਈ ਦੀਆਂ ਪੜਤਾਲਾਂ ਦਾ ਨਤੀਜਾ ਹੈ। ਰੂਸ ਨੇ ਆਪਣੇ ਉਦੇਸ਼ ਪ੍ਰਾਪਤ ਕਰਨ ਲਈ ਇੱਕ ਜੰਗ ਛੇੜੀ। ਇਹ ਜੰਗ ਸੋਸ਼ਲ ਮੀਡੀਆ ਰਾਹੀਂ ਛੇੜੀ ਗਈ, ਜਿੱਥੇ ਇਸ ਨੇ ਫਰਜ਼ੀ ਖਬਰਾਂ ਦੀ ਵਰਤੋਂ ਕੀਤੀ ਤੇ ਅਮਰੀਕੀ ਦਸਤਾਵੇਜ਼ਾਂ ਨੂੰ ਪ੍ਰਭਾਵਤ ਕਰਨ ਲਈ ਪ੍ਰਚਾਰ ਕੀਤਾ। ਵਲਾਦੀਮੀਰ ਪੁਤਿਨ ਨੇ ਆਪਣਾ ਉਦੇਸ਼ ਹਾਸਲ ਕਰ ਲਿਆ ਅਤੇ ਅਮਰੀਕਾ 'ਤੇ ਆਪਣੀ ਇੱਛਾ ਥੋਪਣ 'ਚ ਸਮਰੱਥ ਸਨ। ਰੂਸ ਨੇ ਕਿੰਨਾ ਧਨ ਖਰਚ ਕੀਤਾ? 1.13 ਕਰੋੜ ਰੁਪਏ ਜਿੰਨਾ।

ਅੱਜ ਇੱਕ ਦੇਸ਼ ਕਿਸੇ ਹੋਰ ਦੇਸ਼ ਨੂੰ ਉਸ ਦੇ ਹਿੱਤਾਂ ਤੋਂ ਵੱਖ ਕਰ ਕੇ ਉਸ ਨੂੰ ਗੋਡਿਆਂ 'ਤੇ ਲਿਆ ਸਕਦਾ ਹੈ। ਕਿਸੇ ਹੋਰ ਦੇਸ਼ ਦੇ ਅੰਦਰ ਜੰਗ ਦਾ ਮਾਹੌਲ ਪੈਦਾ ਕਰਨ ਲਈ ਕੋਈ ਦੇਸ਼ ਸੋਸ਼ਲ ਮੀਡੀਆ ਦੀ ਵਰਤੋਂ ਕਰ ਸਕਦਾ ਹੈ। ਨਫਰਤ ਫੈਲਾ ਕੇ ਆਬਾਦੀ ਦੇ ਇੱਕ ਹਿੱਸੇ ਨੂੰ ਦੂਜੇ ਵਿਰੁੱਧ ਕਰਨਾ। ਟੈਂਕਾਂ ਜਾਂ ਜਹਾਜ਼ਾਂ ਜਾਂ ਮਿਜ਼ਾਈਲਾਂ ਦੀ ਕੋਈ ਲੋੜ ਨਹੀਂ, ਦੇਸ਼ ਨੂੰ ਕਾਫੀ ਆਸਾਨੀ ਨਾਲ ਜਿੱਤਿਆ ਤੇ ਕਮਜ਼ੋਰ ਬਣਾਇਆ ਜਾ ਸਕਦਾ ਹੈ। ਕੁਝ ਸਾਲ ਪਹਿਲਾਂ ਅਸੀਂ 36 ਰਾਫੇਲ ਖਰੀਦਣ ਲਈ 59 ਹਜ਼ਾਰ ਕਰੋੜ ਰੁਪਏ ਖਰਚ ਕੀਤੇ ਅਤੇ ਸਾਨੂੰ ਨਹੀਂ ਪਤਾ ਕਿ ਉਨ੍ਹਾਂ ਦੀ ਵਰਤੋਂ ਹੋਵੇਗੀ ਜਾਂ ਨਹੀਂ, ਸ਼ਾਇਦ ਕਦੇ ਵੀ ਨਹੀਂ। ਮੌਜੂਦਾ ਸਮੇਂ ਵਿੱਚ ਦੇਸ਼ਾਂ ਵਿਚਾਲੇ ਜੰਗਾਂ ਸਰਹੱਦ 'ਤੇ ਫੌਜੀਆਂ ਦੀ ਵਿਸ਼ਾਲ, ਸੰਗਠਿਤ ਫਾਰਮੇਸ਼ਨਜ਼ ਵਿੱਚ ਨਹੀਂ ਲੜੀਆਂ ਜਾਣਗੀਆਂ। ਉਹ ਆਬਾਦੀ ਦੇ ਅੰਦਰ ਲੜੀਆਂ ਜਾ ਰਹੀਆਂ ਹਨ ਅਤੇ ਬਲਾਂ ਦੀ ਅਗਵਾਈ ਜਨਰਲ ਨਹੀਂ, ਸਗੋਂ ਹੈਕਰਜ਼ ਅਤੇ ਬਲਾਗਰਜ਼ ਕਰਦੇ ਹਨ, ਜੋ ਆਪਣਾ ਕੰਮ ਆਪਣੀ ਮਰਜ਼ੀ ਨਾਲ ਦੁਨੀਆ ਦੇ ਕਿਸੇ ਵੀ ਹਿੱਸੇ ਤੋਂ ਕਰ ਸਕਦੇ ਹਨ। ਅਸੀਂ ਸੋਚਦੇ ਹਾਂ ਕਿ ਕੌਮੀ ਸੁਰੱਖਿਆ ਬਹੁਤ ਗੰਭੀਰ ਮਾਮਲਾ ਹੈ ਅਤੇ ਸਾਨੂੰ ਆਪਣੇ ਲਈ ਸਹੀ ਚੀਜ਼ ਕਰਨ ਲਈ ਜਨਰਲਾਂ 'ਤੇ ਭਰੋਸਾ ਕਰਨਾ ਚਾਹੀਦਾ ਹੈ, ਪਰ ਜਿਵੇਂ ਗੁਡੇਰੀਅਨ ਜਾਣਦਾ ਹੈ, ਇਹ ਹਮੇਸ਼ਾ ਸਮਝ ਵਾਲਾ ਨਹੀਂ ਹੁੰਦਾ।

# ਹਲਕਾ ਫੁਲਕਾ

ਪਹਿਲਾ ਆਦਮੀ, "ਤੂੰ ਮੇਰੀ ਜੇਬ ਵਿੱਚ ਹੱਥ ਕਿਉਂ ਪਾਇਆ?"
ਦੂਸਰਾ ਆਦਮੀ, "ਮੈਂ ਮਾਚਿਸ ਲੈ ਰਿਹਾ ਸੀ।"
ਪਹਿਲਾ ਆਦਮੀ, "ਮੰਗ ਨਹੀਂ ਸਕਦਾ ਸੀ?"
ਦੂਸਰਾ ਆਦਮੀ, "ਮੈਂ ਅਣਜਾਣ ਲੋਕਾਂ ਨਾਲ ਗੱਲ ਨਹੀਂ ਕਰਦਾ।"

*********

ਸੁਰਜੀਤ ਪਿਕਨਿਕ 'ਤੇ ਪਤਨੀ ਨੂੰ ਸ਼ਮਸ਼ਾਨਘਾਟ 'ਚ ਲੈ ਆਇਆ। ਪਤਨੀ, "ਇਹ ਕਿੱਥੇ ਲੈ ਕੇ ਆ ਗਏ।"
ਸੁਰਜੀਤ, "ਓ ਪਾਗਲੇ, ਲੋਕ ਤਾਂ ਮਰਦੇ ਹਨ ਇਥੇ ਆਉਣ ਲਈ।"

*********

ਪਿਤਾ (ਬੰਟੀ ਨੂੰ), "ਬੰਟੀ, ਮੈਂ ਤੈਨੂੰ ਫੁੱਲ ਤੋੜ ਕੇ ਲਿਆਉਣ ਲਈ ਕਿਹਾ, ਪਰ ਤੂੰ ਟਾਹਣੀ ਸਮੇਤ ਤੋੜ ਲਿਆਇਆਂ। ਇਹ ਗਲਤੀ ਕਿਉਂ ਕੀਤੀ?"
ਬੰਟੀ, "ਕਿਉਂਕਿ ਪਾਪਾ, ਉਥੇ ਲਿਖਿਆ ਸੀ ਕਿ ਫੁੱਲ ਤੋੜਨਾ ਮਨ੍ਹਾ ਹੈ। ਇਸ ਲਈ ਮੈਂ ਟਾਹਣੀ ਸਮੇਤ ਤੋੜ ਲਿਆਇਆਂ।"

# ਖੁਸ਼ੀਆਂ ਦੀ ਫੁਹਾਰ ਲੋਕ ਨਾਚ

-ਸੁਖਦੇਵ ਮਾਦਪੁਰੀ



ਕਿਸੇ ਖੁਸ਼ੀ ਦੇ ਮੌਕੇ ਉੱਤੇ ਜਦੋਂ ਸਾਡੇ ਅੰਦਰੋਂ ਖੁਸ਼ੀ ਦੀਆਂ ਤਰੰਗਾਂ ਉਠਦੀਆਂ ਹਨ ਤਾਂ ਸਾਡਾ ਮਨ ਵਜਦ ਵਿੱਚ ਆ ਜਾਂਦਾ ਹੈ ਤੇ ਅਸੀਂ ਆਪਣੇ ਸਰੀਰ ਦੀਆਂ ਹਰਕਤਾਂ ਰਾਹੀ ਇਸ ਦਾ ਪ੍ਰਗਟਾਵਾ ਕਰਦੇ ਹਾਂ। ਰਾਗ ਤੇ ਤਾਲ ਦੇ ਸੁਮੇਲ ਨਾਲ ਮਨੁੱਖ ਨੱਚ ਉਠਦਾ ਹੈ। 'ਕੱਲੇ ਮਨੁੱਖ ਦੀ ਖੁਸ਼ੀ ਵਿੱਚ ਸ਼ਾਮਲ ਹੋਣ ਲਈ ਜਦੋਂ ਉਸ ਦੇ ਦੂਸਰੇ ਸਾਥੀ ਉਸ ਨਾਲ ਰਲ ਕੇ ਨੱਚਣ ਲੱਗ ਜਾਂਦੇ ਹਨ ਤਾਂ ਇਹ ਨਾਚ ਸਮੂਹਕ ਨਾਚ ਦਾ ਰੂਪ ਧਾਰ ਲੈਂਦਾ ਹੈ, ਜਿਸ ਨੂੰ ਅਸੀਂ ਲੋਕ ਨਾਚ ਦਾ ਨਾਂ ਦਿੰਦੇ ਹਾਂ।

ਲੋਕ-ਨਾਚ ਮਨ ਦੀ ਖੁਸ਼ੀ ਦਾ ਸਰੀਰਕ ਪ੍ਰਗਟਾਵਾ ਹੈ। ਇਹ ਉਹ ਚਸ਼ਮਾ ਹੈ, ਜਿਸ ਵਿੱਚੋਂ ਖੁਸ਼ੀ ਦੀਆਂ ਫੁਹਾਰਾਂ ਆਪ ਮੁਹਾਰੇ ਵਹਿ ਟੁਰਦੀਆਂ ਹਨ। ਲੋਕ ਨਾਚ ਬਿਨਾਂ ਕਿਸੇ ਨਿਯਮ ਦੀ ਬੰਧੇਜ ਦੇ ਮੌਜ ਵਿੱਚ ਨੱਚਿਆ ਜਾਂਦਾ ਹੈ। ਇਸ ਨੂੰ ਸਿੱਖਣ ਲਈ ਕਿਸੇ ਉਸਤਾਦ ਦੀ ਲੋੜ ਨਹੀਂ, ਨਾ ਹੀ ਕੋਈ ਵਿਸ਼ੇਸ਼ ਸਿੱਖਿਆ ਲਈ ਜਾਂਦੀ ਹੈ। ਲੋਕ ਨਾਚ ਦੀਆਂ ਮੁਦਰਾਵਾਂ ਸਾਧਾਰਨ ਲੋਕਾਂ ਦੀ ਜ਼ਿੰਦਗੀ ਵਾਂਗ ਬੜੀਆਂ ਸਿੱਧੀਆਂ ਤੇ ਸਪੱਸ਼ਟ ਹੁੰਦੀਆਂ ਹਨ। ਜਨ ਸਾਧਾਰਨ ਦੀ ਜ਼ਿੰਦਗੀ ਇਨ੍ਹਾਂ ਨਾਚਾਂ ਵਿੱਚ ਧੜਕਦੀ ਹਨ। ਇਹ ਸਾਡੇ ਸੱਭਿਆਚਾਰ ਦਾ ਦਰਪਣ ਹਨ। ਕਿਸੇ ਇਲਾਕੇ ਦੀ ਭੂਗੋਲਿਕ, ਰਾਜਨੀਤਕ ਤੇ ਸਮਾਜਿਕ ਸਥਿਤੀ ਅਨੁਸਾਰ ਲੋਕ ਨਾਚਾਂ ਦੀ ਰੂਪ ਰੇਖਾ ਉਭਰਦੀ ਹੈ। ਪਹਾੜੀ, ਮੈਦਾਨੀ ਤੇ ਸਾਗਰੀ ਇਲਾਕੇ ਵਿੱਚ ਅੰਤਰ ਹੈ। ਕਈ ਇਲਾਕਿਆਂ ਵਿੱਚ ਮਰਦ ਤੀਵੀਆਂ ਰਲ ਕੇ ਨੱਚਦੇ ਹਨ, ਕਈਆਂ ਵਿੱਚ 'ਕੱਠਿਆਂ ਨੱਚਣ ਦੀ ਮਨਹੀ ਹੈ।

ਪੰਜਾਬ ਦੇ ਲੋਕ ਨਾਚ ਪੰਜਾਬੀ ਸੱਭਿਆਚਾਰ ਦੀ ਮੂੰਹ ਬੋਲਦੀ ਤਸਵੀਰ ਹਨ। ਪੰਜਾਬ ਦੀ ਭੂਗੋਲਿਕ ਤੇ ਰਾਜਨੀਤਕ ਸਥਿਤੀ ਅਨੁਸਾਰ ਪੰਜਾਬੀਆਂ ਨੂੰ ਮੁੱਢ ਤੋਂ ਵਿਦੇਸ਼ੀ ਹਮਲਾਵਰਾਂ ਨਾਲ ਜੂਝਣਾ ਪਿਆ ਹੈ। ਪੰਜਾਬੀਆਂ ਦੇ ਜੁੱਸੇ ਬੜੇ ਨਰੋਏ ਤੇ ਖੂਬਸੂਰਤ ਹਨ। ਪੰਜਾਬ ਦੀ ਉਪਜਾਊ ਧਰਤੀ, ਇਸ ਦੇ ਮੇਲ੍ਹਦੇ ਦਰਿਆਂ, ਲਹਿਰਾਉਂਦੀਆਂ ਫਸਲਾਂ ਤੇ ਪੈਲਾਂ ਪਾਉਂਦੀਆਂ ਮੁਟਿਆਰਾਂ ਪੰਜਾਬੀਆਂ ਨੂੰ ਸਦਾ ਟੁੰਬਦੀਆਂ ਰਹੀਆਂ ਹਨ। ਪੰਜਾਬੀਆਂ ਦੇ ਸੁਭਾਅ ਅਤੇ ਮਰਦਾਊਪੁਣੇ ਦੇ ਲੱਛਣ ਪੰਜਾਬ ਦੇ ਲੋਕ ਨਾਚਾਂ ਵਿੱਚ ਆਮ ਦਿਸ ਪੈਂਦੇ ਹਨ। ਭੰਗੜਾ, ਗਿੱਧਾ, ਝੂਮਰ, ਲੁੱਡੀ, ਧਮਾਲ, ਸੰਮੀ ਅਤੇ ਕਿੱਕਲੀ ਆਦਿ ਪੰਜਾਬੀਆਂ ਦੇ ਹਰਮਨ ਪਿਆਰੇ ਨਾਚ ਹਨ।

ਪੱਛਮੀ ਪੰਜਾਬ ਦੇ ਜ਼ਿਲ੍ਹੇ ਸ਼ੇਖੂਪੁਰਾ, ਗੁਜਰਾਵਾਲਾਂ ਅਤੇ ਸਿਆਲਕੋਟ ਵਿੱਚ ਭੰਗੜਾ ਆਮ ਪਾਇਆ ਜਾਂਦਾ ਸੀ। ਦੇਸ਼ ਆਜ਼ਾਦ ਹੋਣ ਪਿੱਛੋਂ ਇਸ ਇਲਾਕੇ ਦੇ ਸ਼ਰਨਾਰਥੀ ਪੰਜਾਬ ਦੇ ਦੂਜੇ ਹਿੱਸਿਆਂ ਵਿੱਚ ਆ ਕੇ ਵਸ ਗਏ ਤੇ ਇਹ ਨਾਚ ਪੂਰਬੀ ਪੰਜਾਬ ਵਿੱਚ ਪ੍ਰਚੱਲਿਤ ਹੋ ਗਿਆ। ਜੋਸ਼ ਭਰੇ ਇਸ ਨਾਚ ਨੂੰ ਨੱਚਣ ਲਈ ਨਰੋਏ ਜੁੱਸੇ ਅਤੇ ਫੁਰਤੀਲੇ ਸਰੀਰ ਦੀ ਲੋੜ ਹੈ। ਅਪਰੈਲ ਦੇ ਮਹੀਨੇ ਜਦੋਂ ਕਿਸਾਨ ਆਪਣੀ ਕਣਕ ਦੇ ਸੁਨਹਿਰੀ ਸਿੱਟਿਆਂ ਨੂੰ ਵੇਖਦਾ ਹੈ ਤਾਂ ਉਸ ਦਾ ਮਨ ਹੁਲਾਰੇ ਵਿੱਚ ਆ ਜਾਂਦਾ ਹੈ। ਉਸ ਦੀ ਖੁਸ਼ੀ ਦਾ ਪ੍ਰਗਟਾਵਾ ਭੰਗੜੇ ਦੇ ਰੂਪ ਵਿੱਚ ਹੁੰਦਾ ਹੈ। ਇਹ ਨਾਚ ਭਾਵੇਂ ਹਰ ਖੁਸ਼ੀ ਮੌਕੇ ਨੱਚਿਆ ਜਾ ਸਕਦਾ ਹੈ, ਪਰ ਇਸ ਦਾ ਅਟੁੱਟ ਸਬੰਧ ਵਿਸਾਖੀ ਦੇ ਤਿਉਹਾਰ ਨਾਲ ਜੁੜਿਆ ਹੋਇਆ ਹੈ।

ਗਿੱਧਾ ਪੰਜਾਬ ਦੇ ਮਾਲਵੇ ਦੇ ਇਲਾਕੇ ਦਾ ਮੁਟਿਆਰਾਂ ਦਾ ਮਨਮੋਹਕ ਨਾਚ ਹੈ। ਗਿੱਧਾ ਕਿਸੇ ਵੀ ਖੁਸ਼ੀ ਮੌਕੇ ਪਾਇਆ ਜਾ ਸਕਦਾ ਹੈ। ਮੁੰਡੇ ਦੀ ਛਟੀ, ਲੋਹੜੀ ਤੇ ਵਿਆਹ ਮੌਕੇ ਵਿਸ਼ੇਸ਼ ਤੌਰ 'ਤੇ ਪਾਇਆ ਜਾਂਦਾ ਹੈ। ਸਾਉਣ ਦੇ ਮਹੀਨੇ ਪੰਜਾਬੀ ਮੁਟਿਆਰਾਂ ਇਸ ਨੂੰ ਇੱਕ ਤਿਉਹਾਰ ਦੇ ਰੂਪ ਵਿੱਚ ਮਨਾਉਂਦੀਆਂ ਹਨ, ਜਿਸ ਨੂੰ ਤੀਆਂ ਦਾ ਤਿਉਹਾਰ ਆਖਦੇ ਹਨ।

ਗਿੱਧਾ ਪਾਉਣ ਵੇਲੇ ਕੇਵਲ ਨੱਚਿਆ ਨਹੀਂ ਜਾਂਦਾ, ਸਗੋਂ ਮਨ ਦੇ ਭਾਵ ਪ੍ਰਗਟਾਉਣ ਲਈ ਨਾਲ ਬੋਲੀਆਂ ਪਾਈਆਂ ਜਾਂਦੀਆਂ ਹਨ, ਜਿਨ੍ਹਾਂ ਨੂੰ ਗਿੱਧੇ ਦੀਆਂ ਬੋਲੀਆਂ ਆਖਦੇ ਹਨ। ਇਨ੍ਹਾਂ ਬੋਲੀਆਂ ਰਾਹੀਂ ਕੁੜੀਆਂ ਆਪਣੇ ਮਨਾਂ ਦੇ ਹਾਵ ਭਾਵ ਪ੍ਰਗਟ ਕਰਦੀਆਂ ਹਨ।

ਗਿੱਧਾ ਕੇਵਲ ਤੀਵੀਆਂ ਨਹੀਂ ਪਾਉਂਦੀਆਂ, ਸਗੋਂ ਵੀ ਪਾਉਂਦੇ ਹਨ। ਉਨ੍ਹਾਂ ਦੇ ਗਿੱਧੇ ਦਾ ਰੰਗ ਤੀਵੀਆਂ ਦੇ ਗਿੱਧੇ ਵਾਂਗ ਨਹੀਂ ਹੁੰਦਾ। ਗਿੱਧਾ ਪਾਉਣ ਦਾ ਢੰਗ ਤਾਂ ਔਰਤਾਂ ਵਾਲਾ ਹੈ, ਪਰ ਔਰਤਾਂ ਵਾਲੇ ਨਾਚ ਦੀ ਲਚਕ ਮਰਦਾਂ ਵਿੱਚ ਨਹੀਂ ਹੁੰਦੀ। ਉਨ੍ਹਾਂ ਦਾ ਵਧੇਰੇ ਜ਼ੋਰ ਬੋਲੀਆਂ 'ਤੇ ਹੀ ਹੁੰਦਾ ਹੈ। ਜੇ ਮਰਦਾਂ ਦਾ ਗਿੱਧਾ ਵੇਖਣ ਹੋਵੇ ਤਾਂ ਛਪਾਰ ਦੇ ਮੇਲੇ 'ਤੇ ਇਸ ਦਾ ਆਨੰਦ ਮਾਣਿਆ ਜਾ ਸਕਦਾ ਹੈ।

ਲੁੱਡੀ ਪੰਜਾਬੀਆਂ ਦਾ ਬੜਾ ਮਨਮੋਹਕ ਨਾਚ ਰਿਹਾ ਹੈ। ਇਹ ਆਮ ਕਰਕੇ ਕਿਸੇ ਜਿੱਤ ਦੀ ਖੁਸ਼ੀ ਵਿੱਚ ਨੱਚਿਆ ਜਾਂਦਾ ਸੀ। ਕਿਸੇ ਮੁਕੱਦਮਾ ਜਿੱਤਿਆ ਜਾਂ ਖੇਡ ਦੇ ਮੈਦਾਨ ਵਿੱਚ ਮੱਲ ਮਾਰੀ ਹੈ ਤਾਂ ਝੱਟ ਢੋਲੀ ਨੂੰ ਬੁਲਾ ਕੇ ਜਿੱਤ ਦੀ ਖੁਸ਼ੀ ਦਾ ਪ੍ਰਗਟਾਵਾ ਲੁੱਡੀ ਪਾ ਕੇ ਹੀ ਕੀਤਾ ਜਾਂਦਾ ਸੀ। ਵਿਆਹ ਦੇ ਮੌਕੇ, ਮੁੰਡੇ ਦੀ ਛਟੀ, ਫਸਲ ਦੀ ਵਾਢੀ ਉੱਤੇ ਆਮ ਕਰਕੇ ਅਤੇ ਮੇਲਿਆਂ ਮੁਸਾਵਿਆ 'ਤੇ ਖਾਸ ਕਰਕੇ ਲੁੱਡੀ ਪਾਈ ਜਾਂਦੀ ਸੀ। ਢੋਲੀ ਆਪਣੇ ਢੋਲ 'ਤੇ ਡੱਗਾ ਮਾਰਦਾ ਹੈ ਤੇ ਲੁੱਡੀ ਦਾ ਤਾਲ ਵਜਾਉਂਦਾ ਹੈ। ਉਸ ਦੀ ਆਵਾਜ਼ ਨਾਲ ਗੱਭਰੂ ਢੋਲੀ ਦੇ ਦੁਆਲੇ ਗੋਲ ਦਾਇਰੇ ਵਿੱਚ ਘੇਰਾ ਘੱਤ ਲੈਂਦੇ ਹਨ। ਉਹ ਅੱਖਾਂ ਮਟਕਾਉਂਦੇ, ਮੋਢੇ ਹਲਾਉਂਦੇ, ਲੱਕ ਲਚਕਾਉਂਦੇ ਤੇ ਛਾਤੀ ਅੱਗੇ ਤਾੜੀ ਮਰਦੇ ਹੋਏ ਚੱਕਰ ਵਿੱਚ ਹੌਲੀ-ਹੌਲੀ ਮਸਤ ਚਾਲ ਤੁਰਦੇ ਹਨ। ਫੇਰ ਢੋਲੀ ਇਸ਼ਾਰਾ ਕਰਕੇ ਤਾਲ ਬਦਲਦਾ ਤਾਂ ਤਿੰਨ ਤਾੜੀਆਂ ਵਜਾਈਆਂ ਜਾਂਦੀਆਂ ਹਨ। ਪਹਿਲੀ ਤਾੜੀ ਘੇਰੇ ਦੇ ਅੰਦਰਲੇ ਪਾਸੇ ਝੁਕ ਕੇ, ਦੂਜੀ ਛਾਤੀ ਅੱਗੇ ਤੇ ਤੀਜੀ ਫੇਰ ਘੇਰੇ ਦੇ ਬਾਹਰਲੇ ਪਾਸੇ ਝੁਕ ਕੇ ਮਾਰੀ ਜਾਂਦੀ ਹੈ। ਨਾਲੋ ਨਾਲ ਤਾਲ ਤੇਜ਼ ਹੋ ਜਾਂਦਾ ਹੈ। ਇਸ ਮਗਰੋਂ ਢੋਲੀ ਫੇਰ ਤਾਲ ਬਦਲਦਾ ਹੈ। ਉਸ ਦੇ ਇਸ਼ਾਰੇ ਨਾਲ ਕੁੱਦਿਆ ਜਾਂਦਾ ਹੈ ਤੇ ਫੇਰ ਖੱਬੀ ਬਾਂਹ ਤੇ ਖੱਬੀ ਲੱਤ ਚੁੱਕ ਕੇ ਖੱਬੇ ਸੱਜੇ ਪੈਰ ਨਾਲ ਕੁੱਟਦੇ ਹਨ ਤੇ ਨਾਲ ਹੀ ਬੱਲੇ ਬੱਲੇ, ਬੱਲੇ ਸ਼ੇਰਾ, ਬੱਲੇ ਓਏ ਬੱਗਿਆ ਸ਼ੇਰਾ ਵਾਰ-ਵਾਰ ਜ਼ੋਰ ਨਾਲ ਬੋਲਦੇ ਹਨ। ਕਦੇ-ਕਦੇ ਉਹ ਨੱਚਦੇ ਹੋਏ ਇੱਕ ਪੈਰ ਦੇ ਭਰ ਬਹਿ ਕੇ ਅੱਧਾ ਚੱਕਰ ਕੱਟਦੇ ਹਨ। ਢੋਲੀ ਡੱਗੇ 'ਤੇ ਡੱਗਾ ਮਾਰੀ ਜਾਂਦਾ ਹੈ ਤੇ ਨਾਚ ਦੀ ਗਤੀ ਤੇਜ਼ ਹੋਈ ਜਾਂਦੀ ਹੈ। ਗੱਭਰੂ ਨੱਚਦੇ ਹੋਏ ਹਾਲੋਂ ਬੇਹਾਲ ਹੋ ਜਾਂਦੇ ਹਨ।

ਪੰਜਾਬ ਦੇ ਪਿੰਡਾਂ ਵਿੱਚ ਤਰਕਾਲਾਂ ਸਮੇਂ ਮੋਕਲਿਆਂ ਵਿਹੜਿਆਂ ਅਤੇ ਸੰਘਣੀਆਂ ਟਾਹਲੀਆਂ ਹੇਠੋਂ 'ਕਿੱਕਲੀ ਕਲੀਰ ਦੀ ਪੱਗ ਮੇਰੇ ਵੀਰ ਦੀ' ਦੇ ਬੋਲ ਆਮ ਸੁਣਾਈ ਦਿੰਦੇ ਸਨ। ਇਹ ਬੋਲ ਨਿੱਕੜੀਆਂ ਬੱਚੀਆਂ ਤੇ ਜਵਾਨੀ ਦੀਆਂ ਬਰੂਹਾਂ ਤੇ ਖਲੋਤੀਆਂ ਉਨ੍ਹਾਂ ਮੁਟਿਆਰਾਂ ਦੇ ਹਨ, ਜਿਹੜੀਆਂ ਵਜਦ ਵਿੱਚ ਆ ਕਕੇ ਕਿੱਕਲੀ ਦਾ ਨਾਚ ਨੱਚ ਰਹੀਆਂ ਹੁੰਦੀਆਂ। ਕਿੱਕਲੀ ਪੰਜਾਬੀ ਕੁੜੀਆਂ ਦਾ ਹਰਮਨ ਪਿਆਰਾ ਨਾਚ ਹੈ। ਰੋੜੇ ਖੇਡਦੀਆਂ, ਨਿੱਕੇ ਵੀਰਾਂ ਭੈਣਾਂ ਨੂੰ ਖਿਡਾਉਂਦੀਆਂ ਤੇ ਗੁੱਡੇ ਗੁੱਡੀਆਂ ਦਾ ਕਾਜ ਰਚਾਉਂਦੀਆਂ ਹੋਈਆਂ ਕੁੜੀਆਂ ਦਾ ਮਨ ਜਦੋਂ ਹੁਲਾਰਾ ਖਾ ਕੇ ਮਸਤੀ ਵਿੱਚ ਆਉਂਦਾ ਹੈ ਤਾਂ ਉਹ ਜੋਟੇ ਬਣਾ ਕੇ ਇੱਕ ਦੂਜੇ ਦੇ ਹੱਥਾਂ ਨੂੰ ਕੰਘੀਆਂ ਪਾ ਕੇ ਘੁੰਮਣ ਲੱਗ ਜਾਂਦੀਆਂ ਹਨ। ਘੁੰਮਦਿਆਂ ਘੁੰਮਦਿਆਂ ਉਨ੍ਹਾਂ ਨੂੰ ਘੁਮੇਰ ਚੜ੍ਹ ਜਾਂਦੀ ਹੈ ਤੇ ਉਹ ਧਰਤੀ 'ਤੇ ਲੋਟ ਪੋਟ ਹੋ ਕੇ ਡਿੱਗ ਪੈਂਦੀਆਂ ਹਨ। ਪੰਜਾਬ ਦੇ ਹੋਰਨਾਂ ਨਾਚਾਂ ਵਾਂਗ ਕਿੱਕਲੀ ਪਾਉਣ ਲਈ ਵੀ ਵਿਸ਼ੇਸ਼ ਸਾਮਾਨ ਤੇ ਬੱਝਵੀਂ ਤਕਨੀਕ ਦੀ ਲੋੜ ਨਹੀਂ। ਇਸ ਨੂੰ ਦੋ-ਦੋ ਕੁੜੀਆਂ ਆਹਮੋ ਸਾਹਮਣੇ ਖਲੋ ਕੇ ਸੱਜੇ ਹੱਥ ਨੂੰ ਸੱਜੇ ਨਾਲ ਅਤੇ ਖੱਬੇ ਹੱਥ ਨੂੰ ਖੱਬੇ ਹੱਥ ਨਾਲ ਫੜ ਕੇ ਮਧਾਣੀ ਦੇ ਫੁੱਲਾਂ ਵਾਂਗ ਕੰਘੀਆਂ ਪਾ ਲੈਂਦੀਆਂ ਹਨ। ਇਸ ਮਗਰੋਂ ਉਹ ਆਪੋ ਆਪਣੀਆਂ ਅੱਡੀਆਂ ਨੂੰ ਜੋੜ ਕੇ ਇੱਕ ਦੂਜੀ ਦੇ ਪੈਰਾਂ ਦੀਆਂ ਉਂਗਲਾਂ ਜੋੜਦੀਆਂ ਹਨ ਅਤੇ ਬਾਹਾਂ ਨੂੰ ਤਣ ਕੇ ਆਪਣੇ ਪੈਰਾਂ ਉਪਰ ਚਰਕ ਚੂੰਡੇ ਵਾਂਗ ਘੁੰਮਦੀਆਂ ਹੋਈਆਂ ਗੇੜੇ ਤੇ ਗੇੜਾ ਬੰਨ੍ਹ ਦਿੰਦੀਆਂ ਹਨ।

ਮਸ਼ੀਨੀ ਸੱਭਿਅਤਾ ਦੇ ਵਿਕਾਸ ਕਾਰਨ ਸਾਡੇ ਮਨੋਰੰਜਨ ਦੇ ਸਧਾਨ ਵਧ ਗਏ ਹਨ, ਜਿਸ ਦਾ ਪ੍ਰਭਾਵ ਸਾਡੇ ਨਾਚਾਂ 'ਤੇ ਪਿਆ ਹੈ। ਇਹ ਨਾਚ ਸਾਡੇ ਲੋਕ ਜੀਵਨ ਵਿੱਚੋਂ ਲੋਪ ਹੋ ਰਹੇ ਹਨ। ਜ਼ਿੰਦਗੀ ਦੀ ਦੌੜ ਐਨੀ ਤੇਜ਼ ਹੋ ਗਈ ਹੈ ਕਿ ਲੋਕਾਂ ਵਿੱਚ ਵਿਹਲ ਹੀ ਨਹੀਂ ਰਹੀ ਕਿ ਸਮੂਹਿਕ ਰੂਪ ਵਿੱਚ ਕੋਈ ਨਾਚ ਨੱਚ ਸਕਣ। ਸਕੂਲਾਂ ਅਤੇ ਕਾਲਜਾਂ ਵਿੱਚ ਭੰਗੜੇ ਅਤੇ ਗਿੱਧੇ ਨੂੰ ਸੁਰਜੀਤ ਕਰਨ ਦੇ ਯਤਨ ਹੋ ਰਹੇ ਹਨ। ਇਨ੍ਹਾਂ ਨਾਚਾਂ ਨੂੰ ਮੁੜ ਸੁਰਜੀਤ ਕਰਨ ਦੀ ਅਤਿਅੰਤ ਲੋੜ ਇਹ ਸਾਡੀ ਭਾਈਚਾਰਕ ਸਾਂਝ ਅਤੇ ਸੰਪਰਦਾਇਕ ਏਕਤਾ ਦੇ ਪ੍ਰਤੀਕ ਹਨ।

# ਭਾਰਤ ਵਿੱਚ ਖੂਨਦਾਨ ਅਤੇ ਅੰਗਦਾਨ ਪ੍ਰਤੀ ਉਦਾਸੀਨਤਾ

-ਅਮਰੀਸ਼ ਸਰਕਾਂਗੋ



ਲਗਭਗ 132 ਕਰੋੜ ਲੋਕਾਂ ਦੀ ਆਬਾਦੀ ਵਾਲੇ ਭਾਰਤ ਵਿੱਚ ਹਰ ਸਾਲ ਲੱਖਾਂ ਮੌਤਾਂ ਸਮੇਂ ਸਿਰ ਖੂਨ ਨਾ ਮਿਲਣ ਜਾਂ ਬਦਲੇ ਜਾਣ ਲਈ ਮਨੁੱਖੀ ਅੰਗ ਨਾ ਮਿਲਣ ਕਰ ਕੇ ਹੁੰਦੀਆਂ ਹਨ। ਦੇਸ਼ ਵਿੱਚ ਹਰ ਸਾਲ ਲਗਭਗ 1.5 ਲੱਖ ਲੋਕ ਵੱਖ-ਵੱਖ ਹਾਦਸਿਆਂ ਵਿੱਚ ਮਾਰੇ ਜਾਂਦੇ ਹਨ ਅਤੇ ਅਜਿਹੇ ਲੋਕਾਂ ਵਿੱਚ ਵੱਡੀ ਗਿਣਤੀ ਉਨ੍ਹਾਂ ਲੋਕਾਂ ਦੀ ਹੈ, ਜਿਨ੍ਹਾਂ ਦੇ ਕਈ ਅੰਗ ਬਿਲਕੁਲ ਠੀਕ ਕੰਮ ਕਰ ਰਹੇ ਹੁੰਦੇ ਹਨ ਅਤੇ ਟਰਾਂਸਪਲਾਂਟ ਕੀਤੇ ਜਾ ਸਕਦੇ ਹਨ। ਬੀਮਾਰੀ ਤੋਂ ਇਲਾਵਾ ਜੋ ਮੌਤਾਂ ਹਰ ਸਾਲ ਹੁੰਦੀਆਂ ਹਨ, ਉਨ੍ਹਾਂ 'ਚੋਂ ਵੱਡੀ ਗਿਣਤੀ ਵਿੱਚ ਅਜਿਹੇ ਲੋਕ ਹੁੰਦੇ ਹਨ, ਜਿਨ੍ਹਾਂ ਦੇ ਕਈ ਅੰਗ ਟਰਾਂਸਪਲਾਂਟ ਕਰਨ ਯੋਗ ਹੁੰਦੇ ਹਨ, ਪਰ ਸਾਡੇ ਦੇਸ਼ ਵਿੱਚ ਕਿਸੇ ਦੀ ਮੌਤ ਤੋਂ ਬਾਅਦ ਉਸ ਦੇ ਅੰਗ ਦਾਨ ਕਰਨ ਦਾ ਅੰਕੜਾ ਕਾਫੀ ਘੱਟ ਹੈ। ਪੜ੍ਹੇ-ਲਿਖੇ ਲੋਕਾਂ ਵਿੱਚ ਮੌਤ ਤੋਂ ਬਾਅਦ ਰਿਸ਼ਤੇਦਾਰਾਂ ਦੇ ਅੰਗ ਦਾਨ ਕਰਨ ਪ੍ਰਤੀ ਝਿਜਕ ਦੇਖਣ ਨੂੰ ਮਿਲਦੀ ਹੈ। ਫਿਰ ਘੱਟ ਪੜ੍ਹੇ ਲਿਖੇ ਲੋਕਾਂ ਤੋਂ ਕੀ ਆਸ ਕੀਤੀ ਜਾ ਸਕਦੀ ਹੈ।

ਭਾਰਤ ਵਿੱਚ ਲਗਭਗ ਅੱਸੀ ਲੱਖ ਲੋਕ ਕਾਰਨੀਅਲ ਅੰਨ੍ਹੇਪਣ ਨਾਲ ਪੀੜਤ ਹਨ, ਜਿਨ੍ਹਾਂ ਦੀਆਂ ਅੱਖਾਂ ਦੀ ਰੋਸ਼ਨੀ ਕਾਰਨੀਆ ਟਰਾਂਸਪਲਾਂਟ ਕਰਨ ਨਾਲ ਵਾਪਸ ਆ ਸਕਦੀ ਹੈ। ਦੇਸ਼ ਵਿੱਚ ਹਰ ਸਾਲ ਲਗਭਗ ਇੱਕ ਕਰੋੜ ਲੋਕਾਂ ਦੀ ਕਿਸੇ ਨਾ ਕਿਸੇ ਵਜ੍ਹਾ ਕਰ ਕੇ ਮੌਤ ਹੋ ਜਾਂਦੀ ਹੈ ਤੇ ਇਨ੍ਹਾਂ 'ਚੋਂ ਲੱਖਾਂ ਲੋਕ ਅਜਿਹੇ ਹੁੰਦੇ ਹਨ, ਜਿਨ੍ਹਾਂ ਦੀਆਂ ਅੱਖਾਂ ਮੌਤ ਸਮੇਂ ਪੂਰੀ ਤਰ੍ਹਾਂ ਟਰਾਂਸਪਲਾਂਟ ਦੇ ਕਾਬਿਲ ਹੁੰਦੀਆਂ ਹਨ। ਤਾਜ਼ਾ ਤਕਨੀਕ ਨਾਲ ਇੱਕ ਕਾਰਨੀਆ ਦੇ ਨਾਲ ਇੱਕ ਤੋਂ ਵੱਧ ਅੱਖਾਂ ਦੀ ਰੋਸ਼ਨੀ ਲਿਆਂਦੀ ਜਾ ਸਕਦੀ ਹੈ। ਅੰਕੜਿਆਂ ਦੇ ਹਿਸਾਬ ਨਾਲ ਕਾਰਨੀਅਲ ਅੰਨ੍ਹੇਪਣ ਦੇ ਮਾਮਲੇ ਹਰ ਸਾਲ ਘਟਣੇ ਚਾਹੀਦੇ ਹਨ, ਪਰ ਜਾਗਰੂਕਤਾ ਦੀ ਘਾਟ ਕਾਰਨ ਇਹ ਵਧਦੇ ਜਾ ਰਹੇ ਹਨ।

ਇਸੇ ਤਰ੍ਹਾਂ ਹਰ ਸਾਲ ਭਾਰਤ ਵਿੱਚ ਲਗਭਗ 60000 ਲੋਕਾਂ ਨੂੰ ਲਿਵਰ ਟਰਾਂਸਪਲਾਂਟ ਦੀ ਲੋੜ ਵੀ ਹੁੰਦੀ ਹੈ, ਜੋ ਜ਼ਿੰਦਾ ਇਨਸਾਨ ਦੇ ਲਿਵਰ ਦੇ ਹਿੱਸੇ ਨਾਲ ਪੂਰੀ ਹੋ ਸਕਦੀ ਹੈ, ਪਰ ਲਗਭਗ 1500 ਲਿਵਰ ਹੀ ਟਰਾਂਸਪਲਾਂਟ ਹੁੰਦੇ ਹਨ। ਲਗਭਗ ਦੋ ਲੱਖ ਲੋਕਾਂ ਨੂੰ ਕਿਡਨੀ ਟਰਾਂਸਪਲਾਂਟ ਦੀ ਲੋੜ ਹੁੰਦੀ ਹੈ, ਪਰ ਸਿਰਫ 5000 ਦੀ ਕਿਡਨੀ ਟਰਾਂਸਪਲਾਂਟ ਹੁੰਦੀ ਹੈ। ਇਸੇ ਤਰ੍ਹਾਂ ਹਰ ਸਾਲ ਲਗਭਗ 5000 ਲੋਕਾਂ ਨੂੰ ਦਿਲ ਟਰਾਂਸਪਲਾਂਟ ਕਰਨ ਦੀ ਲੋੜ ਹੁੰਦੀ ਹੈ, ਅਸਲ ਵਿੱਚ ਸਿਰਫ 100 ਕੁ ਦਿਲ ਹੀ ਟਰਾਂਸਪਲਾਂਟ ਹੁੰਦੇ ਹਨ। ਮਨੁੱਖੀ ਅੰਗ ਟਰਾਂਸਪਲਾਂਟ ਕਰਨ ਲਈ ਪੂਰੇ ਦੇਸ਼ ਵਿੱਚ ਚੰਗੀਆਂ ਬੁਨਿਆਦੀ ਸਹੂਲਤਾਂ ਵਾਲੇ ਹਸਪਤਾਲਾਂ ਦੀ ਘਾਟ ਹੈ। ਸਰਕਾਰ ਵੱਲੋਂ ਵੀ ਇਸ ਖੇਤਰ ਵਿੱਚ ਖਾਸ ਪਹਿਲ ਨਹੀਂ ਹੋਈ। ਇੱਕ ਵਿਅਕਤੀ ਦਾ ਬ੍ਰੇਨ ਡੈਡ ਹੋਣ ਉੱਤੇ ਅਤੇ ਅੰਗ ਟਰਾਂਸਪਲਾਂਟ ਲਈ ਮਰੀਜ਼ ਦੇ ਦੂਜੇ ਹਸਪਤਾਲ ਜਾਂ ਸ਼ਹਿਰ ਵਿੱਚ ਹੋਣ ਉੱਤੇ ਸਿਰਫ ਚਾਰ-ਪੰਜ ਘੰਟਿਆਂ ਅੰਦਰ ਅੰਗ ਟਰਾਂਸਪਲਾਂਟ ਕਰਨਾ ਹੁੰਦਾ ਹੈ। ਇਸ ਲਈ ਅਜਿਹੇ ਸਮੇਂ 'ਤੇ 'ਗ੍ਰੀਨ ਕੋਰੀਡੋਰ' ਭਾਵ ਸਾਰਾ ਟਰੈਫਿਕ ਰੋਕ ਕੇ ਅੰਗ ਲਿਜਾਣ ਵਾਲੀ ਐਂਬੂਲੈਂਸ ਨੂੰ ਜਗ੍ਹਾ ਦੇਣ ਦਾ ਕਾਨੂੰਨ ਬੇਹੱਦ ਜ਼ਰੂਰੀ ਹੈ। ਹਰੇਕ ਸ਼ਹਿਰ ਵਿੱਚ ਸਰਕਾਰ ਵੱਲੋਂ ਚੰਗੇ ਹਸਪਤਾਲਾਂ ਦਾ ਨਿਰੀਖਣ ਕਰ ਕੇ ਉਨ੍ਹਾਂ ਨੂੰ ਅੰਗ ਟਰਾਂਸਪਲਾਂਟ ਦੇ ਲਾਇਸੈਂਸ ਦੇਣ ਦੀ ਪ੍ਰਕਿਰਿਆ ਸਰਲ ਬਣਾਉਣੀ ਪਵੇਗੀ, ਛੋਟੀਆਂ ਥਾਵਾਂ 'ਤੇ ਸਰਕਾਰੀ ਹਸਪਤਾਲਾਂ ਵਿੱਚ ਲੋੜ ਪੈਣ 'ਤੇ ਅੰਗ ਟਰਾਂਸਪਲਾਂਟ ਲਈ ਜ਼ਰੂਰੀ ਬੁਨਿਆਦੀ ਢਾਂਚਾ ਤਿਆਰ ਕਰਨਾ ਪਵੇਗਾ। ਗੰਭੀਰ ਬੀਮਾਰ ਮਰੀਜ਼ ਦੇ ਪਰਵਾਰ ਵਾਲੇ ਅੰਗ ਦਾਨ ਤੋਂ ਇਸ ਲਈ ਡਰਦੇ ਹਨ ਕਿ ਉਨ੍ਹਾਂ ਨੂੰ ਲੱਗਦਾ ਹੈ ਕਿ ਇਸ ਪਿੱਛੋਂ ਹਸਪਤਾਲ ਵਾਲੇ ਮਰੀਜ਼ ਨੂੰ ਬਚਾਉਣ ਦੀ ਪੂਰੀ ਕੋਸ਼ਿਸ਼ ਨਹੀਂ ਕਰਨਗੇ। ਏਸੇ ਲਈ ਹਰ ਸ਼ਹਿਰ ਵਿੱਚ ਅਜਿਹੇ ਆਜ਼ਾਦ ਮਾਹਰ ਚਾਹੀਦੇ ਹਨ, ਜੋ ਹਸਪਤਾਲ ਵੱਲੋਂ ਸੰਪਰਕ ਕਰਨ 'ਤੇ ਤੁਰੰਤ ਪਹੁੰਚ ਕੇ ਮਰੀਜ਼ ਨੂੰ ਸਮੇਂ ਸਿਰ 'ਬ੍ਰੇਨ ਡੈਡ' ਐਲਾਨ ਸਕਣ ਅਤੇ ਮ੍ਰਿਤ ਵਿਅਕਤੀ ਦੇ ਅੰਗ ਦਾਨ ਕਰਨ ਲਈ ਰਿਸ਼ਤੇਦਾਰਾਂ ਦੇ ਰਾਜ਼ੀ ਹੋਣ 'ਤੇ ਸਰਕਾਰ ਨੂੰ ਉਨ੍ਹਾਂ ਦੇ ਹਸਪਤਾਲ ਦੇ ਮੈਡੀਕਲ ਖਰਚੇ ਦੇ ਬਿੱਲ ਵਿੱਚ ਛੋਟ ਜਾਂ ਪੂਰੀ ਰਕਮ ਉਤਸ਼ਾਹ ਵਜੋਂ ਦੇਣ 'ਤੇ ਵੀ ਵਿਚਾਰ ਕਰਨਾ ਹੋਵੇਗਾ।

ਕਈ ਦੇਸ਼ਾਂ ਵਿੱਚ ਅੰਗ ਪ੍ਰਾਪਤ ਕਰਨ ਵਾਲਾ ਹੀ ਅੰਗ ਦਾਨ ਕਰਨ ਵਾਲੇ ਦਾ ਸਾਰਾ ਮੈਡੀਕਲ ਖਰਚਾ ਚੁੱਕਦਾ ਹੈ। ਕਈ ਦੇਸ਼ਾਂ ਵਿੱਚ ਇੱਕ ਵਾਰ ਅੰਗ ਸ਼ਹਿਰ 'ਚੋਂ ਬਾਹਰ ਕੱਢਣ ਪਿੱਛੋਂ ਉਹ ਜਨਤਕ ਜਾਇਦਾਦ ਬਣ ਜਾਂਦਾ ਹੈ ਤੇ ਉਸ ਦੇਸ਼ ਦੀ ਸਰਕਾਰ ਦੀ ਜ਼ਿੰਮੇਵਾਰੀ ਹੁੰਦੀ ਹੈ ਕਿ ਉਸ ਨੂੰ ਬਿਨਾਂ ਦੇਰੀ ਲੋੜਵੰਦ ਤੱਕ ਪੁਚ-ਾਇਆ ਜਾਵੇ। ਇਸਰਾਈਲ, ਸਿੰਗਾ-ਪੁਰ ਤੇ ਚਿੱਲੀ ਵਰਗੇ ਦੇਸ਼ਾਂ (ਜਿੱਥੇ ਆਬਾਦੀ ਘੱਟ ਹੈ) ਅੰਗ ਦਾਨੀਆਂ ਦੀ ਗਿਣਤੀ ਹੋਰ ਵੀ ਘੱਟ ਹੈ, ਪਰ ਉਥੇ ਸਰਕਾਰਾਂ ਨੇ ਅੰਗ ਦਾਨ ਨੂੰ ਉਤਸ਼ਾਹਤ ਕਰਨ ਲਈ ਨੀਤੀਆਂ ਬਣਾਈਆਂ ਹੋਈਆਂ ਹਨ। ਇਸਰਾਈਲ ਦੀ ਪਾਰਲੀਮੈਂਟ ਨੇ 2008 ਵਿੱਚ ਅੰਗ ਟਰਾਂਸਪਲਾਂਟ ਕਾਨੂੰਨ ਪਾਸ ਕੀਤਾ ਸੀ, ਜਿਸ ਦੇ ਤਹਿਤ ਜ਼ਿੰਦਾ ਅੰਗ ਦਾਨੀ ਨੂੰ ਪੰਜ ਸਾਲਾਂ ਤੱਕ ਵਿੱਤੀ ਸਹਾਇਤਾ ਦੇਣ ਦੀ ਵਿਵਸਥਾ ਹੈ। ਇਸ ਨਾਲ ਮਿਲਦੇ ਜੁਲਦੇ ਨਿਯਮ ਸਿੰਗਾਪੁਰ, ਆਸਟਰੇਲੀਆ, ਈਰਾਨ, ਕੈਨੇਡਾ, ਨਿਊਜ਼ੀਲੈਂਡ, ਆਇਰਲੈਂਡ ਅਤੇ ਸਾਊਦੀ ਅਰਬ ਵਿੱਚ ਵੀ ਹਨ।

ਇਸਰਾਈਲ ਅਤੇ ਸਿੰਗਾਪੁਰ ਵਿੱਚ ਜੇ ਕੋਈ ਨਾਗਰਿਕ ਜਾਂ ਉਸ ਦੇ ਪਰਵਾਰ ਵਾਲੇ ਲਿਖਤੀ ਤੌਰ ਉੱਤੇ ਮੌਤ ਤੋਂ ਬਾਅਦ ਅੰਗ ਦਾਨ ਕਰਨ ਦਾ ਸੰਕਲਪ ਲੈਂਦੇ ਹਨ, ਤਾਂ ਉਹ ਲੋੜ ਪੈਣ 'ਤੇ ਅੰਗ ਪ੍ਰਾਪਤ ਕਰਨ ਵਾਲੇ ਲਈ ਤਰਜੀਹੀ ਸੂਚੀ ਵਿੱਚ ਹੋਣਗੇ। ਇਸ ਨੀਤੀ ਕਾਰਨ ਇਨ੍ਹਾਂ ਦੇਸ਼ਾਂ ਵਿੱਚ ਅੰਗਦਾਨ ਦੀ ਦਰ ਵਧੀ ਹੈ। ਈਰਾਨ ਵਿੱਚ ਇੱਕ ਸਮਾਜਕ ਸੰਸਥਾ ਹੈ 'ਡਾਟਪਾ' (ਡਾਇਲਸਿਸ ਐਂਡ ਟਰਾਂਸਪਲਾਂਟ ਪੇਸ਼ੈਂਟਸ ਐਸੋਸੀਏਸ਼ਨ) ਜੋ ਦੇਸ਼ ਦੇ ਕਾਨੂੰਨ ਤਹਿਤ ਕੰਮ ਕਰਦੀ ਹੈ। ਇਹ ਸੰਸਥਾ ਉਨ੍ਹਾਂ ਲੋਕਾਂ ਲਈ ਅੰਗਦਾਨੀ ਲੱਭਦੀ ਹੈ, ਜਿਨ੍ਹਾਂ ਨੂੰ ਕਿਤੋਂ ਵੀ ਅੰਗ ਮਿਲਣ ਦੀ ਆਸ ਨਹੀਂ ਹੁੰਦੀ। ਈਰਾਨ ਸਰਕਾਰ ਲੋੜਵੰਦਾਂ ਨੂੰ ਅੰਗ ਦਾਨ ਕਰਨ ਵਾਲਿਆਂ ਨੂੰ 1200 ਡਾਲਰ ਤੇ ਇੱਕ ਸਾਲ ਲਈ ਸਿਹਤ ਬੀਮੇ ਦਾ ਲਾਭ ਦਿੰਦੀ ਹੈ। ਅੰਗ ਪ੍ਰਾਪਤ ਕਰਨ ਵਾਲਾ ਵੀ ਆਪਣੇ ਵੱਲੋਂ ਅੰਗ ਦਾਨੀ ਨੂੰ 2300 ਤੋਂ 4500 ਡਾਲਰ ਤੱਕ ਦਿੰਦਾ ਹੈ।

ਭਾਰਤ ਵਿੱਚ ਅੰਗਦਾਨ ਨਾਲ ਲੋਕਾਂ ਦੀ ਜ਼ਿੰਦਗੀ ਬਚਾਉਣ ਬਾਰੇ ਵੱਡੀ ਪਹਿਲ ਕਰਨ ਲਈ ਟਰਾਂਸਪਲਾਂਟ ਵਾਸਤੇ ਮਰੀਜ਼ਾਂ ਦੀ ਰਜਿਸਟਰੇਸ਼ਨ ਅਤੇ ਡਾਟਾਬੇਸ ਤਿਆਰ ਕਰਨਾ ਪਵੇਗਾ ਤੇ ਸਾਰੇ ਦੇਸ਼ ਦੇ ਪ੍ਰਮੁੱਖ ਹਸਪਤਾਲਾਂ ਨੂੰ ਆਪਸ ਵਿੱਚ ਨੈੱਟਵਰਕ ਰਾਹੀਂ ਜੋੜਨਾ ਪਵੇਗਾ ਤਾਂ ਕਿ ਦਾਨੀ ਅਤੇ ਪ੍ਰਾਪਤ ਕਰਤਾ ਵਿਚਾਲੇ ਬਿਨਾਂ ਦੇਰੀ ਸੰਪਰਕ ਹੋ ਸਕੇ। ਜਨ-ਜਾਗ੍ਰਿਤੀ ਮੁਹਿੰਮ ਦੇ ਤਹਿਤ ਕੇਂਦਰ ਤੇ ਸੂਬਾਈ ਸਰਕਾਰਾਂ ਨੂੰ ਵੱਡੇ ਪੱਧਰ 'ਤੇ ਖੂਨਦਾਨ ਅਤੇ ਅੰਗਦਾਨ ਨੂੰ ਉਤਸ਼ਾਹਤ ਕਰਨ ਲਈ ਪ੍ਰਿੰਟ ਅਤੇ ਇਲੈਕਟ੍ਰੌਨਿਕ ਮੀਡੀਆ 'ਤੇ ਮੁਹਿੰਮ ਚਲਾ ਕੇ ਆਮ ਲੋਕਾਂ ਦਾ ਧਿਆਨ ਇਸ ਪਾਸੇ ਖਿੱਚਣਾ ਪਵੇਗਾ। ਨੌਜਵਾਨਾਂ ਨੂੰ ਇਸ ਮੁਹਿੰਮ ਨਾਲ ਜੋੜਨ ਦੀ ਕੋਸ਼ਿਸ਼ ਹੋਣੀ ਚਾਹੀਦੀ ਹੈ। ਵੱਡੇ ਸ਼ਹਿਰਾਂ ਵਿੱਚ ਕਈ ਵਾਰ ਦੇਖਣ ਨੂੰ ਮਿਲਿਆ ਹੈ ਕਿ ਕਿਸੇ ਦੀ ਮੌਤ ਤੋਂ ਬਾਅਦ ਉਸ ਦੇ ਪਰਵਾਰ ਵਾਲੇ ਉਸ ਦੀ ਦੇਹ ਅੰਗਦਾਨ ਵਜੋਂ ਦੇਣਾ ਚਾਹੁੰਦੇ ਹਨ, ਪਰ ਸਹੂਲਤਾਂ ਦੀ ਘਾਟ ਕਾਰਨ ਹਸਪਤਾਲਾਂ ਵੱਲੋਂ ਦੇਹ ਲੈਣ ਤੋਂ ਇਨਕਾਰ ਕਰ ਦਿੱਤਾ ਗਿਆ।

ਹਸਪਤਾਲਾਂ ਨੂੰ ਵੀ ਹਰ ਵੇਲੇ ਤਿਆਰ ਰਹਿਣਾ ਪਵੇਗਾ ਤਾਂ ਕਿ ਜਦੋਂ ਕੋਈ ਬ੍ਰੇਨ ਡੈੱਡ ਮਰੀਜ਼ ਦਾ ਕੇਸ ਹੋਵੇ ਤਾਂ ਉਸ ਦੇ ਅੰਗ ਤੁਰੰਤ ਟਰਾਂਸਪਲਾਂਟ ਹੋਣ ਦੀ ਤਿਆਰੀ ਰੱਖੀ ਜਾਵੇ। ਲੋਕਾਂ ਦੀ ਇਹ ਧਾਰਨਾ ਵੀ ਦੂਰ ਕਰਨੀ ਪਵੇਗੀ ਕਿ ਮ੍ਰਿਤ ਵਿਅਕਤੀ ਦੇ ਅੰਗ ਸਰੂਰ 'ਚੋਂ ਕੱਢਣਾ ਧਰਮ ਅਤੇ ਕੁਦਰਤ ਦੇ ਵਿਰੁੱਧ ਹੈ। ਉਨ੍ਹਾਂ ਨੂੰ ਇਹ ਸਮਝਾਉਣਾ ਪਵੇਗਾ ਕਿ ਖੂਨਦਾਨ ਅਤੇ ਅੰਗਦਾਨ ਤੋਂ ਵੱਡਾ ਮਨੁੱਖਤਾ 'ਤੇ ਕੋਈ ਹੋਰ ਉਪਕਾਰ ਨਹੀਂ ਹੈ।

Tri-City Professional Realty Inc., Brokerage
Number 1 Tri-City agent in Canada on basis of sales volume 2015
ਪ੍ਰਾਪਰਟੀ ਖਰੀਦਣ ਜਾਂ ਵੇਚਣ ਲਈ 31 ਸਾਲਾ ਤਜਰਬੇ ਵਾਲੇ

- Free Evaluation of your Property
- Special Packages for First Time Buyer
- Arrangement of Low Mortgage rate Lawyer
- Arrangement of Home Inspection

ਅਵਤਾਰ ਸਿੰਘ ਟਿਵਾਣਾ
ਫੋਨ: 416 802 5866
Tel: 905.793.5777



31 Melanie Dr. Unit #4 Brampton, ON L6T 5H8
Avtar Singh Tiwana
Sales Rep.




$1,279,900
Mcvean / Castlemore
3550 ਸੁਕੇਅਰ ਫੁੱਟ ਵਿੱਚ ਬਣਿਆ ਬਹੁਤ ਹੀ ਸੋਹਣਾ 4+1 ਬੈਡਰੂਮ + 5 ਵਾਸ਼ਰੂਮ ਦਾ ਡੀਟੈਚਡ, ਡਬਲ ਸਟੋਰੀ ਘਰ,9 ਫੁਟ ਸਿਲਿੰਗ,ਕਸਟਮ ਕਿਚਨ ਕੁਆਰਟਜ਼ ਕਾਊਂਟਰ ਟਾਪ ਗੈਸ ਸਟੋਵ ਅਤੇ ਬਿਲਟ ਇਨ ਓਵਨ, ਸਾਰੇ ਘਰ ਵਿੱਚ ਹਾਰਡਵੁਡ ਫਲੋਰ, ਤਾਜ਼ਾ ਅਤੇ ਪ੍ਰੋਫੈਸ਼ਨਲਜ਼ ਵਲੋਂ ਪੈਂਟ ਕੀਤਾ ਹੈ। ਮੈਨ ਫਲੋਰ ਲਾਂਡਰੀ, ਫਰੰਟ ਲਾਨ ਤੇ' ਨਵਾਂ ਘਾਹ । ਫੁੱਲੀ ਫਿਨੀਸ਼ਡ ਬੇਸਮੈਂਟ ਹੈ।

FOR SALE
Tri-City Professional Realty Inc., Brokerage
$129,900
Darcel/Brandon Gate
ਬਹੁਤ ਹੀ ਵਧੀਆ ਲੋਕੇਸ਼ਨ ਤੇ, ਵੈਸਟ ਵੁਡ ਮਾਲ ਵਿੱਚ ਕਾਂਡੋ ਯੂਨਿਟ ਸੇਲ ਲਈ, ਅੱਜ ਹੀ ਆਪਣਾ ਕਾਰੋਬਾਰ ਸ਼ੁਰੂ ਕਰੋ ਤੇ ਰੈਂਟ ਬਚਾਓ।

FOR SALE
$3,249,000
Niagara Falls Ontario
ਕਾਰੋਬਾਰ ਲਈ ਬਹੁਤ ਹੀ ਵਧੀਆ ਲੋਕੇਸ਼ਨ ਤੇ, ਬੀਜ਼ੀ ਪਲਾਜ਼ਾਂ ਅਤੇ ਹਾਈ ਟਰੈਫਕ ਫਲੋਂ, ਰੈਨੋਵੇਟਡ ਮੋਟਲ। ਨਾਈਗਰਾ ਫਾਲ ਦੇ ਨੇੜੇ, 49 ਰੂਮ ਤੇ ਹਰ ਰੂਮ ਵਿਚ ਟੀਵੀ, ਇੰਟਰਨੈਟ, ਫਰੀਜ਼, ਮਾਈਕਰੋਵੇਵ ਅਤੇ ਵਾਸ਼ਰੂਮ ਆਦਿ ਸਹੂਲਤਾਂ।

# ਏ ਟੀ ਐੱਮ ਕਾਰਡ ਬਦਲ ਕੇ 70 ਹਜ਼ਾਰ ਕਢਾਉਣ ਵਾਲਾ ਕਾਬੂ



ਜਲੰਧਰ, 22 ਅਕਤੂਬਰ (ਪੋਸਟ ਬਿਊਰੋ)- ਇੱਕ ਮਹੀਨੇ ਵਿੱਚ ਚਾਰ ਬਜ਼ੁਰਗਾਂ ਨੂੰ ਨਿਸ਼ਾਨਾ ਬਣਾ ਕੇ ਉਨ੍ਹਾਂ ਦੇ ਏ ਟੀ ਐੱਮ ਕਾਰਡ ਬਦਲ ਕੇ 70 ਹਜ਼ਾਰ ਰੁਪਏ ਦੀ ਨਕਦੀ ਉੱਤੇ ਹੱਥ ਸਾਫ ਕਰਨ ਵਾਲੇ ਜਾਲਸਾਜ਼ ਨੂੰ ਸਪੈਸ਼ਲ ਆਪਰੇਸ਼ਨ ਯੂਨਿਟ ਨੇ ਗ੍ਰਿਫਤਾਰ ਕੀਤਾ ਹੈ। ਦੋਸ਼ੀ ਦੀ ਪਛਾਣ ਨਿਊ ਗਾਂਧੀ ਨਗਰ ਦੇ ਅੰਬਰੀਸ਼ ਕੁਮਾਰ ਵਜੋਂ ਹੋਈ ਹੈ। ਉਸ ਦੇ ਦੋ ਸਾਥੀ ਗਾਂਧੀ ਨਗਰ ਵਾਸੀ ਮਾਨ ਸਿੰਘ ਅਤੇ ਹਰਿਦਆਲ ਨਗਰ ਵਾਸੀ ਦੀਪਕ ਫਰਾਰ ਹੋ ਗਏ ਹਨ।

ਐੱਸ ਓ ਯੂ ਦੇ ਅਧਿਕਾਰੀ ਮੋਹਨ ਸਿੰਘ ਨੇ ਦੱਸਿਆ ਕਿ ਪੁਲਸ ਨੂੰ ਸ਼ਨੀਵਾਰ ਰਾਤ ਸੂਚਨਾ ਮਿਲੀ ਕਿ ਵਰਕਸ਼ਾਪ ਚੌਕ ਦੇ ਨੇੜੇ ਐਚ ਡੀ ਐੱਫ ਸੀ ਬੈਂਕ ਦੇ ਏ ਟੀ ਐੱਮ ਤੋਂ ਕੁਝ ਦੂਰ ਉਕਤ ਤਿੰਨੇ ਦੋਸ਼ੀ ਬਜ਼ੁਰਗਾਂ ਨੂੰ ਨਿਸ਼ਾਨਾ ਬਣਾ ਕੇ ਧੋਖੇ ਨਾਲ ਏ ਟੀ ਐੱਮ ਕਾਰਡ ਆਪਣੇ ਕਾਰਡ ਨਾਲ ਬਦਲਦੇ ਹਨ, ਜਿਸ ਦੇ ਬਾਅਦ ਪੀੜਤ ਦੇ ਬੈਂਕ ਖਾਤੇ ਵਿੱਚੋਂ ਹਜ਼ਾਰਾਂ ਦੀ ਨਕਦੀ 'ਤੇ ਹੱਥ ਸਾਫ ਕਰ ਦਿੰਦੇ ਹਨ। ਇਸ 'ਤੇ ਪੁਲਸ ਨੇ ਮੌਕੇ 'ਤੇ ਛਾਪਾ ਮਾਰਿਆ, ਜਿੱਥੋਂ ਦੋ ਦੋਸ਼ੀ ਹਨੇਰਾ ਹੋਣ ਕਾਰਨ ਫਰਾਰ ਹੋਣ ਵਿੱਚ ਕਾਮਯਾਬ ਹੋ ਗਏ, ਪਰ ਇੱਕ ਦੋਸ਼ੀ ਪੁਲਸ ਦੇ ਹੱਥੇ ਚੜ੍ਹ ਗਿਆ। ਉਸ ਤੋਂ ਪੁੱਛਗਿੱਛ ਵਿੱਚ ਸਾਹਮਣੇ ਆਇਆ ਕਿ ਉਕਤ ਤਿੰਨਾਂ ਦੋਸ਼ੀਆਂ ਨੇ ਮਿਲ ਕੇ ਪਿਛਲੇ ਇੱਕ ਮਹੀਨੇ ਵਿੱਚ ਫਗਵਾੜਾ ਤੇ ਸੋਢਲ ਵਿੱਚ ਬੈਂਕ ਏ ਟੀ ਐੱਮ ਰੂਮ ਵਿੱਚ ਪੈਸੇ ਕਢਵਾਉਣ ਆਏ ਬਜ਼ੁਰਗਾਂ ਨੂੰ ਨਿਸ਼ਾਨਾ ਬਣਾਇਆ। ਦੋਸ਼ੀਆਂ ਨੇ ਬੜੀ ਚਲਾਕੀ ਨਾਲ ਬਜ਼ੁਰਗਾਂ ਨੂੰ ਪਹਿਲਾਂ ਗੱਲਾਂ ਵਿੱਚ ਉਲਝਾ ਕੇ ਉਨ੍ਹਾਂ ਦਾ ਏ ਟੀ ਐੱਮ ਆਪਣੇ ਕਾਰਡ ਨਾਲ ਬਦਲ ਲਿਆ। ਇਸ ਦੇ ਬਾਅਦ ਚਾਰਾਂ ਨੇ ਏ ਟੀ ਐੱਮ ਕਾਰਡਾਂ ਨਾਲ ਅਲੱਗ ਅਲੱਗ ਕੁੱਲ ਸੱਤਰ ਹਜ਼ਾਰ ਰੁਪਏ ਕਢਵਾ ਲਏ।

ਤਿੰਨੇ ਦੋਸ਼ੀਆਂ ਨੂੰ ਸਾਲ 2018 ਵਿੱਚ ਥਾਣਾ ਤਿੰਨ ਅਤੇ ਥਾਣਾ ਰਾਮਾਮੰਡੀ ਦੀ ਪੁਲਸ ਵੱਖ-ਵੱਖ ਮਾਮਲਿਆਂ ਵਿੱਚ ਗ੍ਰਿਫਤਾਰ ਕਰ ਚੁੱਕੀ ਹੈ। ਦੋਵਾਂ ਮਾਮਲਿਆਂ ਹੀ ਕੋਰਟ ਤੋਂ ਜ਼ਮਾਨਤ ਮਿਲਣ ਪਿੱਛੋਂ ਉਹ ਤਿੰਨੇ ਜੇਲ੍ਹ ਤੋਂ ਬਾਹਰ ਆਏ ਅਤੇ ਆਪਣੇ ਫਰਜ਼ੀਵਾੜੇ ਨੂੰ ਪਹਿਲ ਵਾਂਗ ਚਲਾਉਣ ਲੱਗੇ। ਦਸ ਨਵੰਬਰ 2018 ਨੂੰ ਰਾਮਾਮੰਡੀ ਵਿੱਚ ਰਹਿੰਦੇ ਰਿਟਾਇਰਡ ਪੁਲਸ ਕਾਂਸਟੇਬਲ 62 ਸਾਲਾ ਨਿਰਮਲ ਸਿੰਘ ਦਾ ਏ ਟੀ ਐੱਮ ਕਾਰਡ ਧੋਖੇ ਨਾਲ ਬਦਲ ਕੇ ਉਨ੍ਹਾਂ ਤਿੰਨਾਂ ਨੇ ਉਨ੍ਹਾਂ ਦੇ ਬੈਂਕ ਖਾਤੇ 'ਚੋਂ ਪੰਜ ਟ੍ਰਾਂਜੈਕਸ਼ਨ ਵਿੱਚ ਕੁੱਲ ਇੱਕ ਲੱਖ 25 ਹਜ਼ਾਰ ਰੁਪਏ ਕਢਵਾ ਲਏ ਸਨ। ਰਾਮਾਮੰਡੀ ਪੁਲਸ ਨੇ ਮਾਮਲੇ ਦੀ ਜਾਂਚ ਕਰਦੇ ਹੋਏ ਸਿਰਫ ਦਸ ਦਿਨ ਦੇ ਅੰਦਰ ਤਿੰਨਾਂ ਦੋਸ਼ੀਆਂ ਨੂੰ ਕਾਬੂ ਕਰ ਕੇ ਜੇਲ੍ਹ ਭੇਜ ਦਿੱਤਾ ਸੀ।

# ਮਾਨਸਾ ਉੱਪ ਚੋਣ ਲਈ ਰਣਇੰਦਰ ਕਾਂਗਰਸ ਉਮੀਦਵਾਰ ਹੋਣਗੇ!

ਚੰਡੀਗੜ੍ਹ, 22 ਅਕਤੂਬਰ (ਪੋਸਟ ਬਿਊਰੋ)- ਆਮ ਆਦਮੀ ਪਾਰਟੀ ਨੂੰ ਅਲਵਿਦਾ ਕਹਿ ਕੇ ਕਾਂਗਰਸ ਵਿੱਚ ਸ਼ਾਮਲ ਹੋਣ ਵਾਲੇ ਮਾਨਸਾ ਹਲਕੇ ਦੇ ਵਿਧਾਇਕ ਨਾਜਰ ਸਿੰਘ ਮਾਨਸ਼ਾਹੀਆ ਦਾ ਅਜੇ ਅਸਤੀਫਾ ਪ੍ਰਵਾਨ ਨਹੀਂ ਹੋਇਆ। ਜੇ ਸਪੀਕਰ ਨੇ ਅਸਤੀਫਾ ਪ੍ਰਵਾਨ ਕਰ ਲਿਆ ਅਤੇ ਮਾਨਸਾ 'ਚ ਉੱਪ ਚੋਣ ਹੋਈ ਤਾਂ ਨਾਜਰ ਸਿੰਘ ਮਾਨਸ਼ਾਹੀਆ ਨੂੰ ਕਾਂਗਰਸ ਟਿਕਟ ਦੇਣ ਦਾ ਸਥਾਨਕ ਕਾਂਗਰਸੀ ਆਗੂਆਂ, ਵਰਕਰਾਂ ਵੱਲੋਂ ਖੁੱਲ੍ਹੇ ਵਿਰੋਧ ਹੋਣ ਲੱਗ ਪਿਆ ਹੈ। ਇਥੋਂ ਕਾਂਗਰਸ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਦੇ ਪੁੱਤਰ ਰਣਇੰ-ਦਰ ਸਿੰਘ ਨੂੰ ਚੋਣ ਲੜਾਉਣ ਦੇ ਮੂਡ ਵਿੱਚ ਹੈ।

ਵਰਣਨ ਯੋਗ ਹੈ ਕਿ ਰਣਇੰਦਰ ਸਿੰਘ ਨੇ ਮਾਨਸਾ ਹਲਕੇ ਵਿੱਚ ਲੋਕਾਂ 'ਚ ਵਿਚਰਨਾ ਸ਼ੁਰੂ ਵੀ ਕਰ ਦਿੱਤਾ ਹੈ। ਮੁੱਖ ਮੰਤਰੀ ਦੇ ਬੇਟੇ ਰਣਇੰਦਰ ਸਿੰਘ ਵੱਲੋਂ ਹਲਕੇ ਵਿੱਚ ਸਰਗਰਮੀਆਂ ਵਧਾਉਣ ਤੋਂ ਸਪਸ਼ਟ ਹੈ ਕਿ ਜੇ ਮਾਨਸਾ ਵਿੱਚ ਉੱਪ ਚੋਣ ਹੋਈ ਤਾਂ ਉਹ ਹੀ ਕਾਂਗਰਸ ਦੇ ਉਮੀਦਵਾਰ ਹੋ ਸਕਦੇ ਹਨ। ਸਿਆਸੀ ਮਾਹਿਰਾ ਦਾ ਮੰਨਣਾ ਹੈ ਕਿ ਰਣਇੰ-ਦਰ ਸਿੰਘ ਵੱਲੋਂ ਮਾਨਸਾ ਵਿਚਲੇ ਜੋਗਾ ਪਿੰਡ ਵਿੱਚ ਸਰਕਾਰੀ ਗਊਸ਼ਾਲਾ ਖੋਲ੍ਹਣ ਅਤੇ ਹਰੇ ਚਾਰੇ ਲਈ 15 ਲੱਖ ਰੁਪਏ ਮਦਦ ਦੇਣ ਦਾ ਐਲਾਨ ਕਰਨਾ ਇਸ ਗੱਲ ਦਾ ਸੰਕੇਤ ਹੈ ਕਿ ਕਾਂਗਰਸ ਵੱਲੋਂ ਉਨ੍ਹਾਂ ਨੂੰ ਕਾਂਗਰਸੀ ਉਮੀਦਵਾਰ ਵਜੋਂ ਪੇਸ਼ ਕੀਤਾ ਜਾਣਾ ਹੈ। ਕਾਂਗਰਸੀ ਸੂਤਰਾਂ ਮੁਤਾਬਕ 2017 ਦੀਆਂ ਵਿਧਾਨ ਸਭਾ




ਚੋਣਾਂ ਵਿੱਚ ਕਾਂਗਰਸ ਦੀ ਉਮੀਦਵਾਰ ਮਨੋਜ ਬਾਲਾ ਤੇ ਉਸ ਦੇ ਪਤੀ ਨੇ ਕਾਂਗਰਸ ਲੀਡਰਸ਼ਿਪ ਨੂੰ ਕਹਿ ਦਿੱਤਾ ਹੈ ਕਿ ਜੇ ਮਾਨਸ਼ਾਹੀਆ ਨੂੰ ਟਿਕਟ ਦਿੱਤੀ ਤਾਂ ਉਹ ਵਿਰੋਧ ਕਰਨਗੇ।

ਸਾਲ 2017 ਦੀਆਂ ਚੋਣਾਂ ਵਿੱਚ ਮਨੋਜ ਬਾਲਾ ਨੂੰ 50117 ਵੋਟਾਂ ਪ੍ਰਾਪਤ ਹੋਈਆਂ ਸਨ, ਜਦ ਕਿ ਨਾਜਰ ਸਿੰਘ ਮਾਨਸ਼ਾਹੀਆ ਨੂੰ 70586 ਵੋਟਾਂ ਮਿਲੀਆਂ ਸਨ। ਦਿਲਚਸਪ ਗੱਲ ਹੈ ਕਿ ਭਾਵੇਂ ਕੈਪਟਨ ਸਰਕਾਰ ਵੱਲੋਂ ਹਲਕਾ ਇੰਚਾਰਜ ਸਿਸਟਮ ਖਤਮ ਕਰਨ ਦੇ ਦਾਅਵੇ ਕੀਤੇ ਜਾ ਰਹੇ ਹਨ, ਪਰ ਕਾਂਗਰਸ ਦੇ ਹਾਰੇ ਹੋਏ ਉਮੀਦਵਾਰ ਹਲਕਾ ਇੰਚਾਰਜ ਵਜੋਂ ਅਜੇ ਵੀ ਕੰਮ ਕਰ ਰਹੇ ਹਨ। ਨਾਜਰ ਸਿੰਘ ਮਾਨਸ਼ਾਹੀਆ ਵੱਲੋਂ ਕਾਂਗਰਸ ਵਿੱਚ ਸ਼ਾਮਲ ਹੋਣ ਮਗਰੋਂ ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਇੱਕ ਮੀਟਿੰਗ ਵਿੱਚ ਮਨੋਜ ਬਾਲਾ ਬਾਂਸਲ ਦੀ ਥਾਂ ਨਾਜਰ ਸਿੰਘ ਨੂੰ ਮੂਹਰੇ ਰੱਖਣ 'ਤੇ ਉਨ੍ਹਾਂ ਦਾ ਖੁੱਲ੍ਹੇਆਮ ਵਿਰੋਧ ਹੋਇਆ ਸੀ ਤਾਂ ਮਾਮਲਾ ਮੁੱਖ ਮੰਤਰੀ ਦਰਬਾਰ ਤੱਕ ਪੁੱਜ ਗਿਆ ਸੀ। ਬਾਂਸਲ ਪਰਵਾਰ ਨੇ ਇਥੋਂ ਤੱਕ ਕਹਿ ਦਿੱਤਾ ਸੀ ਕਿ ਜੇ ਉੱਪ ਚੋਣ ਵਿੱਚ ਮੁੱਖ ਮੰਤਰੀ ਦੇ ਪਰਵਾਰ ਦਾ ਕੋਈ ਮੈਂਬਰ ਚੋਣ ਲੜੇਗਾ ਤਾਂ ਮਦਦ ਕਰਨਗੇ ਪਰ ਜੇ ਮਾਨਸ਼ਾਹੀਆ ਨੂੰ ਟਿਕਟ ਦਿੱਤੀ ਤਾਂ ਵਿਰੋਧ ਕਰਨਗੇ। ਮਾਨਸ਼ਾਹੀਆ ਅਤੇ ਬਾਂਸਲ ਪਰਵਾਰ ਵਿੱਚ ਪੈਦਾ ਹੋਈ ਕੁੜੱਤਣ ਨੂੰ ਦੂਰ ਕਰਨ ਲਈ ਪੇਂਡੂ ਵਿਕਾਸ ਅਤੇ ਪੰਚਾਇਤ ਮੰਤਰੀ ਤ੍ਰਿਪਤ ਰਾਜਿੰਦਰ ਸਿੰਘ ਬਾਜਵਾ ਨੇ ਦੋਵੇਂ ਆਗੂਆਂ ਵਿੱਚ ਸਮਝੌਤਾ ਕਰਵਾਉਣ ਦਾ ਯਤਨ ਵੀ ਕੀਤਾ ਸੀ। ਲੋਕ ਸਭਾ ਚੋਣਾਂ ਦੌਰਾਨ ਮਾਨਸ਼ਾਹੀਆ ਵੱਲੋਂ 25 ਅਪ੍ਰੈਲ ਨੂੰ ਆਮ ਆਦਮੀ ਪਾਰਟੀ ਨੂੰ ਛੱਡ ਕੇ ਕਾਂਗਰਸ ਵਿੱਚ ਸ਼ਾਮਲ ਹੋ ਗਏ ਸਨ। ਇਸ ਪਿੱਛੋਂ ਰੋਪੜ ਤੋਂ ਆਮ ਆਦਮੀ ਪਾਰਟੀ ਦੇ ਵਿਧਾਇਕ ਅਮਰਜੀਤ ਸਿੰਘ ਸੰਦੋਆ ਨੇ ਵੀ ਕਾਂਗਰਸ ਦਾ ਹੱਥ ਫੜ ਲਿਆ ਸੀ।

# ਫਰਜ਼ੀ ਕਾਰਡ ਦਿਖਾ ਕੇ ਟੋਲ ਬਚਾਉਂਦਾ ਐਸ ਐਮ ਓ ਫਸ ਗਿਆ

ਧੂਰੀ, 22 ਅਕਤੂਬਰ (ਪੋਸਟ ਬਿਊਰੋ)- ਧੂਰੀ-ਸੰਗਰੂਰ ਰੋਡ 'ਤੇ ਪਿੰਡ ਲੱਡਾ ਨੇੜੇ ਬਣੇ ਟੋਲ ਪਲਾਜ਼ਾ 'ਤੇ ਬੀਤੇ ਦਿਨੀਂ ਮਾਲੇਰਕੋਟਲਾ ਸਿਵਲ ਹਸਪਤਾਲ ਦੇ ਐਸ ਐਮ ਓ ਨੂੰ ਪੁਲਸ ਹਵਾਲੇ ਕੀਤਾ ਗਿਆ। ਉਸ ਉਤੇ ਦੋਸ਼ ਹੈ ਕਿ ਉਹ ਸਹਾਇਕ ਕਮਿਸ਼ਨਰ (ਟਰੇਨੀ) ਹੋਣ ਦੇ ਪੁਰਾਣੇ ਦਸਤਾਵੇਜ਼ਾਂ ਅਤੇ ਗੱਡੀ 'ਤੇ ਪੰਜਾਬ ਸਰਕਾਰ ਦੇ ਸਹਾਇਕ ਕਮਿਸ਼ਨਰ ਹੋਣ ਦੀ ਨੇਮ ਪਲੇਟ ਲਗਵਾ ਕੇ ਕਈ ਮਹੀਨਿਆਂ ਤੋਂ ਟੋਲ ਟੈਕਸ ਬਚਾਉਂਦਾ ਰਿਹਾ ਹੈ। ਹਿਰਾ-ਸਤ 'ਚ ਲੈਣ ਪਿੱਛੋਂ ਪੁਲਸ ਨੇ ਐਸ ਐਮ ਓ ਡਾ. ਕਰਮਜੀਤ ਸਿੰਘ ਤੋਂ ਪੰਜਾਬ ਸਰਕਾਰ ਦਾ ਸ਼ਨਾਖਤੀ ਕਾਰਡ ਤੇ 2018 'ਚ ਰੂਪਨਗਰ ਪ੍ਰਸ਼ਾਸਨ ਵੱਲੋਂ ਜਾਰੀ ਕੀਤਾ ਗਿਆ ਇੱਕ ਸ਼ਨਾਖਤੀ ਕਾਰਡ ਬਰਾਮਦ ਕੀਤਾ ਹੈ।

ਟੋਲ ਪਲਾਜ਼ਾ ਦੇ ਅਧਿਕਾਰੀ ਅਜੇ ਪ੍ਰਤਾਪ ਸਿੰਘ ਨੇ ਪੁਲਸ ਨੂੰ ਸ਼ਿਕਾਇਤ ਦਿੱਤੀ ਕਿ ਇੱਕ ਵਿਅਕਤੀ ਆਪਣੀ ਕਾਰ ਵਿੱਚ ਰੋਜ਼ਾਨਾ ਪੀ ਸੀ ਐਸ ਅਧਿਕਾਰੀ ਹੋਣ ਦਾ ਦਾਅਵਾ ਕਰ ਕੇ ਸਰਕਾਰੀ ਸ਼ਨਾਖਤੀ ਕਾਰਡ ਵਿਖਾ ਕੇ ਲੰਘਦਾ ਹੈ। ਕਾਰ ਉੱਤੇ ਵੱਡੇ ਅੱਖਰਾਂ 'ਚ ਪੰਜਾਬ ਸਰਕਾਰ ਅਤੇ ਨੰਬਰ ਪਲੇਟ




ਉੱਤੇ ਸਾਬਕਾ ਸਹਾਇਕ ਕਮਿਸ਼ਨਰ ਲਿਖਿਆ ਹੈ। ਉਸ ਨੇ ਆਪਣੇ ਪੱਧਰ 'ਤੇ ਪੜਤਾਲ ਕੀਤੀ ਤਾਂ ਪਤਾ ਲੱਗਾ ਕਿ ਡਾ. ਕਰਮਜੀਤ ਸਿੰਘ ਸਿਵਲ ਹਸਪਤਾਲ ਮਾਲੇਰਕੋਟਲਾ 'ਚ ਐਸ ਐਮ ਓ ਹੈ। ਇਸ ਤੋਂ ਬਾਅਦ ਪੁਲਸ ਨੂੰ ਸੂਚਿਤ ਕੀਤਾ ਗਿਆ। ਧੂਰੀ ਦੇ ਥਾਣਾ ਸਦਰ ਦੇ ਐਸ ਐਚ ਓ ਹਰਵਿੰਦਰ ਸਿੰਘ ਖਹਿਰਾ ਨੇ ਕਿਹਾ ਕਿ ਡਾਕਟਰ ਨੇ ਮੰਨਿਆ ਕਿ 2016 ਵਿੱਚ ਪੀ ਸੀ ਐਸ ਦੀ ਪ੍ਰੀਖਿਆ ਪਾਸ ਕਰਨ ਪਿੱਛੋਂ ਉਹ ਰੋਪੜ 'ਚ ਅੰਡਰ ਟ੍ਰੇਨਿੰਗ ਸਹਾਇਕ ਕਮਿਸ਼ਨਰ ਦੇ ਅਹੁਦੇ 'ਤੇ ਕੰਮ ਕਰ ਚੁੱਕਾ ਹੈ। ਸਿਵਲ ਸਰਜਨ ਡਾ. ਰਾਜ ਕੁਮਾਰ ਨੇ ਕਿਹਾ ਕਿ ਉਨ੍ਹਾਂ ਨੂੰ ਇਸ ਸਬੰਧੀ ਕੋਈ ਜਾਣਕਾਰੀ ਨਹੀਂ ਹੈ। ਪੁਲਸ ਦੀ ਜਾਂਚ ਤੋਂ ਬਾਅਦ ਹੀ ਕਾਰਵਾਈ ਹੋ ਸਕਦੀ ਹੈ।

# ਮਰੇ ਭਰਾ ਦੇ ਸਾਈਨ ਕਰ ਕੇ ਪਲਾਟ ਵੇਚਿਆ, ਧੋਖਾਦੇਹੀ ਦਾ ਕੇਸ ਦਰਜ

ਜਲੰਧਰ, 22 ਅਕਤੂਬਰ (ਪੋਸਟ ਬਿਊਰੋ)- ਇੱਕ ਮਰੇ ਹੋਏ ਵਿਅਕਤੀ ਦੇ ਸਾਈਨ ਕਰ ਕੇ ਪਲਾਟ ਵੇਚਣ ਵਾਲੇ ਭਰਾ, ਪਿਤਾ, ਨੰਬਰਦਾਰ ਅਤੇ ਪ੍ਰਾਪਰਟੀ ਡੀਲਰ ਉੱਤੇ ਥਾਣਾ ਬਾਰਾਂਦਰੀ ਵਿੱਚ ਧੋਖਾਦੇਹੀ ਦਾ ਕੇਸ ਦਰਜ ਹੋਇਆ ਹੈ।

ਐੱਸ ਐੱਚ ਓ ਬਾਰਾਂਦਰੀ ਦੇ ਮੁਤਾ-ਬਕ ਸੋਢੀ ਰਾਮ ਵਾਸੀ ਧਨਾਲ ਖੁਰਦ ਨੇ ਪੁਲਸ ਨੂੰ ਦੱਸਿਆ ਕਿ ਉਨ੍ਹਾਂ ਦੇ ਵੱਡੇ ਭਰਾ ਸਤਪਾਲ ਦੀ 2008 ਵਿੱਚ ਮੌਤ ਹੋ ਗਈ ਸੀ। ਉਸ ਦੇ ਕੁਝ ਦਿਨਾਂ ਬਾਅਦ ਉਸ ਦੇ ਦੂਜੇ ਭਰਾ ਬਲਦੇਵ ਰਾਜ ਨੇ ਖੁਦ ਨੂੰ ਸਤਪਾਲ ਦੱਸ ਕੇ ਮਲਕੋ ਤਰਾੜ ਵਿੱਚ 14 ਮਰਲੇ ਦਾ ਪਲਾਟ ਵੇਚ ਦਿੱਤਾ। ਸਤਪਾਲ ਨੇ ਇਸ ਧੋਖਾਦੇਹੀ ਦੇ ਲਈ



ਪਿਤਾ ਅਮਰ ਚੰਦ ਨੂੰ ਵੀ ਬਹਿਕਾਵੇ ਵਿੱਚ ਲੈ ਲਿਆ ਸੀ। ਇਸ ਤੋਂ ਬਿਨਾ ਨੰਬਰਦਾਰ ਸੁਰਿੰਦਰ ਸਿੰਘ, ਪ੍ਰਾਪਰਟੀ ਡੀਲਰ ਮੋਹਨ ਲਾਲ ਵਾਸੀ ਵਡਾਲਾ ਨੇ ਵੀ ਇਸ ਧੋਖਾਦੇਹੀ ਵਿੱਚ ਬਲਦੇਵ ਦਾ ਸਾਥ ਦਿੱਤਾ। ਸੋਢੀ ਰਾਮ ਦਾ ਦਾਅਵਾ ਹੈ ਕਿ ਤਿੰਨੇ ਭਰਾ ਪਿਤਾ ਦੇ ਨਾਲ ਜਰਮਨੀ ਵਿੱਚ ਰਹਿੰਦੇ ਸਨ ਤੇ ਉਨ੍ਹਾਂ ਨੇ ਵਿਦੇਸ਼ ਵਿੱਚ ਕਮਾਏ ਪੈਸਿਆਂ ਨਾਲ ਕਈ ਪਾਰਟੀਆਂ ਮਿਲ ਕੇ ਖਰੀਦੀਆਂ ਸਨ ਅਤੇ ਮਲਕੋ ਤਰਾੜ ਵਿੱਚ ਖਰੀਦੇ ਪਲਾਟ ਵਿੱਚ ਵੀ ਸਾਰਿਆਂ ਦਾ ਹਿੱਸਾ ਸੀ, ਪਰ ਬਲਦੇਵ ਨੇ ਉਨ੍ਹਾਂ ਨਾਲ ਧੋਖਾ ਕਰ ਕੇ ਉਨ੍ਹਾਂ ਦਾ ਹੱਕ ਮਾਰ ਲਿਆ ਤੇ ਵਿਰੋਧ ਕਰਨ 'ਤੇ ਉਨ੍ਹਾਂ ਨੂੰ ਜਾਨੋਂ ਮਾਰਨ ਦੀਆਂ ਧਮਕੀਆਂ ਦਿੱਤੀਆਂ। ਦੋਸ਼ ਹੈ ਕਿ ਬਲਦੇਵ ਨੇ ਪਲਾਟ ਨੂੰ ਵੇਚ ਕੇ ਮਿਲੇ ਪੈਸਿਆਂ ਨਾਲ ਆਪਣੇ ਲੜਕੇ ਨੂੰ ਵਿਦੇਸ਼ ਭੇਜ ਦਿੱਤਾ ਹੈ। ਪੁਲਸ ਨੇ ਕੇਸ ਦੀ ਜਾਂਚ ਤੋਂ ਬਾਅਦ ਮੁਲਜ਼ਮ ਬਲਦੇਵ ਰਾਜ, ਅਮਰ ਚੰਦ, ਸੁਰਿੰ-ਦਰ ਸਿੰਘ, ਮੋਹਨ ਲਾਲ ਖਿਲਾਫ ਮਾਮਲਾ ਦਰਜ ਕਰ ਲਿਆ ਹੈ। ਪੁਲਸ ਦਾ ਕਹਿਣਾ ਹੈ ਕਿ ਮੁਲਜ਼ਮਾਂ ਨੂੰ ਜਲਦ ਹੀ ਗ੍ਰਿਫਤਾਰ ਕਰ ਲਿਆ ਜਾਵੇਗਾ।

# ਵਸੂਲੀ ਵਾਸਤੇ ਹੋਈ ਲੜਾਈ ਵਿੱਚ ਕੈਂਚੀਆਂ ਮਾਰ ਕੇ ਬਦਮਾਸ਼ ਦਾ ਕਤਲ

ਲੁਧਿਆਣਾ, 22 ਅਕਤੂਬਰ (ਪੋਸਟ ਬਿਊਰੋ)- ਲੜਾਈ, ਝਗੜੇ, ਇਰਾਦਾ ਕਤਲ ਸਮੇਤ ਅਸਲਾ ਐਕਟ ਅਤੇ ਹੋਰ ਕਈ ਗੰਭੀਰ ਕੇਸਾਂ ਵਿੱਚ ਨਾਮਜ਼ਦ ਬਦਮਾਸ਼ ਛੋਟਾ ਲੱਲਾ ਦਾ ਕੱਲ੍ਹ ਰਾਤ ਬਹਾਦੁਰਕੇ ਰੋਡ ਦਾਣਾ ਮੰਡੀ ਦੀ ਪਟਾਕਾ ਮਾਰਕੀਟ ਵਿੱਚ ਕਤਲ ਕਰ ਦਿੱਤਾ ਗਿਆ। ਐਤਵਾਰ ਅੱਧੀ ਰਾਤੋਂ ਬਾਅਦ ਹੋਈ ਵਾਰਦਾਤ ਦੌਰਾਨ ਦੋ ਧੜਿਆਂ ਵਿੱਚ ਬਹਿਸ ਪਿੱਛੋਂ ਆਪਸ ਵਿੱਚ ਇੱਟਾਂ-ਪੱਥਰ ਚਲਾਉਣ ਮਗਰੋਂ ਦੋਵੇਂ ਧੜੇ ਗੁੱਥਮ-ਗੁੱਥਾ ਹੋ ਗਏ। ਇਸ ਦੌਰਾਨ ਇੱਕ ਧੜੇ ਦੇ ਨੌਜਵਾਨ ਨੇ ਛੋਟਾ ਲੱਲਾ ਦੇ ਪੇਟ ਅਤੇ ਛਾਤੀ ਉਪਰ ਕੈਂਚੀਆਂ ਨਾਲ ਵਾਰ ਕਰ ਕੇ ਉਸ ਨੂੰ ਕਤਲ ਕਰ ਦਿੱਤਾ।



ਮਿਲੀ ਜਾਣਕਾਰੀ ਅਨੁਸਾਰ ਬੁਰੀ ਤਰ੍ਹਾਂ ਨਾਲ ਫੱਟੜ ਛੋਟਾ ਲੱਲਾ ਕਾਫੀ ਦੇਰ ਤੱਕ ਘਟਨਾ ਸਥਾਨ ਉਤੇ ਤੜਫਦਾ ਰਿਹਾ। ਕੁਝ ਦੇਰ ਬਾਅਦ ਉਸ ਨੂੰ ਇਲਾਜ ਲਈ ਹਸਪਤਾਲ ਲਿਆਂਦਾ ਗਿਆ, ਜਿੱਥੇ ਡਾਕਟਰਾਂ ਨੇ ਉਸ ਨੂੰ ਮ੍ਰਿਤਕ ਐਲਾਨ ਦਿੱਤਾ। ਪਤਾ ਲੱਗਾ ਹੈ ਕਿ ਝਗੜਾ ਹਫਤਾ ਵਸੂਲੀ ਬਾਰੇ ਹੋਇਆ। ਵਸੂਲੀ ਤੋਂ ਇੱਕ ਦੁਕਾਨਦਾਰ ਵੱਲੋਂ ਇਨਕਾਰ ਕਰਨ 'ਤੇ ਭੜਕੇ ਇਸ ਗੈਂਗਸਟਰ ਨੇ ਗਾਲ੍ਹਾਂ ਕੱਢੀਆਂ ਤਾਂ ਝਗੜਾ ਹੋ ਗਿਆ। ਛੋਟਾ ਲੱਲਾ ਵਿਰੁੱਧ ਮਹਾਨਗਰ ਦੇ ਕਈ ਥਾਣਿਆਂ 'ਚ ਲੜਾਈ ਝਗੜਾ ਅਤੇ ਅਸਲਾ ਐਕਟ ਸਮੇਤ ਕਈ ਸੰਗੀਨ ਕੇਸ ਹਨ। ਇੱਕ ਕੇਸ ਵਿੱਚ ਉਹ ਕੁਝ ਸਮਾਂ ਪਹਿਲਾਂ ਜੇਲ੍ਹ ਤੋਂ ਸਜ਼ਾ ਭੁਗਤ ਕੇ ਬਾਹਰ ਆਇਆ ਸੀ। ਵਾਰਦਾਤ ਦੀ ਜਾਣਕਾਰੀ ਮਿਲਣ ਉੱਤੇ ਏ ਡੀ ਸੀ ਪੀ-1 ਗੁਰਪ੍ਰੀਤ ਸਿੰਘ ਸਿਕੰਦ ਅਤੇ ਥਾਣਾ ਸਲੇਮ ਟਾਬਰੀ ਦੇ ਮੁਖੀ ਪੁਲਸ ਫੋਰਸ ਸਣੇ ਮੌਕੇ 'ਤੇ ਪੁੱਜੇ ਅਤੇ ਮਾਮਲੇ ਦੀ ਪੜਤਾਲ ਸ਼ੁਰੂ ਕਰ ਦਿੱਤੀ ਗਈ।

# ਬੈਂਕ ਗਾਰਡ ਨੇ ਗੋਲੀ ਮਾਰ ਕੇ ਕੀਤੀ ਖੁਦਕੁਸ਼ੀ

ਪਟਿਆਲਾ, 22 ਅਕਤੂਬਰ (ਪੋਸਟ ਬਿਊਰੋ)- ਨੇੜਲੇ ਪਿੰਡ ਕੌਰਜੀਵਾਲਾ ਦੇ ਵਾਸੀ ਤੇ ਬੈਂਕ ਗਾਰਡ ਵਜੋਂ ਨੌਕਰੀ ਕਰਦੇ ਨੌਜਵਾਨ ਨੇ ਆਪਣੀ 12 ਬੋਰ ਦੀ ਲਾਇਸੈਂਸੀ ਬੰਦੂਕ ਨਾਲ ਗੋਲੀ ਮਾਰ ਕੇ ਖੁਦਕੁਸ਼ੀ ਕਰ ਲਈ। ਇਹ ਕਦਮ ਉਸ ਨੇ ਆਪਣੀ ਪਤਨੀ, ਸੱਸ ਅਤੇ ਸਾਲੀ ਤੋਂ ਤੰਗ ਆ ਕੇ ਚੁੱਕਿਆ ਦੱਸਿਆ ਜਾ ਰਿਹਾ ਹੈ।

ਆਈ ਸੀ ਆਈ ਸੀ ਬੈਂਕ ਦੇ ਗਾਰਡ ਵਜੋਂ ਨੌਕਰੀ ਕਰਦੇ ਤੀਹ ਸਾਲਾ ਹਰਪ੍ਰੀਤ ਸਿੰਘ ਦਾ ਵਿਆਹ ਤਿੰਨ ਕੁ ਸਾਲ ਪਹਿਲਾਂ ਨਾਭਾ ਨੇੜਲੇ ਪਿੰਡ ਗੁਰਦਿੱਤਪੁਰਾ ਵਾਸੀ ਜਸਪ੍ਰੀਤ ਕੌਰ ਨਾਲ ਹੋਇਆ ਸੀ। ਮ੍ਰਿਤਕ ਆਪਣੀ ਸੱਸ ਰਾਜਿੰਦਰ ਕੌਰ ਅਤੇ ਸਾਲੀ ਮਨਪ੍ਰੀਤ ਕੌਰ ਦੇ ਉਨ੍ਹਾਂ ਦੇ ਪਰਵਾਰ 'ਚ ਬੇਲੋੜੇ ਦਖਲ ਤੋਂ ਪ੍ਰੇਸ਼ਾਨ ਰਹਿੰਦਾ ਸੀ। ਇਸੇ ਤਹਿਤ ਹੀ ਪਤੀ ਪਤਨੀ ਦੀ ਅਣਬਣ ਵੀ ਰਹਿਣ ਲੱਗੀ। 26 ਸਤੰਬਰ ਨੂੰ ਜਦੋਂ ਜਸਪ੍ਰੀਤ ਕੌਰ ਨੇ ਲੜਕੀ ਨੂੰ ਜਨਮ ਦਿੱਤਾ, ਤਾਂ



ਸਹੁਰੇ ਪਰਵਾਰ ਨੇ ਇਸ ਦੀ ਹਰਪ੍ਰੀਤ ਨੂੰ ਇਤਲਾਹ ਨਾ ਦਿੱਤੀ। ਵੀਹ ਅਕਤੂਬਰ ਨੂੰ ਉਹ ਹੋਰ ਪਰਵਾਰਕ ਮੈਂਬਰਾਂ ਸਮੇਤ ਜਦੋਂ ਪਤਨੀ ਲਈ ਪੰਜੀਰੀ ਲੈ ਕੇ ਸਹੁਰੇ ਘਰ ਪੁੱਜਾ ਤਾਂ ਉਨ੍ਹਾਂ ਪੰਜੀਰੀ ਵਾਪਸ ਮੋੜ ਦਿੱਤੀ। ਉਸ ਨੇ ਕੱਲ੍ਹ ਦੁਪਹਿਰੇ ਆਪਣੇ ਘਰ ਖੁਦਕੁਸ਼ੀ ਕਰ ਲਈ। ਥਾਣਾ ਪਸਿਆਣਾ ਦੇ ਐਸ ਐਚ ਓ ਇੰਸਪੈਕਟਰ ਹਰਬਿੰਦਰ ਸਿੰਘ ਸਰਕਾਰੀਆ ਦਾ ਕਹਿਣਾ ਸੀ ਕਿ ਮ੍ਰਿਤਕ ਦੇ ਪਿਤਾ ਅਮਰ ਸਿੰਘ ਨੇ ਆਪਣੇ ਪੁੱਤ ਦੀ ਮੌਤ ਲਈ ਉਸ ਦੀ ਪਤਨੀ ਜਸਪ੍ਰੀਤ ਕੌਰ, ਸੱਸ ਰਾਜਿੰਦਰ ਕੌਰ ਨੂੰ ਜ਼ਿੰਮੇਵਾਰ ਗਰਦਾਨਿਆ ਹੈ। ਪੁਲਸ ਨੇ ਮੁਲਜ਼ਮਾਂ ਖਿਲਾਫ ਕੇਸ ਦਰਜ ਕਰਕੇ ਕਾਰਵਾਈ ਸ਼ੁਰੂ ਕਰ ਦਿੱਤੀ ਗਈ ਹੈ।

# ਆਧਾਰ ਕਾਰਡ ਵਿੱਚ ਉਮਰ 18 ਸਾਲ ਕਰ ਕੇ ਦੂਸਰਾ ਵਿਆਹ ਕਰਵਾ ਲਿਆ

ਮਨੀਮਾਜਰਾ, 22 ਅਕਤੂਬਰ (ਪੋਸਟ ਬਿਊਰੋ)- ਵਿਆਹੁਤਾ ਵਿਅਕਤੀ ਅਤੇ ਤਿੰਨ ਬੱਚਿਆਂ ਦੇ ਬਾਪ ਨੇ ਇੱਕ ਨਾਬਾਲਗ ਲੜਕੀ ਨੂੰ ਬਾਲਗ ਦਿਖਾ ਕੇ ਉਸ ਨਾਲ ਦੂਸਰਾ ਵਿਆਹ ਕਰ ਲਿਆ। ਇਸ ਪਿੱਛੋਂ ਦੋਸ਼ੀ ਦੇ ਖਿਲਾਫ ਮਾਮਲਾ ਦਰਜ ਕਰ ਕੇ ਸਥਾਨਕ ਪੁਲਸ ਨੇ ਉਸ ਨੂੰ ਗ੍ਰਿਫਤਾਰ ਕਰ ਲਿਆ ਹੈ।

ਆਸਿਫ ਨਾਂਅ ਦੇ ਵਿਆਹੁਤਾ ਵਿਅਕਤੀ ਨੇ ਇੱਕ ਨਾਬਾਲਗ ਨਾਲ ਵਿਆਹ ਕੀਤਾ ਹੈ। ਕੁੜੀ ਦੇ ਪਰਵਾਰ ਨੇ ਇਸ ਦੀ ਸ਼ਿਕਾਇਤ ਪੁਲਸ ਨੂੰ ਦਿੱਤੀ ਤੇ ਪੁਲਸ ਨੇ ਜਦ ਲੜਕੀ ਦੇ ਦਸਤਾਵੇਜ਼ਾਂ ਦੀ ਜਾਂਚ ਕੀਤੀ ਤਾਂ ਪਤਾ ਲੱਗਾ ਕਿ ਉਹ ਅਜੇ ਨਾਬਾਲਗ ਹੈ। ਪੁਲਸ ਨੇ ਦੱਸਿਆ ਕਿ ਆਸਿਫ ਨੇ ਨਾਬਾਲਗ ਨਾਲ ਵਿਆਹ ਕਰਨ ਲਈ ਉਸ ਦੇ ਆਧਾਰ ਕਾਰਡ ਤੋਂ ਉਸ ਦੇ ਜਨਮ ਦੀ ਤਰੀਕ ਬਦਲਵਾ ਦਿੱਤੀ ਅਤੇ ਸਬੂਤ ਦੇ ਤੌਰ 'ਤੇ ਹਾਈ ਕੋਰਟ ਵਿੱਚ ਲਾ ਦਿੱਤਾ। ਇਸ ਤੋਂ ਕਿਸੇ ਨੂੰ ਲੜਕੀ ਦੇ ਨਾਬਾਲਗ ਹੋਣ ਦਾ ਸ਼ੱਕ ਨਹੀਂ ਹੋਇਆ। ਉਸ ਨੇ ਹਾਈ ਕੋਰਟ ਨੂੰ ਗੁੰਮਰਾਹ ਕਰ ਕੇ ਕਿਹਾ ਕਿ ਲੜਕੀ ਦੇ ਘਰ ਵਾਲਿਆਂ ਤੋਂ ਉਸ ਨੂੰ ਜਾਨ ਦਾ ਖਤਰਾ ਹੈ, ਇਸ ਲਈ ਪੁਲਸ ਪ੍ਰੋਟੈਕਸ਼ਨ ਦਿੱਤੀ ਜਾਏ। ਇਸ ਦੇ ਬਾਅਦ ਮਾਮਲਾ ਮਨੀਮਾਜਰਾ ਥਾਣੇ ਪਹੁੰਚਿਆ। ਉਥੇ ਲੜਕੀ ਦੇ ਘਰ ਵਾਲੇ ਆਸਿਫ ਦੇ ਖਿਲਾਫ ਥਾਣੇ ਵਿੱਚ ਸ਼ਿਕਾਇਤ ਦੇਣ ਆਏ ਅਤੇ ਨੇ ਦੋਸ਼ ਲਾਇਆ ਕਿ ਉਨ੍ਹਾਂ ਦੀ ਬੇਟੀ ਨਾਬਾਲਗ ਹੈ। ਇਸ ਦੇ ਬਾਅਦ ਪੁਲਸ ਨੇ ਲੜਕੀ ਦੇ ਡੇਟ ਆਫ ਬਰਥ ਅਤੇ ਸਕੂਲ ਰਿਕਾਰਡ ਚੈਕ ਕੀਤੇ ਤਾਂ ਖੁਲਾਸਾ ਹੋਇਆ ਕਿ ਦੋਸ਼ੀ ਝੂਠ ਬੋਲਦਾ ਹੈ। ਲੜਕੀ ਦੀ ਉਮਰ 16 ਸਾਲ ਹੈ, ਪਰ ਦੋਸ਼ੀ ਨੇ ਉਸ ਦੇ ਆਧਾਰ ਕਾਰਡ ਵਿੱਚ ਉਮਰ 18 ਸਾਲ ਕਰਵਾ ਦਿੱਤੀ। ਪੁਲਸ ਜਾਂਚ ਕਰ ਰਹੀ ਹੈ ਕਿ ਉਸ ਨੇ ਇਹ ਕਿੱਥੋਂ ਬਣਵ-ਾਇਆ। ਦੋਸ਼ੀ ਦੀ ਉਮਰ ਚਾਲੀ ਸਾਲ ਦੇ ਕਰੀਬ ਹੈ।

# ਸਟੇਟ ਟਰਾਂਸਪੋਰਟ ਕਮਿਸ਼ਨਰ ਦੇ ਵਾਰੰਟ ਜਾਰੀ


ਚੰਡੀਗੜ੍ਹ, 22 ਅਕਤੂਬਰ (ਪੋਸਟ ਬਿਊਰੋ)- ਅਦਾਲਤ ਦੇ ਹੁਕਮਾਂ ਦੀ ਅਣਦੇਖੀ ਕਰਨ 'ਤੇ ਪੰਜਾਬ ਤੇ ਹਰਿਆਣਾ ਹਾਈ ਕੋਰਟ ਨੇ ਸਟੇਟ ਟਰਾਂਸਪੋਟਰ ਕਮਿਸ਼ਨਰ (ਐਸ ਟੀ ਸੀ) ਦੇ ਖਿਲਾਫ ਜ਼ਮਾਨਤੀ ਵਾਰੰਟ ਜਾਰੀ ਕੀਤੇ ਹਨ।

ਇਹ ਹੁਕਮ ਮੁਕੇਰੀਆਂ ਦੀ ਦਸਮੇਸ਼ ਬੱਸ ਸਰਵਿਸ ਨੂੰ ਟਾਂਡਾ-ਤਲਵਾੜਾ ਦਾ ਰੂਟ ਪਰਮਿਟ ਜਾਰੀ ਕਰਨ ਦੇ ਸਟੇਟ ਟਰਾਂਸਪੋਟਰ ਐਪੀਲੈਂਟ ਟ੍ਰਿਬਿਊਨਲ ਦੇ 16 ਸਾਲ ਪੁਰਾਣੇ ਹੁਕਮ ਲਾਗੂ ਨਾ ਕਰਨ ਦੇ ਕੇਸ 'ਚ ਜਾਰੀ ਹੋਏ ਹਨ। ਪਟੀਸ਼ਨ ਕਰਤਾ ਨੇ ਟ੍ਰਿਬਿਊਨਲ ਵੱਲੋਂ 13 ਮਈ 2003 ਦੇ ਜਾਰੀ ਹੁਕਮ ਲਾਗੂ ਕਰਵਾਉਣ ਦੀ ਮੰਗ ਕੀਤੀ ਸੀ ਤੇ 14 ਫਰਵਰੀ 2019 ਨੂੰ ਹਾਈ ਕੋਰਟ ਨੇ ਆਪਣੇ ਹੁਕਮਾਂ 'ਚ ਟਰਾਂਸਪੋਰਟ ਵਿਭਾਗ ਨੂੰ ਦੋ ਹਫਤੇ 'ਚ ਪਟੀਸ਼ਨਰ ਕੰਪਨੀ ਨੂੰ ਪਰਮਿਟ ਦੇਣ ਬਾਰੇ ਟ੍ਰਿਬਿਊਨਲ ਦੇ ਹੁਕਮ ਲਾਗੂ ਕਰਨ ਦੀ ਮੰਗ 'ਤੇ ਫੈਸਲਾ ਲੈਣ ਦੇ ਹੁਕਮ ਦਿੱਤੇ ਸਨ। ਇਸ ਦੀ ਪਾਲਣਾ ਨਾ ਹੋਣ ਕਾਰਨ ਕੰਪਨੀ ਨੇ ਹਾਈ ਕੋਰਟ 'ਚ ਅਦਾਲਤ ਦੀ ਹੁਕਮ ਅਦੂਲੀ ਦੀ ਪਟੀਸ਼ਨ ਦਾਇਰ ਕਰ ਦਿੱਤੀ। ਇਸ ਦੀ ਸੁਣਵਾਈ ਕਰਦਿਆਂ ਜਸਟਿਸ ਅਵਨੀਸ਼ ਝਿੰਗਨ ਨੇ ਐਸ ਟੀ ਸੀ ਨੂੰ ਖੁਦ ਅਦਾਲਤ ਵਿੱਚ ਪੇਸ਼ ਹੋਣ ਦੇ ਹੁਕਮ ਦਿੱਤੇ ਸਨ। ਇਸ ਦੇ ਬਾਵਜੂਦ ਐਸ ਟੀ ਸੀ ਪੇਸ਼ ਨਹੀਂ ਹੋਏ ਤਾਂ ਵਾਰੰਟ ਜਾਰੀ ਕੀਤੇ ਗਏ ਹਨ।

# ਪੁੱਤਰ ਤੇ ਨੂੰਹ ਦੀਆਂ ਧਮਕੀਆਂ ਤੋਂ ਤੰਗ ਆਈ ਮਾਂ ਵੱਲੋਂ ਖੁਦਕੁਸ਼ੀ

ਰਾਜਪੁਰਾ, 22 ਅਕਤੂਬਰ (ਪੋਸਟ ਬਿਊਰੋ)- ਪਿੰਡ ਧਰਮਗੜ੍ਹ ਦੀ ਮਹਿਲਾ ਨੇ ਬੇਟੇ ਅਤੇ ਨੂੰਹ ਦੀਆਂ ਧਮਕੀਆਂ ਤੋਂ ਤੰਗ ਆ ਕੇ ਖੁਦਕੁਸ਼ੀ ਕਰ ਲਈ, ਜਿਸ 'ਤੇ ਖੇੜੀ ਗੰਡੀਆਂ ਪੁਲਸ ਨੇ ਮ੍ਰਿਤਕ ਮਹਿਲਾ ਦੇ ਪਤੀ ਦੀ ਸ਼ਿਕਾਇਤ ਉਤੇ ਬੇਟੇ ਅਤੇ ਨੂੰਹ ਦੇ ਖਿਲਾਫ ਖੁਦਕੁਸ਼ੀ ਲਈ ਮਜਬੂਰ ਕਰਨ ਦਾ ਕੇਸ ਦਰਜ ਕਰਨ ਦੇ ਬਾਅਦ ਕਾਰਵਾਈ ਕੀਤੀ ਹੈ।

ਪੁਲਸ ਦੇ ਦੱਸਣ ਅਨੁਸਾਰ ਕਰਨੈਲ ਕੌਰ (63) ਅਤੇ ਉਸ ਦੇ ਪਤੀ ਭਜਨ ਸਿੰਘ ਨੇ ਕਰੀਬ 33 ਵਿਘੇ ਜ਼ਮੀਨ



ਆਪਣੇ ਬੇਟੇ ਲਖਵਿੰਦਰ ਸਿੰਘ ਨੂੰ ਦੇ ਦਿੱਤੀ ਹੈ ਜਿਸ 'ਤੇ ਲਖਵਿੰਦਰ ਸਿੰਘ ਖੇਤੀ ਕਰਦਾ ਹੈ, ਪਰ ਬੇਟੇ ਨੇ ਬਾਕੀ ਜ਼ਮੀਨ 'ਤੇ ਨਜ਼ਰ ਰੱਖੀ ਹੋਈ ਸੀ, ਇਸ ਲਈ ਲਖਵਿੰਦਰ ਸਿੰਘ ਆਪਣੀ ਪਤਨੀ ਰਣਜੀਤ ਕੌਰ ਨਾਲ ਮਿਲ ਕੇ ਮਾਤਾ ਪਿਤਾ ਨੂੰ ਤੰਗ ਕਰ ਕੇ ਜ਼ਮੀਨ ਆਪਣੇ ਨਾਂਅ ਕਰਵਾਉਣ ਲਈ ਮਜਬੂਰ ਕਰਦੇ ਸਨ। ਇਸ ਲਈ 11 ਅਕਤੂਬਰ ਨੂੰ ਮਾਤਾ ਪਿਤਾ ਨੂੰ ਘਰੋਂ ਕੱਢ ਦਿੱਤਾ, ਜਿਸ ਕਾਰਨ ਦੋਵੇਂ ਪਿਛਲੇ ਕਈ ਦਿਨਾਂ ਤੋਂ ਇਧਰ ਉਧਰ ਰਹਿ ਕੇ ਦਿਨ ਬਿਤਾ ਰਹੇ ਸਨ, ਪਰ ਮਾਮਲਾ ਸਰਪੰਚ ਕੋਲ ਆਉਣ ਦੇ ਬਾਅਦ ਬੀਤੇ ਦਿਨੀਂ ਦੋਵਾਂ ਧਿਰਾਂ ਦਾ ਸਮਝੌਤਾ ਕਰਾਉਣ ਉਤੇ ਕਰਨੈਲ ਕੌਰ ਅਤੇ ਭਜਨ ਸਿੰਘ ਆਪਣੇ ਘਰ ਰਹਿਣ ਲਈ ਆ ਗਏ। ਇਸ ਦੇ ਬਾਅਦ ਵੀ ਲਖਵਿੰਦਰ ਸਿੰਘ ਅਤੇ ਰਣਜੀਤ ਕੌਰ ਵੱਲੋਂ ਤੰਗ ਪ੍ਰੇਸ਼ਾਨ ਕੀਤਾ ਗਿਆ। ਕੱਲ੍ਹ ਸਵੇਰੇ ਕਰੀਬ ਪੌਣੇ ਸੱਤ ਵਜੇ ਭਜਨ ਸਿੰਘ ਧਾਰਮਿਕ ਸਥਾਨ 'ਤੇ ਮੱਥਾ ਟੇਕਣ ਦੇ ਲਈ ਚਲਾ ਗਿਆ। ਇਸ ਦੌਰਾਨ ਕਰਨੈਲ ਕੌਰ ਨੇ ਕਿਸੇ ਕੱਪੜੇ ਦੀ ਮਦਦ ਨਾਲ ਗਾਰਡਰ ਲਟਕ ਕੇ ਖੁਦਕੁਸ਼ੀ ਕਰ ਲਈ। ਕੇਸ ਦੀ ਜਾਂਚ ਕਰ ਰਹੇ ਏ ਐੱਸ ਆਈ ਸਤਨਾਮ ਸਿੰਘ ਨੇ ਦੱਸਿਆ ਕਿ ਭਜਨ ਸਿੰਘ ਦੀ ਸ਼ਿਕਾਇਤ 'ਤੇ ਕਰਨੈਲ ਕੌਰ ਨੂੰ ਖੁਦਕੁਸ਼ੀ ਕਰਨ ਲਈ ਉਕਸਾਉਣ ਦੇ ਦੋਸ਼ ਵਿੱਚ ਬੇਟੇ ਲਖਵਿੰਦਰ ਸਿੰਘ, ਨੂੰਹ ਰਣਜੀਤ ਕੌਰ ਦੇ ਖਿਲਾਫ ਕੇਸ ਦਰਜ ਕਰ ਲਿਆ ਹੈ।

# ਜੀ ਆਰ ਪੀ ਥਾਣੇ ਤੋਂ ਡੇਢ ਗਜ ਦੀ ਦੂਰੀ ਉੱਤੇ ਐਕਟਿਵਾ ਸਵਾਰ ਬਜ਼ੁਰਗ ਔਰਤ ਦਾ ਪਰਸ ਖੋਹਿਆ

ਜਲੰਧਰ, 22 ਅਕਤੂਬਰ (ਪੋਸਟ ਬਿਊਰੋ)- ਥਾਣਾ ਜੀ ਆਰ ਪੀ ਤੋਂ ਸਿਰਫ ਡੇਢ ਗਜ ਦੂਰ ਪਤੀ ਦੇ ਨਾਲ ਜਾ ਰਹੀ ਇੱਕ ਐਕਟਿਵਾ ਸਵਾਰ ਬਜ਼ੁਰਗ ਮਹਿਲਾ ਤੋਂ ਲੁਟੇਰੇ ਪਰਸ ਖੋਹ ਕੇ ਫਰਾਰ ਹੋ ਗਏ। ਝਪਟਮਾਰੀ ਵਿੱਚ ਪੀੜਤ ਬਜ਼ੁਰਗ ਮਹਿਲਾ ਐਕਟਿਵਾ ਤੋਂ ਡਿੱਗ ਵੀ ਗਈ, ਗੰਭੀਰ ਸੱਟ ਲੱਗ ਗਈ। ਪਰਸ ਵਿੱਚ 25 ਹਜ਼ਾਰ ਰੁਪਏ ਨਕਦੀ, ਸੈਮਸੰਗ ਮੋਬਾਈਲ, ਜ਼ਰੂਰੀ ਕਾਗਜ਼ਾਂ ਸਮੇਤ 15 ਸਕੂਲ ਟਾਈਆਂ ਸਨ।

ਪੁਲਸ ਨੂੰ ਦਿੱਤੀ ਸ਼ਿਕਾਇਤ ਵਿੱਚ ਖਾਲਸਾ ਸਕੂਲ, ਨਕੋਦਰ ਰੋਡ ਤੋਂ ਰਿਟਾਇਰਡ ਟੀਚਰ ਰਤਨ ਕਲੋਨੀ ਦੇ ਵਾਸੀ ਜਗਜੀਤ ਸਿੰਘ (67) ਨੇ



ਦੱਸਿਆ ਕਿ ਕੱਲ੍ਹ ਸ਼ਾਮ ਉਹ ਆਪਣੀ ਪਤਨੀ ਰਣਜੀਤ ਕੌਰ ਨਾਲ ਐਕਟਿਵਾ 'ਤੇ ਸਵਾਰ ਹੋ ਕੇ ਮੁਹੱਲਾ ਸੰਤੋਖਪੁਰਾ ਤੋਂ ਸਿਟੀ ਰੇਲਵੇ ਸਟੇਸ਼ਨ ਨੂੰ ਜਾਂਦੇ ਰਸਤੇ ਤੋਂ ਆਪਣੇ ਘਰ ਮੁੜ ਰਹੇ ਸਨ। ਸ਼ਾਮ ਸੱਤ ਵਜੇ ਦੇ ਕਰੀਬ ਜਦੋਂ ਉਹ ਥਾਣਾ ਜੀ ਆਰ ਪੀ ਤੋਂ ਸਿਰਫ ਡੇਢ ਗਜ ਦੂਰ ਸਨ ਤਾਂ ਪਿੱਛੋਂ ਆਏ ਕਾਲੇ ਰੰਗ ਦੀ ਐਕਟਿਵ ਸਵਾਰ ਨੌਜਵਾਨ ਨੇ ਉਨ੍ਹਾਂ ਦੀ ਪਤਨੀ ਦੀ ਬਾਂਹ ਵਿੱਚ ਟੰਗਿ-ਆ ਪਰਸ ਖੋਹ ਲਿਆ ਅਤੇ ਐਕਟਿਵ 'ਤੇ ਫਰਾਰ ਹੋ ਗਿਆ। ਉਨ੍ਹਾਂ ਦੱਸਿਆ ਕਿ ਲੁਟੇਰੇ ਨੇ ਇੰਨੀ ਤੇਜ਼ੀ ਨਾਲ ਪਰਸ ਝਪਟਿਆ ਕਿ ਉਨ੍ਹਾਂ ਦੀ ਪਤਨੀ ਐਕਟਿਵਾ ਤੋਂ ਹੇਠਾਂ ਡਿੱਗ ਕੇ ਜ਼ਖਮੀ ਹੋ ਗਈ, ਜਿਨ੍ਹਾਂ ਨੂੰ ਨੇੜਲੇ ਹਸਪਤਾਲ ਵਿੱਚ ਦਾਖਲ ਕਰਾਇਆ ਗਿਆ। ਥਾਣਾ ਨਵੀਂ ਬਾਰਾਂਦਰੀ ਦੇ ਐਸ ਐਚ ਓ ਸੁਖਜੀਤ ਸਿੰਘ ਨੇ ਕਿਹਾ ਕਿ ਫਿਲਹਾਲ ਪੁਲਸ ਨੇ ਅਣਪਛਾਤੇ ਦੋਸ਼ੀ ਦੇ ਖਿਲਾਫ ਕੇਸ ਦਰਜ ਕਰ ਕੇ ਮਾਮਲੇ ਦੀ ਜਾਂਚ ਸ਼ੁਰੂ ਕਰ ਦਿੱਤੀ ਹੈ। ਪੁਲਸ ਘਟਨਾ ਸਥਾਨ ਦੇ ਨੇੜੇ ਲੱਗੇ ਸੀ ਸੀ ਟੀ ਵੀ ਕੈਮਰਿਆਂ ਦੀ ਫੁਟੇਜ ਦੇਖ ਕੇ ਜਲਦੀ ਹੀ ਦੋਸ਼ੀ ਨੂੰ ਗ੍ਰਿਫਤਾਰ ਕਰੇਗੀ।

# ਸ਼ਹਿਰੀ ਗਊਸ਼ਾਲਾਂ ਦੀਆਂ ਮਹਿੰਗੀਆਂ ਜ਼ਮੀਨਾਂ ਵੇਚਣ ਲਈ ਸਰਕਾਰ ਨੇ ਸੁਝਾਅ ਮੰਗੇ

ਜਲੰਧਰ, 22 ਅਕਤੂਬਰ (ਪੋਸਟ ਬਿਊਰੋ)- ਕਈ ਸ਼ਹਿਰਾਂ 'ਚ ਅਵਾਰਾ ਪਸ਼ੂਆਂ ਦੀ ਲਗਾਤਾਰ ਵੱਧ ਰਹੀ ਗਿਣਤੀ ਤੋਂ ਪ੍ਰੇਸ਼ਾਨ ਸਰਕਾਰ ਨੇ ਸ਼ਹਿਰਾਂ ਦੀ ਬਜਾਏ ਨੇੜਲੇ ਪੇਂਡੂ ਹਲਕੇ 'ਚ ਨਵੀਂਆਂ ਗਊਸ਼ਾਲਾਵਾਂ ਬਣਾਉਣ ਲਈ ਰਾਜ ਦੀਆਂ ਨਗਰ ਨਿਗਮਾਂ ਤੋਂ ਸੁਝਾਅ ਮੰਗੇ ਹਨ ਕਿ ਸ਼ਹਿਰ ਵਿਚਲੀਆਂ ਗਊਸ਼ਾਲਾ ਦੀਆਂ ਮਹਿੰਗੀਆਂ ਜ਼ਮੀਨਾਂ ਨੂੰ ਵਪਾਰਕ ਕੀਮਤਾਂ 'ਤੇ ਵੇਚ ਕੇ ਨਾਲ ਦੇ ਪੇਂਡੂ ਖੇਤਰਾਂ 'ਚ ਸਸਤੀਆਂ ਥਾਵਾਂ ਉਤੇ ਗਊਸ਼ਾਲਾ ਬਣਾਈਆਂ ਜਾਣ। ਇਸ ਨਾਲ ਆਵਾਰਾ ਪਸ਼ੂਆਂ ਨੂੰ ਵੱਡੀਆਂ ਗਊਸ਼ਾਲਾਵਾਂ 'ਚ ਰੱਖਿਆ ਜਾ ਸਕੇਗਾ ਸਗੋਂ ਫਸਲਾਂ ਦੀ ਬਰਬਾਦੀ ਵੀ ਰੋਕੀ ਜਾ ਸਕੇਗੀ।



ਪਟਿਆਲਾ ਦੇ ਮੇਅਰ ਸੰਜੀਵ ਸ਼ਰਮਾ ਨੇ ਰਾਜ ਸਰਕਾਰ ਨੂੰ ਇੱਕ ਸ਼ਿਕਾਇਤ ਭੇਜ ਕੇ ਇਸ ਬਾਰੇ ਸਾਰੇ ਰਾਜ ਲਈ ਇੱਕ ਨੀਤੀ ਬਣਾਉਣ ਦਾ ਸੁਝਾਅ ਦਿੱਤਾ ਸੀ। ਉਨ੍ਹਾਂ ਰਾਜ ਸਰਕਾਰ ਨੂੰ ਕਿਹਾ ਸੀ ਕਿ ਸ਼ਹਿਰਾਂ 'ਚ ਨਿਗਮਾਂ ਦੀਆਂ ਜ਼ਮੀਨਾਂ 'ਤੇ ਬਣੀਆਂ ਗਊਸ਼ਾਲਾਵਾਂ ਨੂੰ ਵੇਚ ਕੇ ਨੇੜੇ ਪੇਂਡੂ ਖੇਤਰਾਂ 'ਚ ਨਵੀਆਂ ਗਊਸ਼ਾਲਾ ਬਣਾਈਆਂ ਜਾਣ ਤਾਂ ਵੱਧ ਗਿਣਤੀ 'ਚ ਓਥੇ ਆਵਾਰਾ ਪਸ਼ੂ ਰੱਖੇ ਜਾ ਸਕਣਗੇ। ਮੇਅਰ ਦਾ ਇਹ ਵੀ ਕਹਿਣਾ ਸੀ ਕਿ ਸ਼ਹਿਰਾਂ 'ਚ ਗਊਸ਼ਾਲਾਵਾਂ ਬਣੀਆਂ ਹੋਣ ਕਰਕੇ ਸੀਪਰ ਜਾਮ ਦੀਆਂ ਸ਼ਿਕਾਇਤਾਂ ਲਗਾਤਾਰ ਆਉਂਦੀਆਂ ਹਨ, ਜਿਸ ਨਾਲ ਨਿਗਮਾਂ ਦਾ ਵੱਧ ਖਰਚਾ ਹੋ ਰਿਹਾ ਹੈ। ਚੇਤੇ ਰਹੇ ਕਿ ਅਜੇ ਤੱਕ ਪੰਜਾਬ 'ਚ 1.50 ਲੱਖ ਦੇ ਕਰੀਬ ਆਵਾਰਾ ਪਸ਼ੂ ਸੜਕਾਂ 'ਤੇ ਘੁੰਮ ਰਹੇ ਹਨ।



## ਨਵੇਂ ਮੋਟਰ ਵ੍ਹੀਕਲ ਐਕਟ ਉੱਤੇ ਅਮਲ ਵਿੱਚ ਦਿੱਲੀ ਪਛੜ ਗਈ

ਨਵੀਂ ਦਿੱਲੀ, 22 ਅਕਤੂਬਰ (ਪੋਸਟ ਬਿਊਰੋ)- ਨਵੇਂ ਮੋਟਰ ਵ੍ਹੀਹਕਲ ਐਕਟ 'ਤੇ ਅਮਲ ਦੇ ਮਾਮਲੇ ਵਿੱਚ ਦਿੱਲੀ-ਐਨ ਸੀ ਆਰ ਪਛੜ ਗਈ ਹੈ। ਸੁਪਰੀਮ ਕੋਰਟ ਨੇ ਇਸ ਸੰਬੰਧੀ ਨਾਰਾਜ਼ਗੀ ਪ੍ਰਗਟ ਕੀਤੀ ਹੈ।

ਇਸ ਸੰਬੰਧ ਵਿੱਚ ਸੁਪਰੀਮ ਕੋਰਟ ਨੇ ਈ ਪੀ ਸੀ ਏ ਦੀਆਂ ਸਿਫਾਰਸ਼ਾਂ ਪਿੱਛੋਂ ਹੁਕਮ ਦਿੱਤਾ ਸੀ ਕਿ ਪਹਿਲਾਂ ਮੋਟਰ ਗੱਡੀਆਂ ਦੀ ਉਮਰ ਅਤੇ ਹਾਲਾਤ ਦੀ ਪਛਾਣ ਕੀਤੀ ਜਾਵੇ। ਉਸ ਤੋਂ ਬਾਅਦ ਉਸ ਨਾਲ ਨਜਿੱਠਣ ਦੇ ਉਪਾਅ ਲੱਭੇ ਜਾਣ। ਹਾਲੇ ਤੱਕ ਦਿੱਲੀ ਸਰਕਾਰ ਵੱਲੋਂ ਅਜਿਹੀਆਂ ਮੋਟਰ ਗੱਡੀਆਂ ਦੀ ਪਛਾਣ ਕਰਨ ਲਈ ਆਮ ਰਾਏ ਨਾਲ ਕੋਈ ਢੰਗ ਨਹੀਂ ਲੱਭਿਆ ਜਾ ਸਕਿਆ। ਅਗਲੀ ਸੁਣਵਾਈ ਸੁਪਰੀਮ ਕੋਰਟ ਵਿੱਚ ਅੱਠ ਨਵੰਬਰ ਨੂੰ ਹੋਵੇਗੀ। ਵਰਨਣ ਯੋਗ ਹੈ ਕਿ 10 ਤੋਂ 15 ਸਾਲ ਪੁਰਾਣੀਆਂ ਡੀਜ਼ਲ ਤੇ ਪੈਟਰੋਲ ਨਾਲ ਚੱਲਦੀਆਂ ਮੋਟਰ ਗੱਡੀਆਂ 'ਤੇ ਇਸ ਤਰ੍ਹਾਂ ਦਾ ਸਟਿੱਕਰ ਲੱਗਾ ਹੁੰਦਾ ਹੈ, ਜਿਸ ਬਾਰੇ ਸੁਪਰੀਮ ਕੋਰਟ ਵਿੱਚ ਬਹਿਸ ਹੋ ਰਹੀ ਹੈ। ਸੁਪਰੀਮ ਕੋਰਟ ਨੇ ਪੁੱਛਿਆ ਸੀ ਕਿ ਅਮਲ ਦਾ ਢੰਗ ਕੀ ਹੋਵੇਗਾ। ਸਟਿੱਕਰ ਦੇ ਰੰਗਾਂ ਬਾਰੇ ਕਿਹਾ ਗਿਆ ਕਿ ਪੈਟਰੋਲ ਅਤੇ ਸੀ ਐੱਨ ਜੀ ਵਾਲੀਆਂ ਮੋਟਰ ਗੱਡੀਆਂ ਲਈ ਨੀਲਾ, ਡੀਜ਼ਲ ਵਾਲੀਆਂ ਲਈ ਸੰਤਰੀ ਅਤੇ ਬੈਟਰੀ ਤੇ ਬਿਜਲੀ ਨਾਲ ਚੱਲਣ ਵਾਲੀਆਂ ਮੋਟਰ ਗੱਡੀਆਂ ਲਈ ਹਰਾ ਸਟਿੱਕਰ ਹੋਵੇਗਾ।

# ਆਪਣੇ ਆਪ ਨੂੰ 'ਕਲਕੀ ਭਗਵਾਨ' ਕਹਿਣ ਵਾਲੇ ਦਾ ਪਰਦਾ ਫਾਸ਼

### * ਕਰੋੜਾਂ ਰੁਪਏ ਨਕਦੀ ਅਤੇ ਹੀਰੇ-ਜਵਾਹਰਾਤ ਮਿਲੇ

ਚੇਨਈ, 22 ਅਕਤੂਬਰ (ਪੋਸਟ ਬਿਊਰੋ)- ਆਪਣੇ ਆਪ ਨੂੰ ਭਗਵਾਨ ਵਿਸ਼ਨੂੰ ਦਾ 10ਵਾਂ ਅਵਤਾਰ ਹੋਣ ਦਾ ਦਾਅਵਾ ਕਰ ਰਹੇ ਅਧਿਆਤਮਕ ਗੁਰੂ 'ਕਲਕੀ ਭਗਵਾਨ' ਦੀਆਂ ਮੁਸ਼ਕਲਾਂ ਓਦੋਂ ਵਧ ਗਈਆਂ, ਜਦੋਂ ਇਨਕਮ ਟੈਕਸ ਵਿਭਾਗ ਨੇ ਇਕ ਛਾਪਾ ਮਾਰ ਕੇ ਕਲਕੀ ਭਗਵਾਨ ਦੀ ਕਾਲੀ ਦੁਨੀਆ ਦਾ ਪਰਦਾ ਫਾਸ਼ ਕਰ ਦਿੱਤਾ।



ਇਨਕਮ ਟੈਕਸ ਵਿਭਾਗ ਦੀਆਂ ਟੀਮਾਂ ਨੇ ਕਲਕੀ ਭਗਵਾਨ ਦੇ ਟਿਕ-ਾਣਿਆਂ ਉੱਤੇ ਛਾਪੇ ਮਾਰ ਕੇ 44 ਕਰੋੜ ਰੁਪਏ ਨਕਦੀ, 20 ਕਰੋੜ ਰੁਪਏ ਦੇ ਅਮਰੀਕੀ ਡਾਲਰ ਹਨ ਤੇ 90 ਕਿਲੋ ਸੋਨਾ ਬਰਾਮਦ ਕੀਤਾ ਹੈ। ਵਿਭਾਗ ਦੇ ਅਧਿਕਾਰੀਆਂ ਨੇ ਇਹ ਸਮਾਨ ਉਸ ਦੇ ਪੰਜ ਟਿਕਾਣਿਆਂ ਚੇਨਈ, ਹੈਦਰਾਬਾਦ, ਬੰਗਲੁਰੂ, ਚਿਤੂਰ ਤੇ ਕੁਪਮ ਲੋਕੇਸ਼ੰਸ ਉੱਤੇ ਛਾਪੇ ਦੌਰਾਨ ਬਰਾਮਦ ਕੀਤਾ। ਇਹ ਛਾਪਾ ਇਸ ਗੁਰੂ ਦੇ ਪੁੱਤਰਾਂ ਦੀ ਮਾਲਕੀ ਵਾਲੀ 'ਵਾਈਟ ਲੋਟਸ' ਕੰਪਨੀ ਦੀਆਂ ਜਾਇਦਾਦਾਂ ਉੱਤੇ ਮਾਰਿਆ ਗਿਆ, ਜਿੱਥੋਂ ਕਰੀਬ 500 ਕਰੋੜ ਰੁਪਏ ਦਾ ਸਮਾਨ ਜ਼ਬਤ ਕੀਤਾ ਗਿਆ ਹੈ।

ਵਿਸ਼ਨੂੰ ਦਾ 10ਵਾਂ ਅਵਤਾਰ ਕਹਾਉਂਦੇ ਕਲਕੀ ਭਗਵਾਨ ਦਾ ਅਸਲ ਨਾਮ ਵਿਜੈ ਕੁਮਾਰ ਨਾਇਡੂ ਹੈ, ਜਿਹੜਾ ਇਸ ਸਾਰੇ ਕਾਰੋਬਾਰ ਦੇ ਨਾਲ ਧਾਰਮਿਕ ਸਿੱਖਿਆ ਸੰਸਥਾ ਵੰਨਨੈੱਸ ਯੂਨੀਵਰਸਿਟੀ ਦਾ ਮੋਢੀ ਹੈ। ਕਲਕੀ ਭਗਵਾਨ ਉਰਫ ਵਿਜੇ ਨਾਇਡੂ ਨੇ ਅਪਣਾ ਕਰੀਅਰ ਸਾਲ 1971 ਵਿਚ ਲਾਈਫ਼ ਇੰਸ਼ੋਰੈਂਸ ਕਾਰਪੋਰੇਸ਼ਨ ਦੇ ਕਲਰਕ ਵਜੋਂ ਸ਼ੁਰੂ ਕੀਤਾ ਸੀ। ਸਾਲ 1980 ਵਿਚ ਉਹ ਜੇਸ਼ਨਾ ਮੂਰਤੀ ਫਾਊਂਡੇਸ਼ਨ ਨਾਲ ਜੁੜ ਗਿਆ। ਬਾਅਦ ਵਿਚ ਉਸ ਨੇ ਆਪਣਾ ਵੀ ਟਰੱਸਟ ਬਣਾ ਲਿਆ ਅਤੇ 1989 ਵਿਚ ਉਸ ਨੇ ਖ਼ੁਦ ਨੂੰ ਭਗਵਾਨ ਦੱਸਣਾ ਸ਼ੁਰੂ ਕਰ ਦਿੱਤਾ। ਵਿਜੇ ਕੁਮਾਰ ਦਾਅਵਾ ਕਰਨ ਲੱਗ ਪਿਆ ਕਿ ਉਹ ਭਗਵਾਨ ਵਿਸ਼ਨੂੰ ਦਾ 10ਵਾਂ ਅਵਤਾਰ ਹੈ ਤੇ ਉਸ ਕੋਲ ਗੈਬੀ ਸ਼ਕਤੀਆਂ ਹੋਣ ਕਾਰਨ ਉਹ ਲੋਕਾਂ ਨੂੰ ਗਿਆਨ ਤੇ ਨਿਰਵਾਣ ਦੀ ਪ੍ਰਾਪਤੀ ਕਰਵਾ ਸਕਦਾ ਹੈ। ਹੌਲੀ-ਹੌਲੀ ਲੋਕ ਉਸ ਦੀਆਂ ਇਨ੍ਹਾਂ ਗੱਲਾਂ ਦਾ ਯਕੀਨ ਕਰਨ ਲੱਗੇ ਤੇ ਚੰਦ ਦਿਨਾਂ ਬਾਅਦ ਰਾਜ ਨੇਤਾ, ਉਦਯੋਗਪਤੀ ਅਤੇ ਫਿਲਮੀ ਸਿਤਾਰੇ ਵੀ ਉਨ੍ਹਾਂ ਦੇ ਚਿਤੂਰ ਦੇ ਆਸ਼ਰਮ ਜਾਣ ਲੱਗੇ।

ਆਪਣੇ ਆਪ ਨੂੰ ਕਲਕੀ ਭਗਵਾਨ ਦੱਸਣ ਵਾਲੇ ਵਿਜੈ ਦਾ ਚਿਤੂਰ ਆਸ਼ਰਮ 2008 ਵਿਚ ਵੀ ਸੁਰਖ਼ੀਆਂ ਵਿਚ ਆ ਗਿਆ ਸੀ, ਜਦੋਂ ਉਥੇ ਮੱਚੀ ਭਗਦੜ ਦੌਰਾਨ ਪੰਜ ਲੋਕਾਂ ਦੀ ਮੌਤ ਹੋ ਗਈ ਅਤੇ ਕਈ ਲੋਕ ਜ਼ਖ਼ਮੀ ਹੋ ਗਏ ਸਨ। ਉਸ ਦੇ ਆਸ਼ਰਮ ਵਿਚ ਆਮ ਦਰਸ਼ਨ ਲਈ ਇਕ ਜੋੜੇ ਤੋਂ ਪੰਜ ਹਜ਼ਾਰ ਰੁਪਏ ਲਏ ਜਾਂਦੇ ਹਨ ਅਤੇ ਵਿਸ਼ੇਸ਼ ਦਰਸ਼ਨ 50 ਹਜ਼ਾਰ ਰੁਪਏ ਦੇਣ ਤੋਂ ਬਾਅਦ ਕਰਾਇਆ ਜਾਂਦਾ ਹੈ। ਵਨਨੈੱਸ ਟੈਂਪਲ ਵਿਚ ਯੋਗ ਅਤੇ ਸਾਧਨਾ ਨਾਲ ਜੁੜੀਆਂ ਕਲਾਸਾਂ ਲਗਦੀਆਂ ਹਨ, ਜਿਨ੍ਹਾਂ ਦਾ ਹਿੱਸਾ ਬਣਨ ਲਈ ਆਸ਼ਰਮ 50 ਹਜ਼ਾਰ ਵਸੂਲਦਾ ਹੈ। ਹੈਰਾਨੀ ਦੀ ਗੱਲ ਹੈ ਕਿ ਇਨ੍ਹਾਂ ਸੈਸ਼ਨਾਂ ਵਿਚ ਵੱਡੀ ਗਿਣਤੀ ਵਿਚ ਵਿਦੇਸ਼ੀ ਲੋਕ ਵੀ ਹੁੰਦੇ ਹਨ।

ਆਖਰ ਨੂੰ ਕਲਕੀ ਆਸ਼ਰਮ ਦੀ ਇਸ ਕਾਲੀ ਦੁਨੀਆ ਦਾ ਪਰਦਾ ਫਾਸ਼ ਹੋ ਗਿਆ ਹੈ। ਇਨਕਮ ਟੈਕਸ ਵਿਭਾਗ ਨੇ ਕਈ ਰਾਜਾਂ ਵਿਚ ਛਾਪੇ ਮਾਰ ਕੇ ਉਸ ਦੇ ਕਈ ਆਸ਼ਰਮਾਂ ਨੂੰ ਅਪਣੇ ਕਬਜ਼ੇ ਵਿਚ ਲੈ ਲਿਆ ਹੈ, ਜਿੱਥੋਂ 44 ਕਰੋੜ ਰੁਪਏ ਕੈਸ਼, 20 ਕਰੋੜ ਰੁਪਏ ਦੇ ਅਮਰੀਕੀ ਡਾਲਰ, 90 ਕਿਲੋ ਸੋਨਾ ਤੇ ਹੀਰੇ ਬਰਾਮਦ ਹੋਏ ਹਨ। ਇਸ ਕਾਲੇ ਕਾਰੋਬਾਰ ਵਿਚ ਕਲਕੀ ਦਾ ਬੇਟਾ ਸ਼ਿਨਾ ਵੀ ਸ਼ਾਮਲ ਹੈ। ਇਨਕਮ ਟੈਕਸ ਦੇ ਛਾਪੇ ਮਗਰੋਂ ਕਲਕੀ ਉਰਫ਼ ਵਿਜੈ ਨਾਇਡੂ ਗ਼ਾਇਬ ਦੱਸਿਆ ਗਿਆ ਹੈ। ਤਾਮਿਲ ਨਾਡੂ ਦੇ ਚਿਤੂਰ ਵਿਚ ਉਸ ਦੇ ਮੁੱਖ ਆਸ਼ਰਮ ਨੂੰ ਸੀਲ ਕਰ ਦਿੱਤਾ ਗਿਆ ਹੈ।

# ਬਸਪਾ ਲੀਡਰ ਨੂੰ ਉਨ੍ਹਾਂ ਦੇ ਆਪਣੇ ਵਰਕਰਾਂ ਨੇ ਮੂੰਹ ਕਾਲਾ ਕਰ ਕੇ ਗਧੇ ਉੱਤੇ ਘੁੰਮਾਇਆ

ਜੈਪੁਰ, 22 ਅਕਤੂਬਰ (ਪੋਸਟ ਬਿਊਰੋ)- ਰਾਜਸਥਾਨ ਦੀ ਬਹੁਜਨ ਸਮਾਜ ਪਾਰਟੀ ਦਾ ਅੱਜ ਕਲ੍ਹ ਬੁਰਾ ਹਾਲ ਹੈ। ਪਹਿਲਾਂ ਸਾਰੇ 6 ਬਸਪਾ ਵਿਧਾਇਕ ਪਾਰਟੀ ਛੱਡ ਕੇ ਕਾਂਗਰਸ ਵਿੱਚ ਚਲੇ ਗਏ ਤੇ ਫਿਰ ਬਸਪਾ ਵਰਕਰਾਂ ਨੇ ਪਾਰਟੀ ਨੂੰ ਸ਼ਰਮਸਾਰ ਕੀਤਾ ਹੈ। ਜੈਪੁਰ ਵਿੱਚ ਬਸਪਾ ਵਰਕਰਾਂ ਨੇ ਆਪਣੀ ਪਾਰਟੀ ਦੇ ਨੈਸ਼ਨਲ ਕੋ-ਆਰਡੀਨੇਟਰ ਇੰਚਾਰਜ ਸੀਤਾਰਾਮ ਦਾ ਮੂੰਹ ਕਾਲਾ ਕਰ ਕੇ ਗਧੇ ਉੱਤੇ ਬਿਠਾ ਕੇ ਘੁੰਮਾਇਆ ਅਤੇ ਨੇਤਾ ਦੇ ਗਲੇ ਵਿੱਚ ਜੁੱਤੀਆਂ ਦੀ ਮਾਲਾ ਵੀ ਪਾਈ। ਇਸ ਮੌਕੇ ਇਹ ਵਰਕਰ 'ਰਾਮਜੀ ਗੌਤਮ ਹਾਏ-ਹਾਏ' ਦੇ ਨਾਅਰੇ ਲਾ ਰਹੇ ਸਨ ਤੇ ਉਨ੍ਹਾਂ ਦੇ ਸਾਥੀ ਕੈਮਰੇ ਵਿੱਚ ਵੀਡੀਓ ਬਣਾ ਰਹੇ ਸਨ। ਉਨ੍ਹਾਂ ਦਾ ਕਹਿਣਾ ਸੀ ਕਿ ਰਾਮਜੀ ਗੌਤਮ ਨੇ ਪਾਰਟੀ ਨੂੰ ਧੋਖਾ ਦਿੱਤਾ ਹੈ। ਇਹ ਨੇਤਾ ਪਾਰਟੀ ਵਿਰੁੱਧ ਗਤੀਵਿਧੀਆਂ ਵਿੱਚ ਸ਼ਾਮਲ ਸਨ, ਇਸ ਲਈ ਉਨ੍ਹਾਂ ਨਾਲ ਅਜਿਹਾ ਸਲੂਕ ਕੀਤਾ ਗਿਆ।



ਇਸ ਦੌਰਾਨ ਰਾਜਸਥਾਨ ਵਿੱਚ ਬਸਪਾ ਦੇ ਕੁਝ ਨੇਤਾਵਾਂ ਉੱਤੇ ਹਮਲਿਆਂ ਦੀਆਂ ਸ਼ਿਕਾਇਤਾਂ ਆਉਣ ਉੱਤੇ ਬਸਪਾ ਦੀ ਮੁਖੀ ਬੀਬੀ ਮਾਇਆਵਤੀ ਨੇ ਕਾਂਗਰਸ ਪਾਰਟੀ ਅਤੇ ਰਾਜ ਸਰਕਾਰ ਉੱਤੇ ਨਿਸ਼ਾਨਾ ਸਾਧਿਆ ਹੈ। ਉਨ੍ਹਾਂ ਨੇ ਗਹਿਲੋਤ ਸਰਕਾਰ ਉੱਤੇ ਅੰਬੇਡਕਰਵਾਦੀ ਅੰਦੋਲਨ ਵਿੱਚ ਖਲਲ ਪੈਦਾ ਕਰਨ ਦਾ ਦੋਸ਼ ਲਾਇਆ ਅਤੇ ਉਸ ਨੂੰ ਇਨ੍ਹਾਂ ਹਰਕਤਾਂ ਤੋਂ ਬਾਜ਼ ਆਉਣ ਲਈ ਕਿਹਾ। ਮਾਇਆਵਤੀ ਨੇ ਰਾਜਸਥਾਨ ਸਰਕਾਰ ਉੱਤੇ ਅੰਦੋਲਨ ਨਾਲ ਜੁੜੇ ਸੀਨੀਅਰ ਬਸਪਾ ਨੇਤਾਵਾਂ ਉੱਤੇ ਹਮਲਾ ਕਰਵਾਉਣ ਦਾ ਦੋਸ਼ ਲਾਉਂਦੇ ਹੋਏ ਇਸ ਦੀ ਨਿੰਦਾ ਕੀਤੀ ਅਤੇ ਟਵੀਟ ਕਰ ਕੇ ਕਿਹਾ, 'ਕਾਂਗਰਸ ਨੇ ਪਹਿਲਾਂ ਰਾਜਸਥਾਨ ਵਿੱਚ ਬਸਪਾ ਵਿਧਾਇਕਾਂ ਨੂੰ ਤੋੜਿਆ ਤੇ ਫਿਰ ਅੰਦੋਲਨ ਵਿੱਚ ਖਲਲ ਪੈਦਾ ਕਰਨ ਲਈ ਓਥੇ ਸੀਨੀਅਰ ਲੋਕਾਂ ਉੱਤੇ ਹਮਲਾ ਕਰਵਾ ਰਹੀ ਹੈ, ਜੋ ਬਹੁਤ ਨਿੰਦਾ ਯੋਗ ਅਤੇ ਸ਼ਰਮਨਾਕ ਹੈ। ਕਾਂਗਰਸ ਅੰਬੇਡਕਰਵਾਦੀ ਅੰਦੋਲਨ ਵਿਰੁੱਧ ਗਲਤ ਪਰੰਪਰਾ ਚਲਾ ਰਹੀ ਹੈ, ਜਿਸ ਦਾ 'ਜੈਸਾ ਕੋ ਤੈਸਾ' ਜਵਾਬ ਦਿੱਤਾ ਜਾ ਸਕਦਾ ਹੈ।

## ਅਸਾਮ ਵਿੱਚ 2 ਤੋਂ ਵੱਧ ਬੱਚਿਆਂ ਵਾਲੇ ਲੋਕਾਂ ਨੂੰ ਸਰਕਾਰੀ ਨੌਕਰੀ ਨਹੀਂ ਮਿਲੇਗੀ

ਗੁਹਾਟੀ, 22 ਅਕਤੂਬਰ (ਪੋਸਟ ਬਿਊਰੋ)- ਅਸਾਮ ਵਿੱਚ ਜਿਨ੍ਹਾਂ ਦੇ 2 ਤੋਂ ਵੱਧ ਬੱਚੇ ਹੋਣਗੇ, ਉਨ੍ਹਾਂ ਨੂੰ ਸਰਕਾਰੀ ਨੌਕਰੀ ਨਹੀਂ ਮਿਲੇਗੀ। ਇਸ ਸੰਬੰਧ ਵਿੱਚ ਇੱਕ ਫੈਸਲਾ ਅਸਾਮ ਸਰਕਾਰ ਦੀ ਕੈਬਨਿਟ ਨੇ ਲਿਆ ਹੈ।

ਭਾਜਪਾ ਮੁੱਖ ਮੰਤਰੀ ਸਰਬਾਨੰਦ ਸੋਨੋਵਾਰ ਸਰਕਾਰ ਦੀ ਕੈਬਨਿਟ ਨੇ ਕੱਲ੍ਹ ਸ਼ਾਮ ਫ਼ੈਸਲਾ ਕੀਤਾ ਹੈ ਕਿ 1 ਜਨਵਰੀ 2021 ਤੋਂ ਬਾਅਦ ਦੋ ਤੋਂ ਵੱਧ ਬੱਚਿਆਂ ਵਾਲੇ ਲੋਕਾਂ ਨੂੰ ਸਰਕਾਰੀ ਨੌਕਰੀ ਨਹੀਂ ਦਿੱਤੀ ਜਾਵੇਗੀ। ਅਸਾਮ ਦੇ ਜਨ ਸੰਪਰਕ ਵਿਭਾਗ ਵਲੋਂ ਇਸ ਬਾਰੇ ਪ੍ਰੈੱਸ ਬਿਆਨ ਜਾਰੀ ਕਰ ਕੇ ਕਿਹਾ ਗਿਆ ਹੈ ਕਿ 1 ਜਨਵਰੀ 2021 ਪਿੱਛੋਂ ਦੋ ਤੋਂ ਵੱਧ ਬੱਚਿਆਂ ਵਾਲਿਆਂ ਨੂੰ ਸਰਕਾਰੀ ਨੌਕਰੀ ਨਹੀਂ ਮਿਲੇਗੀ। ਰਾਜ ਸਰਕਾਰ ਦੇ ਅੱਜ ਵਾਲੇ ਮੁਲਾਜ਼ਮਾਂ ਉੱਤੇ ਇਹ ਆਦੇਸ਼ ਲਾਗੂ ਨਹੀਂ ਹੋਵੇਗਾ। ਨੌਕਰੀ ਲਈ ਨਵੇਂ ਸਿਰੇ ਤੋਂ ਅਰਜ਼ੀ ਦੇਣ ਵਾਲੇ ਲੋਕ ਇਸ ਨਵੇਂ ਨਿਯਮ ਦੇ ਦਾਇਰੇ ਵਿੱਚ ਆਉਣਗੇ।

ਕੱਲ੍ਹ ਅਸਾਮ ਕੈਬਨਿਟ ਦੀ ਬੈਠਕ ਵਿੱਚ ਨਵੀਂ ਭੂਮੀ ਨੀਤੀ ਨੂੰ ਵੀ ਮਨਜ਼ੂਰੀ ਦੇ ਦਿੱਤੀ ਗਈ ਹੈ। ਇਸ ਦੇ ਮੁਤਾਬਕ ਅਸਾਮ ਦੇ ਮੂਲ ਵਾਸੀਆਂ, ਜੋ ਭੂਮੀਹੀਣ ਹਨ, ਨੂੰ 3 ਵਿਘੇ ਖੇਤੀ ਭੂਮੀ ਅਤੇ ਮਕਾਨ ਲਈ ਅੱਧਾ ਵਿਘੇ ਜ਼ਮੀਨ ਮਿਲੇਗੀ। ਇਸ ਸਕੀਮ ਹੇਠ ਮਿਲੀ ਜ਼ਮੀਨ ਨੂੰ ਲਾਭਾਰਥੀ 15 ਸਾਲ ਤਕ ਨਹੀਂ ਵੇਚ ਸਕੇਗਾ। ਬੈਠਕ ਵਿੱਚ ਬਸਾਂ ਦਾ ਕਿਰਾਇਆ ਵੀ 25 ਫ਼ੀਸਦੀ ਵਧਾਉਣ ਦਾ ਫ਼ੈਸਲਾ ਲਿਆ ਗਿਆ ਹੈ। ਵਰਨਣ ਯੋਗ ਹੈ ਕਿ ਕੁਝ ਸਮੇਂ ਤੋਂ ਆਬਾਦੀ ਉੱਤੇ ਕਾਬੂ ਪਾਉਣ ਦੇ ਲਈ ਕਈ ਤਰ੍ਹਾਂ ਦੀਆਂ ਪਾਬੰਦੀਆਂ ਦੀ ਮੰਗ ਭਾਰਤੀ ਜਨਤਾ ਪਾਰਟੀ ਦੇ ਆਗੂ ਕਰ ਚੁੱਕੇ ਹਨ ਤੇ ਇਸ ਸਾਲ ਲਾਲ ਕਿਲ੍ਹੇ ਤੋਂ ਆਪਣੇ ਭਾਸ਼ਣ ਵਿੱਚ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਵੀ ਆਬਾਦੀ ਉੱਤੇ ਕੰਟਰੋਲ ਦੀ ਗੱਲ ਕੀਤੀ ਸੀ।


## ਇਨਫੋਸਿਸ ਵਿੱਚ ਅਨੈਤਿਕ ਕੰਮਾਂ ਬਾਰੇ ਸ਼ਿਕਾਇਤਾਂ

ਨਵੀਂ ਦਿੱਲੀ, 22 ਅਕਤੂਬਰ (ਪੋਸਟ ਬਿਊਰੋ)- ਇਨਫੋਸਿਸ ਦੇ ਬੇਨਾਮ ਕਰਮਚਾਰੀਆਂ ਦੇ ਇੱਕ ਗਰੁੱਪ ਨੇ ਕੰਪਨੀ ਦੇ ਪ੍ਰਮੁੱਖ ਵਿੱਤ ਅਧਿਕਾਰੀ ਨਿਲਾਂਜਨ ਰਾਏ ਉਤੇ ਘੱਟ ਸਮੇਂ ਵਿੱਚ ਆਮਦਨ ਅਤੇ ਲਾਭ ਵਧਾਉਣ ਲਈ ਅਨੈਤਿਕ ਕੰਮਕਾਜ ਵਿੱਚ ਸ਼ਾਮਲ ਹੋਣ ਦੀ ਸ਼ਿਕਾਇਤ ਕੀਤੀ ਹੈ।

ਪਤਾ ਲੱਗਾ ਹੈ ਕਿ ਕੰਪਨੀ ਦੇ ਬੋਰਡ ਆਫ ਡਾਇਰੈਕਟਰਜ਼ ਨੂੰ 20 ਸਤੰਬਰ ਨੂੰ ਲਿਖੇ ਇਸ ਪੱਤਰ ਵਿੱਚ ਗਰੁੱਪ ਨੇ ਕਿਹਾ ਹੈ ਕਿ ਪਿਛਲੀ ਤਿਮਾਨੀ ਵਿੱਚ ਮੁੱਖ ਕਾਰਜਕਾਰੀ ਅਧਿਕਾਰੀ ਵੱਲੋਂ ਕੀਤੇ ਗਏ ਅਨੈਤਿਕ ਵਤੀਰੇ ਨੂੰ ਅਸੀਂ ਤੁਹਾਡੇ ਸਾਹਮਣੇ ਲਿਆਉਣਾ ਚਾਹੁੰਦੇ ਹਾਂ। ਘੱਟ ਸਮੇਂ ਵਿੱਚ ਇਨਕਮ ਅਤੇ ਲਾਭ ਨੂੰ ਵਧਾਉਣ ਲਈ ਇਸੇ ਤਰ੍ਹਾਂ ਦੇ ਕਦਮ ਚਾਲੂ ਤਿਮਾਹੀ ਵਿੱਚ ਵੀ ਚੁੱਕੇ ਗਏ ਹਨ। ਇਹ ਗਰੁੱਪ ਖੁਦ ਨੂੰ ਨੈਤਿਕ ਕਰਮੀ ਕਹਿੰਦਾ ਹੈ ਅਤੇ ਉਨ੍ਹਾਂ ਦਾ ਦਾਅਵਾ ਕੀਤਾ ਹੈ ਕਿ ਉਨ੍ਹਾਂ ਕੋਲ ਇਨ੍ਹਾਂ ਦੋਸ਼ਾਂ ਨੂੰ ਸਾਬਤ ਕਰਨ ਲਈ ਈ-ਮੇਲ ਅਤੇ ਆਵਾਜ਼ ਰੀਕਾਰਡਿੰਗ ਹੈ।

## ਮੋਦੀ ਸਰਕਾਰ ਪੈਨਸ਼ਨ ਕੱਢਣ ਦੇ ਨਿਯਮ ਬਦਲਣ ਲੱਗੀ

ਨਵੀਂ ਦਿੱਲੀ, 22 ਅਕਤੂਬਰ (ਪੋਸਟ ਬਿਊਰੋ)- ਇੰਪਲਾਈਮੈਂਟ ਪ੍ਰਾਵੀਡੈਂਟ ਫੰਡ ਆਰਗੇਨਾਈਜ਼ੇਸ਼ਨ (ਈ ਪੀ ਐੱਫ ਓ) ਨਾਲ ਜੁੜੇ ਨਿਯਮਾਂ ਵਿੱਚ ਭਾਰਤ ਦੀ ਨਰਿੰਦਰ ਮੋਦੀ ਸਰਕਾਰ ਬਦਲਾਓ ਕਰਨ ਲੱਗੀ ਹੈ। ਇਸ ਦੇ ਤਹਿਤ ਪੈਨਸ਼ਨ ਕੱਢਣ ਦੀ ਉਮਰ ਵਾਲੀ ਹੱਦ ਵਿੱਚ ਬਦਲੀ ਕੀਤੀ ਜਾਣੀ ਹੈ।



ਇਸ ਸਮੇਂ 10 ਸਾਲ ਨੌਕਰੀ ਪੂਰੀ ਹੋਣ ਪਿੱਛੋਂ ਕਰਮਚਾਰੀਆਂ ਨੂੰ ਪੈਨਸ਼ਨ ਪਾਉਣ ਦੇ ਹੱਕ ਮਿਲ ਜਾਂਦਾ ਹੈ। ਇਸ ਤੋਂ ਬਾਅਦ 58 ਸਾਲ ਦੀ ਉਮਰ ਹੋਣ ਉੱਤੇ ਪੈਨਸ਼ਨ ਮਿਲਣ ਲੱਗਦੀ ਹੈ। ਅੱਗੋਂ ਇਸ ਉਮਰ ਹੱਦ ਨੂੰ ਵਧਾ ਕੇ ਸੱਠ ਸਾਲ ਕੀਤਾ ਜਾ ਸਕਦਾ ਹੈ। ਈ ਪੀ ਐੱਫ ਓ ਦੇ ਸੈਂਟਰਲ ਬੋਰਡ ਟਰੱਸਟ ਦੀ ਨਵੰਬਰ ਵਿੱਚ ਹੋਣ ਵਾਲੀ ਦੂਸਰੀ ਬੈਠਕ ਵਿੱਚ ਇਸ ਬਾਰੇ ਵਿਚਾਰ ਹੋ ਸਕਦਾ ਹੈ। ਇਸ ਟਰੱਸਟ ਦੀ ਮਨਜ਼ੂਰੀ ਮਿਲਣ ਪਿੱਛੋਂ ਇਸ ਤਜਵੀਜ਼ ਨੂੰ ਕਿਰਤ ਮੰਤਰਾਲਾ ਦੇ ਰਾਹੀਂ ਕੈਬਨਿਟ ਮਨਜ਼ੂਰੀ ਲਈ ਭੇਜਿਆ ਜਾਵੇਗਾ। ਈ ਪੀ ਐੱਫ ਓ ਦੇ ਮੁਤਾਬਕ ਇਸ ਫੈਸਲੇ ਨਾਲ ਪੈਨਸ਼ਨ ਫੰਡ ਨੂੰ 30,000 ਕਰੋੜ ਰੁਪਏ ਦੀ ਰਾਹਤ ਮਿਲੇਗੀ ਅਤੇ ਨੌਕਰੀਪੇਸ਼ਾ ਲੋਕਾਂ ਦੀ ਰਿਟਾਇਰਮੈਂਟ ਉਮਰ ਦੋ ਫੀਸਦੀ ਵਧ ਸਕਦੀ ਹੈ। ਜਾਣਕਾਰ ਸੂਤਰਾਂ ਮੁਤਾਬਕ ਈ ਪੀ ਐੱਫ ਐਕਟ 1952 ਵਿੱਚ ਬਦਲਾਅ ਦਾ ਕਾਰਨ ਕੌਮਾਂਤਰੀ ਪੱਧਰ ਉਤੇ ਪੈਨਸ਼ਨ ਉਮਰ ਦਾ ਆਧਾਰ ਦੱਸਿਆ ਜਾ ਰਿਹਾ ਹੈ। ਦੁਨੀਆ ਦੇ ਬਹੁਤੇ ਪੈਨਸ਼ਨ ਫੰਡਾਂ ਵਿੱਚ ਪੈਨਸ਼ਨ ਦੀ ਉਮਰ 65 ਸਾਲ ਤੈਅ ਕਰ ਦਿੱਤੀ ਗਈ ਹੈ। ਇਸ ਲਈ ਭਾਰਤ ਸਰਕਾਰ ਵੀ ਬਦਲਣ ਲੱਗੀ ਹੈ। ਏਥੇ ਈ ਪੀ ਐੱਫ ਓ ਸਕੀਮ ਹੇਠ 60 ਲੱਖ ਲੋਕ ਆਉਂਦੇ ਹਨ। ਨੌਕਰੀ ਪੇਸ਼ਾ ਲੋਕਾਂ ਦੀ ਤਨਖਾਹ 'ਚੋਂ ਕੱਟੀ ਜਾਂਦੀ ਰਕਮ ਦੋ ਖਾਤਿਆਂ 'ਚ ਜਾਂਦੀ ਹੈ। ਪਹਿਲਾ ਪ੍ਰਾਵੀਡੈਂਟ ਫੰਡ ਯਾਨੀ ਈ ਪੀ ਐੱਫ ਅਤੇ ਦੂਜਾ ਪੈਨਸ਼ਨ ਫੰਡ ਯਾਨੀ ਈ ਪੀ ਐੱਫ ਹੁੰਦਾ ਹੈ। ਕਰਮਚਾਰੀ ਦੀ ਮੂਲ ਤਨਖਾਹ ਦਾ 12 ਫੀਸਦੀ ਹਿੱਸਾ ਈ ਪੀ ਐੱਫ ਵਿੱਚ ਜਮ੍ਹਾ ਹੋ ਜਾਂਦਾ ਹੈ। ਇਸ ਤੋਂ ਇਲਾਵਾ ਨੌਕਰੀ ਦਾਤਾ ਵੱਲੋਂ 3.67 ਫੀਸਦੀ ਈ ਪੀ ਐੱਫ ਵਿੱਚ ਅਤੇ ਬਾਕੀ 8.33 ਫੀਸਦੀ ਹਿੱਸਾ ਕਰਮਚਾਰੀ ਪੈਨਸ਼ਨ ਯੋਜਨਾ (ਈ ਪੀ ਐੱਸ) ਵਿੱਚ ਜਮ੍ਹਾ ਹੁੰਦਾ ਹੈ।

## ਮਰਦਾਂ ਨੂੰ ਨਪੁੰਸਕ ਬਣਾ ਸਕਦੀ ਹੈ ਸਿਗਰੇਟ ਦੀ ਲਤ

ਨਵੀਂ ਦਿੱਲੀ, 22 ਅਕਤੂਬਰ (ਪੋਸਟ ਬਿਊਰੋ)- ਸਮੋਕਿੰਗ ਮਨੁੱਖੀ ਸੇਹਤ ਦੇ ਲਈ ਨੁਕਸਾਨ ਦਾਇਕ ਹੋਣ ਬਾਰੇ ਸਭ ਨੂੰ ਪਤਾ ਹੈ, ਪਰ ਇੱਕ ਰਿਪੋਰਟ ਵਿੱਚ ਕਈ ਅਜਿਹੇ ਖੁਲਾਸੇ ਹੋਏ ਹਨ, ਜੋ ਸ਼ਾਇਦ ਹੀ ਕਿਸੇ ਨੂੰ ਪਤਾ ਹੋਣ।



ਇਸ ਰਿਪੋਰਟ ਮੁਤਾਬਕ ਸਿਗਰੇਟ ਪੀਣ ਦੀ ਆਦਤ ਨਾਲ ਨਾ ਮਨੁੱਖੀ ਸੇਹਤ ਖਰਾਬ ਹੋ ਸਕਦੀ ਅਤੇ ਜਾਨ ਵੀ ਜਾ ਸਕਦੀ ਹੈ। ਸਿਗਰੇਟ ਦੀ ਆਦਤ ਤੋਂ ਦਿਲ ਦੇ ਦੌਰੇ, ਲਕਵਾ, ਦਮਾ, ਕੈਂਸਰ ਅਤੇ ਖਾਸ ਕਰ ਫੇਫੜਿਆਂ ਦਾ ਕੈਂਸਰ ਹੋਣ ਦਾ ਖਤਰਾ ਕਈ ਗੁਣਾ ਵਧ ਜਾਂਦਾ ਹੈ। ਮਰਦਾਂ ਦੀ ਇਹ ਆਦਤ ਉਨ੍ਹਾਂ ਦੀ ਮਰਦਾਨਗੀ 'ਤੇ ਵੀ ਸਵਾਲ ਖੜ੍ਹੇ ਕਰ ਸਕਦੀ ਹੈ ਕਿਉਂਕਿ ਸਿਗਰੇਟ ਪੀਣ ਦੀ ਆਦਤ ਉਨ੍ਹਾਂ ਨੂੰ ਨਪੁੰਸਕ ਬਣਾ ਸਕਦੇ ਹਨ। ਇਸ ਕਾਰਨ ਉਨ੍ਹਾਂ ਦੇ ਸਰੀਰ ਵਿੱਚ ਖ਼ੂਨ ਦੇ ਪ੍ਰਭਾਵ ਵਿੱਚ ਰੁਕਾਵਟ ਆਉਣ ਲੱਗਦੀ ਹੈ, ਜਿਸ ਨਾਲ ਅੰਗਾਂ ਤੱਕ ਆਕਸੀਜਨ ਕਾਫੀ ਮੁਸ਼ਕਿਲ ਨਾਲ ਪਹੁੰਚਦੀ ਹੈ ਅਤੇ ਆਦਮੀ ਦੀ ਉਤੇਜਨ ਸ਼ਕਤੀ ਵਿੱਚ ਕਮੀ ਆ ਜਾਂਦੀ ਹੈ। ਬਹੁਤੀ ਸਿਗਰੇਟ ਪੀਣ ਦੀ ਆਦਤ ਨਪੁੰਸਕਤਾ ਦੇ ਖਤਰੇ ਨੂੰ ਵਧਾ ਦਿੰਦੀ ਹੈ ਅਤੇ ਗਰਭ ਧਾਰਨ ਦੌਰਾਨ ਜਾ ਉਸ ਦੇ ਪਹਿਲੇ ਜੋ ਮਾਤਾ-ਪਿਤਾ ਸਿਗਰੇਟ ਪੀਂਦੇ ਹਨ, ਉਨ੍ਹਾਂ ਨੂੰ ਲੜਕੀ ਪੈਦਾ ਹੋਣ ਦੀ ਸੰਭਾਵਨਾ ਵੱਧ ਹੁੰਦੀ ਹੈ। ਇੱਕ ਰਿਪੋਰਟ ਮੁਤਾਬਕ ਸਿਗਰੇਟ ਦੀ ਆਦਤ ਪੁਰਸ਼ਾਂ ਦੇ ਲਈ ਕਾਫੀ ਖਤਰਨਾਕ ਸਾਬਿਤ ਹੋ ਸਕਦੀ ਹੈ ਕਿਉਂਕਿ ਲਗਾਤਾਰ ਸਿਗਰੇਟ ਪੀਨ ਦੀ ਕਾਰਨ ਤੋਂ ਪੁਰਸ਼ਾਂ ਦੀ ਮਰਦਾਨਗੀ ਘੱਟ ਹੋਣ ਲੱਗਦੀ ਹੈ।

# ਵੀਰ ਸਾਵਰਕਰ ਵੀ ਦੇਸ਼ ਲਈ ਜੇਲ੍ਹ ਗਏ ਸਨ: ਸਿੰਘਵੀ

ਨਵੀਂ ਦਿੱਲੀ, 22 ਅਕਤੂਬਰ (ਪੋਸਟ ਬਿਊਰੋ)- ਮਹਾਰਾਸ਼ਟਰ ਵਿੱਚ ਭਾਜਪਾ ਦੇ ਮੈਨੀਫੈਸਟੋ ਵਿੱਚ ਵੀਰ ਸਾਵਰਕਰ ਨੂੰ ਭਾਰਤ ਰਤਨ ਦੇਣ ਦੀ ਮੰਗ ਬਾਰੇ ਉਠੀ ਸਿਆਸੀ ਬਹਿਸ ਦਰਮਿਆਨ ਕਾਂਗਰਸ ਦੇ ਇੱਕ ਸੀਨੀਅਰ ਨੇਤਾ ਅਭਿਸ਼ੇਕ ਮਨੂ ਸਿੰਘਵੀ ਨੇ ਕੱਲ੍ਹ ਸਾਵਰਕਰ ਦੀ ਸ਼ਲਾਘਾ ਕਰਦਿਆਂ ਕਿਹਾ ਕਿ ਉਨ੍ਹਾਂ ਆਜ਼ਾਦੀ ਦੀ ਲੜਾਈ ਵਿੱਚ ਪ੍ਰਮੁੱਖ ਭੂਮਿਕਾ ਨਿਭਾਈ ਸੀ ਅਤੇ ਜੇਲ੍ਹ ਵੀ ਗਏ ਸਨ। ਉਨ੍ਹਾਂ ਇਹ ਵੀ ਕਿਹਾ ਕਿ ਉਹ ਨਿੱਜੀ ਤੌਰ 'ਤੇ ਸਾਵਰਕਰ ਦੀ ਵਿਚਾਰਧਾਰਾ ਨਾਲ ਸਹਿਮਤ ਨਹੀਂ ਹਨ। ਇੱਕ ਟਵੀਟ ਰਾਹੀਂ ਸਿੰਘਵੀ ਨੇ ਕਿਹਾ ਕਿ ਇਸ ਤੱਥ ਨੂੰ ਰੱਦ ਨਹੀਂ ਕੀਤਾ ਜਾ ਸਕਦਾ ਕਿ ਉਹ ਇੱਕ ਨਿਪੁੰਨ ਕਿਸਮ ਦੇ ਵਿਅਕਤੀ ਸਨ, ਉਨ੍ਹਾਂ ਆਜ਼ਾਦੀ ਦੀ ਲੜਾਈ ਵਿੱਚ ਆਪਣੀ ਪ੍ਰਮੁੱਖ ਭੂਮਿਕਾ ਨਿਭਾਈ ਤੇ ਦਲਿਤਾਂ ਦੇ ਅਧਿਕਾਰਾਂ ਲਈ ਲੜੇ ਸਨ। ਦੇਸ਼ ਲਈ ਜੇਲ੍ਹ ਵੀ ਗਏ ਸਨ। ਅਜਿਹੇ ਵਿਅਕਤੀ ਨੂੰ ਭੁੱਲਣ ਨਹੀਂ ਚਾਹੀਦਾ।



ਕਾਂਗਰਸੀ ਨੇਤਾ ਅਭਿਸ਼ੇਕ ਮਨੂ ਸਿੰਘਵੀ ਨੇ ਕਿਹਾ ਕਿ ਭਾਰਤੀ ਸੋਚ ਦੀ ਤਾਕਤ ਉਸ ਦੇ ਮਿਲ ਕੇ ਚੱਲਣ ਵਿੱਚ ਹੈ। ਆਜ਼ਾਦੀ ਦੀ ਲੜਾਈ ਦੇ ਕਈ ਰੂਪ ਹਨ। ਕੋਈ ਸਾਵਰਕਰ ਦੀ ਕੱਟੜਤਾ ਤੇ ਉਨ੍ਹਾਂ ਦੇ ਰਾਸ਼ਟਰਵਾਦ ਦੇ ਹਿੰਸਕ ਤੱਤ ਅਤੇ ਮਹਾਤਮਾ ਗਾਂਧੀ ਵਿਰੁੱਧ ਉਨ੍ਹਾਂ ਦੇ ਹਮਲੇ ਨਾਲ ਸਹਿਮਤ ਨਹੀਂ ਹੋ ਸਕਦਾ, ਪਰ ਇਹ ਗੱਲ ਮੰਨਣੀ ਪਵੇਗੀ ਕਿ ਸਾਵਰਕਾਰ ਦੇ ਇਰਾਦੇ ਰਾਸ਼ਟਰਵਾਦੀ ਸਨ। ਜਿੱਥੇ ਕੋਈ ਸ਼ਲਾਘਾ ਦਾ ਪਾਤਰ ਹੈ, ਉਥੇ ਉਸ ਦੀ ਸ਼ਲਾਘਾ ਹੋਣੀ ਚਾਹੀਦੀ ਹੈ।

ਵਰਨਣ ਯੋਗ ਹੈ ਕਿ ਕੁਝ ਦਿਨ ਪਹਿਲਾਂ ਸਾਬਕਾ ਪ੍ਰਧਾਨ ਮੰਤਰੀ ਮਨਮੋਹਨ ਸਿੰਘ ਨੇ ਵੀ ਮੁੰਬਈ ਵਿੱਚ ਕਿਹਾ ਸੀ ਕਿ ਪ੍ਰਧਾਨ ਮੰਤਰੀ ਵਜੋਂ ਇੰਦਰਾ ਗਾਂਧੀ ਨੇ ਸਾਵਰਕਰ ਦੀ ਯਾਦ ਵਿੱਚ ਡਾਕ ਟਿਕਟ ਜਾਰੀ ਕੀਤੀ ਸੀ। ਉਦੋਂ ਇੰਦਰਾ ਗਾਂਧੀ ਨੇ ਇਹ ਵੀ ਕਿਹਾ ਸੀ ਕਿ ਅਸੀਂ ਸਾਵਰਕਰ ਦੇ ਵਿਰੁੱਧ ਨਹੀਂ, ਸਗੋਂ ਉਸ ਵਿਚਾਰਧਾਰਾ ਦੇ ਵਿਰੁੱਧ ਹਾਂ, ਜਿਸ ਦੇ ਹੱਕ ਵਿੱਚ ਸਾਵਰਕਰ ਖੜ੍ਹੇ ਸਨ।

## ਕੀ ਹਰਿਆਣਾ ਵਿੱਚ ਵੋਟਿੰਗ ਫੀਸਦੀ ਘਟਣਾ ਮੋਦੀ ਦਾ ਕ੍ਰੇਜ਼ ਘਟਣ ਦਾ ਸਿੱਟਾ ਹੈ



ਜਲੰਧਰ, 22 ਅਕਤੂਬਰ (ਪੋਸਟ ਬਿਊਰੋ)- ਲਗਭਗ ਹਰ ਚੋਣ ਦੌਰਾਨ ਹਰ ਮੰਚ ਉੱਤੋਂ ਵੱਧ ਤੋਂ ਵੱਧ ਵੋਟਾਂ ਪਾਉਣ ਦੀ ਅਪੀਲ ਕਰਨ ਵਾਲੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਅਪੀਲ ਦਾ ਲੋਕਾਂ ਉੱਤੇ ਅਸਰ ਦਿਖਾਈ ਨਹੀਂ ਦੇ ਰਿਹਾ। ਸਾਲ 2014 ਦੀਆਂ ਵਿਧਾਨ ਸਭਾ ਚੋਣਾਂ ਵਿੱਚ ਪ੍ਰਧਾਨ ਮੰਤਰੀ ਮੋਦੀ ਦਾ ਕ੍ਰੇਜ਼ ਇਸ ਸਾਲ ਹੋਈਆਂ ਲੋਕ ਸਭਾ ਚੋਣਾਂ ਅਤੇ ਇਸ ਹਫਤੇ ਹੋਈਆਂ ਵਿਧਾਨ ਸਭਾ ਚੋਣਾਂ 2019 ਵਿੱਚ ਘੱਟ ਹੁੰਦਾ ਦਿਖਾਈ ਦੇ ਰਿਹਾ ਹੈ।

ਵਰਨਣ ਯੋਗ ਹੈ ਕਿ 2014 ਵਿੱਚ ਵਿਧਾਨ ਸਭਾ ਚੋਣਾਂ ਵਿੱਚ ਹਰਿਆਣਾ ਦੇ ਲੋਕਾਂ ਨੇ 76 ਫੀਸਦੀ ਵੋਟਾਂ ਪਾਈਆਂ ਸਨ, ਪਰ ਇਸ ਸਾਲ ਮਈ ਵਿੱਚ ਲੋਕ ਸਭਾ ਚੋਣਾਂ ਵਿੱਚ ਵੋਟਾਂ ਦਾ ਅੰਕੜਾ ਡਿੱਗ ਕੇ ਲਗਭਗ ਸੱਤਰ ਫੀਸਦੀ ਉੱਤੇ ਪਹੁੰਚ ਗਿਆ। ਫਿਰ 14ਵੀਂ ਵਿਧਾਨ ਸਭਾ ਲਈ ਕੱਲ੍ਹ ਪਈਆਂ ਵੋਟਾਂ ਦੀ ਫੀਸਦੀ ਨੇ ਹਰਿਆਣਾ ਹੀ ਨਹੀਂ, ਦੇਸ਼ ਨੂੰ ਵੀ ਹੈਰਾਨ ਕੀਤਾ ਹੈ। ਜਿਸ ਹਰਿਆਣਾ ਦੀ ਜਨਤਾ ਨੇ 2014 ਵਿੱਚ 74 ਫੀਸਦੀ ਵੋਟਾਂ ਪਾਈਆਂ, ਉਥੇ ਪੰਜ ਸਾਲ ਬਾਅਦ ਦੀਆਂ ਤਾਜ਼ਾ ਵਿਧਾਨ ਸਭਾ ਚੋਣਾਂ ਵਿੱਚ ਇਸੇ ਰਾਜ ਦੀ 12 ਫੀਸਦੀ ਜਨਤਾ ਨੇ ਵੋਟਾਂ ਪਾਉਣ ਤੋਂ ਦੂਰੀ ਬਣਾ ਲਈ ਅਤੇ ਅੰਕੜਾ ਡਿੱਗ ਕੇ ਸਿਰਫ 65 ਫੀਸਦੀ ਨੇੜੇ-ਤੇੜੇ ਰਹਿ ਗਿਆ ਹੈ। ਇੱਕ ਕਰੋੜ 83 ਲੱਖ ਵੋਟਰ ਹੋਣ ਦੇ ਨਾਲ ਅੰਦਾਜ਼ਾ ਸੀ ਕਿ ਹਰਿਆਣਾ ਵਿੱਚ ਇਸ ਵਾਰ ਬੰਪਰ ਵੋਟਾਂ ਪੈਣਗੀਆਂ ਅਤੇ ਸੂਬੇ ਦੀ ਜਨਤਾ ਆਪਣੇ ਪਿਛਲੇ ਰਿਕ-ਾਰਡ ਤੋੜੇਗੀ, ਪਰ ਏਦਾਂ ਨਹੀਂ ਹੋਇਆ। ਚੋਣ ਕਮਿਸ਼ਨ ਨੂੰ ਵੀ ਵੱਡੀਆਂ ਤਿਆਰੀਆਂ ਦੇ ਬਾਵਜੂਦ ਨਿਰਾਸ਼ਾ ਹੱਥ ਲੱਗੀ। 12 ਫੀਸਦੀ ਘੱਟ ਪੋਲਿੰਗ ਦੱਸਦੀ ਹੈ ਕਿ ਹਰਿਆਣਾ ਦੀ ਜਨਤਾ ਨੇ ਪੋਲਿੰਗ ਵਿੱਚ ਰੁਚੀ ਨਹੀਂ ਦਿਖਾਈ। ਇਹ ਲੋਕਤੰਤਰ ਲਈ ਚੰਗੇ ਸੰਕੇਤ ਨਹੀਂ ਅਤੇ ਮੰਨਿਆ ਜਾ ਰਿਹਾ ਹੈ ਕਿ ਹਰਿਆਣੇ ਵਿੱਚ ਪ੍ਰਧਾਨ ਮੰਤਰੀ ਮੋਦੀ ਦਾ ਕ੍ਰੇਜ਼ ਵੀ ਘੱਟ ਹੁੰਦਾ ਜਾ ਰਿਹਾ ਹੈ।

# ਖਾਲਿਸਤਾਨ ਸਮਰਥਕ ਅਮਰੀਕਾ ਵਿੱਚ ਨੌਂ ਨਵੰਬਰ ਨੂੰ ਰੋਸ ਪ੍ਰਦਰਸ਼ਨ ਕਰਨਗੇ

ਨਵੀਂ ਦਿੱਲੀ, 22 ਅਕਤੂਬਰ (ਪੋਸਟ ਬਿਊਰੋ)- ਭਾਰਤ ਵੱਲੋਂ ਸਖਤ ਇਤਰਾਜ਼ ਤੋਂ ਬਾਅਦ ਅਮਰੀਕਾ ਵਿਚਲੀ ਓਟਿਸ ਲਾਇਬਰੇਰੀ ਵਿੱਚ ਲਗਭਗ ਤਿੰਨ ਮਹੀਨੇ ਪਹਿਲਾਂ ਲਾਈ 1984 ਸਿੱਖ ਕਤਲੇਆਮ ਯਾਦਗਾਰ ਨੂੰ ਹਟਾ ਦਿੱਤਾ ਗਿਆ ਹੈ। ਇਹ ਯਾਦਗਾਰ 1984 ਵਿੱਚ ਭਾਰਤ ਵਿੱਚ ਸਿੱਖ ਵਿਰੋਧੀ ਦੰਗਿਆਂ ਦੌਰਾਨ ਮਾਰੇ ਗਏ ਸਿੱਖ ਪੀੜਤਾਂ ਨਾਲ ਸੰਬੰਧਤ ਸੀ ਤੇ ਇਸ ਵਿੱਚ ਸੰਤ ਜਰਨੈਲ ਸਿੰਘ ਭਿੰਡਰਾਂਵਾਲਾ ਦੀ ਤਸਵੀਰ ਵੀ ਲੱਗੀ ਹੋਈ ਸੀ।

ਖਾਲਿਸਤਾਨ ਸਮਰਥਕ ਸੰਗਠਨਾਂ ਨੇ ਯਾਦਗਾਰ ਨੂੰ ਹਟਾਏ ਜਾਣ ਦੀ ਨਿੰਦਾ ਕੀਤੀ ਅਤੇ ਇਸ ਦੇ ਵਿਰੋਧ ਵਿੱਚ ਨੌਂ ਨਵੰਬਰ ਨੂੰ ਅਮਰੀਕਾ ਦੇ ਸਿਟੀ ਹਾਲ ਵਿਖੇ ਰੋਸ ਪ੍ਰਦਰਸ਼ਨ ਕਰਨ ਦਾ ਫੈਸਲਾ ਕੀਤਾ ਹੈ। ਓਟਿਸ ਲਾਇਬਰੇਰੀ ਬੋਰਡ ਦੇ ਮੁੱਖ ਟਰੱਸਟੀ ਨਿਕਲਸ ਫੋਰਟਸਨ ਨੇ ਇਸ ਬਾਰੇ ਦੱਸਿਆ ਕਿ 'ਓਟਿਸ ਲਾਇਬਰੇਰੀ ਵਿੱਚ ਦਿ ਨਾਰਵਿੱਚ ਮਾਨੂਮੈਂਟਰਸ ਕਮੇਟੀ ਯਾਦਗਾਰੀ 'ਤੇ ਲੱਗੀ ਪਲੇਟ, ਝੰਡੀਆਂ ਅਤੇ ਤਸਵੀਰ ਨੂੰ ਉਥੋਂ ਹਟਾਉਣ ਲਈ ਸਹਿਮਤ ਹੈ।" ਉਨ੍ਹਾਂ ਦੱਸਿਆ ਕਿ ਯਾਦਗਾਰ ਨੂੰ ਦੋ ਹਫਤੇ ਪਹਿਲਾਂ ਉਥੋਂ ਹਟਾ ਦਿੱਤਾ ਗਿਆ ਸੀ। ਸ਼ਹਿਰ ਵਿੱਚ ਸਿੱਖ ਭਾਈਚਾਰੇ ਦੇ ਇੱਕ ਨੇਤਾ ਤੇ ਕਾਰੋਬਾਰੀ ਸਵਰਨਜੀਤ ਸਿੰਘ ਖਾਲਸਾ ਨੇ ਯਾਦਗਾਰ ਲਈ ਫੰਡ ਦਿੱਤਾ ਸੀ। ਖਾਲਸਾ ਨੇ ਲਾਇਬਰੇਰੀ ਦੇ ਟਰੱਸਟੀਆਂ ਵੱਲੋਂ ਯਾਦਗਾਰ ਨੂੰ ਹਟਾਉਣ ਦੇ ਫੈਸਲੇ ਦਾ ਵਿਰੋਧ ਕਰਦਿਆਂ ਕਿਹਾ ਕਿ ਇਹ ਖੇਤਰ ਭਾਰਤ ਦੀ ਮਾਲਕੀ ਵਾਲਾ ਨਹੀਂ। ਇਸ ਫੈਸਲੇ ਨਾਲ ਸਿੱਖ ਭਾਈਚਾਰੇ ਵਿੱਚ ਰੋਸ ਹੈ। ਖਾਲਸਾ ਨੇ ਕਿਹਾ ਕਿ ਯਾਦਗਾਰ 1984 ਵਿੱਚ ਸਿੱਖ ਭਾਈਚਾਰੇ ਨਾਲ ਵਾਪਰੇ ਦੁਖਾਂਤ ਨੂੰ ਦਰਸਾਉਂਦੀ ਸੀ। ਯਾਦਗਾਰ 'ਤੇ ਲੱਗੀ ਪਲੇਟ, ਝੰਡੇ ਅਤੇ ਭਿੰਡਰਾਂਵਾਲਾ ਦੀ ਤਸਵੀਰ ਖਾਲਸਾ ਨੂੰ ਵਾਪਸ ਦੇ ਦਿੱਤੀ ਗਈ ਹੈ। ਖਾਲਸਾ ਨੇ ਕਿਹਾ ਕਿ ਯਾਦਗਾਰ ਨੂੰ ਸਿਟੀ ਹਾਲ 'ਚ ਬਦਲਿਆ ਜਾ ਸਕਦਾ ਹੈ। ਉਨ੍ਹਾਂ ਕਿਹਾ, ਮੈਨੂੰ ਹਾਲੇ ਵੀ ਉਮੀਦ ਹੈ ਕਿ ਅਸੀਂ ਇਸ ਮੁੱਦੇ ਨੂੰ ਸੁਲਝਾ ਲਵਾਂਗੇ ਅਤੇ ਅਸੀਂ ਇਸ ਦੇ ਲਈ ਆਵਾਜ਼ ਉਠਾਉਂਦੇ ਰਹਾਂਗੇ। ਖਾਲਸਾ ਨੇ ਕਿਹਾ ਕਿ ਇਸ ਮਾਮਲੇ ਨੂੰ ਲੈ ਕੇ ਸਿਟੀ ਹਾਲ ਦੇ ਬਾਹਰ ਨੌਂ ਨਵੰਬਰ ਨੂੰ ਰੋਸ ਪ੍ਰਦਰਸ਼ਨ ਕੀਤਾ ਜਾਵੇਗਾ।

ਓਧਰ ਸ਼ਹਿਰ ਦੀ ਪਲੇਟਰਸ ਅਤੇ ਮਾਨੂਮੈਂਟਸ ਕਮੇਟੀ ਦੇ ਮੈਂਬਰਾਂ 'ਚ ਸ਼ਾਮਲ ਸਟੇਸੀ ਗੋਲਡ ਨੇ ਕਿਹਾ ਕਿ ਕਮੇਟੀ ਯਾਦਗਾਰ ਨੂੰ ਹਟਾਉਣ ਸੰਬੰਧੀ ਲਾਇਬਰੇਰੀ ਦੀ ਅਪੀਲ ਨਾਲ ਸਹਿਮਤ ਸੀ। ਕਮੇਟੀ ਦੇ ਹੋਰ ਮੈਂਬਰਾਂ 'ਚ ਜੋਅ ਡੀਲੂਸਿਆ ਤੇ ਕੌਂਸਲ ਪ੍ਰਧਾਨ ਪ੍ਰੋਫੈਸਰ ਟੈਮ ਬਿਲ ਨੈਕ ਸ਼ਾਮਲ ਸਨ। ਗੋਲਡ ਨੇ ਕਿਹਾ, ਉਨ੍ਹਾਂ ਨੇ ਫੈਸਲਾ ਕੀਤਾ ਸੀ ਕਿ ਇਹ ਯਾਦਗਾਰ ਲਾਇਬਰੇਰੀ ਦੇ ਮਿਸ਼ਨ ਲਈ ਸਹੀ ਨਹੀਂ ਸੀ। ਫੋਰਟਸਨ ਨੇ ਕਿਹਾ ਕਿ ਜੂਨ ਵਿੱਚ ਯਾਦਗਾਰ ਦੇ ਉਦਘਾਟਨ ਤੋਂ ਬਾਅਦ ਲਾਇਬਰੇਰੀ ਨੂੰ ਇਸ ਦੇ ਸਮਰਥਨ ਅਤੇ ਵਿਰੋਧ ਦੋਵਾਂ ਤਰ੍ਹਾਂ ਦੀਆਂ ਪ੍ਰਤੀਕਿਰਿਆਵਾਂ ਮਿਲੀਆਂ। ਵਿਰੋਧ ਕਰਨ ਵਾਲਿਆਂ ਵਿੱਚ ਭਾਰਤ ਸਰਕਾਰ ਵੀ ਸ਼ਾਮਲ ਸੀ। ਫੋਰਟਸਨ ਨੇ ਕਿਹਾ ਕਿ ਓਟਿਸ ਲਾਇਬਰੇਰੀ ਦੇ ਕਾਰਜਕਾਰੀ ਡਾਇਰੈਕਟਰ ਬੌਬ ਫੇਅਰਵੈਲ ਨੂੰ ਨਿਊ ਯਾਰਕ ਦੇ ਭਾਰਤੀ ਕਾਂਸੁਲੇਟ ਤੋਂ ਯਾਦਗਾਰ ਬਾਰੇ ਫੋਨ ਵੀ ਆਇਆ ਸੀ। ਇਸ ਯਾਦਗਾਰ ਨਾਲ ਕੁਝ ਹਿੰਦੂ ਨੇਤਾ ਪ੍ਰੇਸ਼ਾਨ ਸਨ। ਗੋਲਡ ਨੇ ਕਿਹਾ, ਲਾਇਬਰੇਰੀ ਕਿਸੇ ਤਰ੍ਹਾਂ ਦੇ ਵਿਵਾਦ ਵਿੱਚ ਨਹੀਂ ਪੈਣਾ ਚਾਹੁੰਦੀ ਕਿਉਂਕਿ ਇਹ ਇੱਕ ਗੈਰ ਰਾਜਨੀਤਕ ਸੰਗਠਨ ਹੈ। ਅਸੀਂ ਲਾਇਬਰੇਰੀ ਵਿੱਚ ਆਉਣ ਵਾਲਿਆਂ ਨੂੰ ਸੁਰੱਖਿਅਤ ਮਾਹੌਲ ਦੇਣਾ ਚਾਹੁੰਦੇ ਹਾਂ। 1984 ਦੇ ਸਿੱਖ ਕਤੇਲਆਮ ਨਾਲ ਸੰਬੰਧਤ ਯਾਦਗਾਰ ਲਾਇਬਰੇਰੀ ਦੀ ਮੁੱਖ ਲਾਬੀ ਵਿੱਚ ਸਥਾਪਤ ਕੀਤੀ ਗਈ ਸੀ। ਕੰਧ 'ਤੇ ਸੰਤ ਜਰਨੈਲ ਸਿੰਘ ਭਿੰਡਰਾਂਵਾਲਾ ਦੀ ਤਸਵੀਰ ਦੇ ਹੇਠਾਂ ਗੁਰਦੁਆਰਿਆਂ ਦੀ ਰੱਖਿਆ ਲਈ ਮਾਰੇ ਗਏ ਸਿੱਖਾਂ ਦੇ ਸਨਮਾਨ 'ਚ ਪਲੇਟ ਲੱਗੀ ਸੀ। ਇਸ ਪਲੇਟ 'ਚ ਨਵੰਬਰ 1984 ਦੌਰਾਨ ਦੇਸ਼ ਵਿੱਚ ਸਿੱਖ ਕਤੇਲਆਮ ਲਈ ਚਲਾਈ ਗਈ ਮੁਹਿੰਮ ਨੂੰ ਸਰਕਾਰੀ ਸ਼ਹਿ ਦੇਣ ਦਾ ਦਾਅਵਾ ਕੀਤਾ ਗਿਆ ਸੀ। ਜੂਨ ਵਿੱਚ ਯਾਦਗਾਰ ਦੇ ਉਦਘਾਟਨ ਸਮੇਂ ਸ਼ਹਿਰ ਨਾਲ ਸੰਬੰਧਤ ਕਈ ਅਧਿਕਾਰੀ ਤੇ ਸਿੱਖ ਭਾਈਚਾਰੇ ਨਾਲ ਸੰਬੰਧਤ ਨੇਤਾ ਅਤੇ ਵੱਡੀ ਗਿਣਤੀ ਵਿੱਚ ਭਾਈਚਾਰੇ ਦੇ ਲੋਕ ਸ਼ਾਮਲ ਸਨ। ਇਹ ਅਮਰੀਕਾ ਵਿੱਚ ਆਪਣੀ ਤਰ੍ਹਾਂ ਦੀ ਪਹਿਲੀ ਯਾਦਗਾਰ ਸੀ।

# ਮੈਟਰੋ ਕਿਰਾਏ ਕਾਰਨ ਚਿੱਲੀ ਵਿੱਚ ਹਿੰਸਾ, ਅੱਠ ਮਰੇ

ਸੈਂਟੀਆਗੋ, 22 ਅਕਤੂਬਰ (ਪੋਸਟ ਬਿਊਰੋ)- ਲੈਟਿਨ ਅਮਰੀਕੀ ਦੇਸ਼ ਚਿਲੀ ਵਿੱਚ ਮੈਟਰੋ ਕਿਰਾਏ ਦੇ ਵਾਧੇ ਦੇ ਵਿਰੋਧ ਵਿੱਚ ਭੜਕੀ ਹਿੰਸਾ ਵਿੱਚ ਅੱਠ ਲੋਕਾਂ ਦੀ ਮੌਤ ਹੋ ਚੁੱਕੀ ਹੈ।



ਕੱਲ੍ਹ ਰਾਜਧਾਨੀ ਸੈਂਟਿਆਗੋ ਦੇ ਰੇਂਕਾ ਇਲਾਕੇ ਵਿੱਚ ਫਾਇਰ ਬ੍ਰਿਗੇਡ ਨੇ ਰਾਖ ਵਿੱਚ ਬਦਲ ਚੁੱਕੇ ਕੱਪੜੇ ਦੀ ਇੱਕ ਦੁਕਾਨ 'ਚੋਂ ਪੰਜ ਲਾਸ਼ਾਂ ਕੱਢੀਆਂ। ਇਸ ਤੋਂ ਪਹਿਲਾਂ ਤਿੰਨ ਨਾਗਰਿਕਾਂ ਦੀ ਮੌਤ ਹੋ ਚੁੱਕੀ ਸੀ। ਚਾਰੇ ਪਾਸੇ ਭੜਕੀ ਹਿੰਸਾ ਨੂੰ ਦੇਖਦੇ ਹੋਏ ਦੇਸ਼ ਵਿੱਚ ਐਮਰਜੈਂਸੀ ਨੂੰ ਵਧਾ ਦਿੱਤਾ ਗਿਆ ਹੈ। ਰਾਜਧਾਨੀ ਸਮੇਤ ਪੰਜ ਸ਼ਹਿਰਾਂ ਵਿੱਚ ਸ਼ਨੀਵਾਰ ਸਵੇਰ ਤੋਂ ਐਮਰਜੈਂਸੀ ਲਾਗੂ ਹੈ। ਚਿਲੀ ਵਿੱਚ ਪਿਛਲੇ ਕੁਝ ਦਿਨਾਂ ਤੋਂ ਹਿੰਸਾ, ਲੁੱਟ ਅਤੇ ਅੱਗ ਲਗਾਉਣ ਦੀਆਂ ਘਟਨਾਵਾਂ ਲਗਾਤਾਰ ਜਾਰੀ ਹਨ। ਐਤਵਾਰ ਨੂੰ ਵੀ ਪ੍ਰਦਰਸ਼ਨਕਾਰੀਆਂ ਤੇ ਸੁਰੱਖਿਆ ਬਲਾਂ ਦੇ ਵਿੱਚ ਖ਼ੂਨੀ ਝੜਪਾਂ ਦੇਖਣ ਨੂੰ ਮਿਲੀਆਂ। ਚਿੱਲੀ ਦੇ ਰਾਸ਼ਟਰਪਤੀ ਸੈਬੇਸਟੀਅਨ ਪੀਨੇਰਾ ਨੇ ਕਿਹਾ, ਸਾਡੀ ਜੰਗ ਇੱਕ ਸਕਤੀਸ਼ਾਲੀ ਅਤੇ ਬੇਰਹਿਮ ਦੁਸ਼ਮਣ ਨਾਲ ਹੈ, ਜੋ ਹਿੰਸਾ ਦੇ ਰਾਹੀਂ ਤਬਾਹੀ ਮਚਾਉਣ 'ਤੇ ਉਤਾਰੂ ਹੈ। ਇਨ੍ਹਾਂ ਲੋਕਾਂ (ਦੁਸ਼ਮਣ) ਨੇ ਲੋਕਤੰਤਰੀ ਦੇਸ਼ ਚਿਲੀ ਦੇ ਨਾਗਰਿਕਾਂ ਦੇ ਵਿਰੁੱਧ ਜੰਗ ਛੇੜ ਰੱਖੀ ਹੈ। ਦੇਸ਼ ਵਿੱਚ ਭੜਕੀ ਹਿੰਸਾ ਦੇ ਮੱਦੇਨਜ਼ਰ ਐਵਤਾਰ ਸ਼ਾਮ ਨੂੰ ਚਿਲੀ ਦੀ ਪਾਰਲੀਮੈਂਟ ਦੇ ਹੇਠਲੇ ਸਦਨ ਨੇ ਵਧੇ ਮੈਟਰੋ ਕਿਰਾਏ ਨੂੰ ਵਾਪਸ ਲਏ ਜਾਣ ਦਾ ਬਿਲ ਪਾਸ ਕਰ ਦਿੱਤਾ ਹੈ। ਵਰਨਣ ਯੋਗ ਹੈ ਕਿ ਮੈਟਰੋ ਪ੍ਰਸ਼ਾਸਨ ਨੇ ਕਿਰਾਇਆ 1.13 ਡਾਲਰ ਤੋਂ ਵਧਾ ਕੇ 1.17 ਡਾਲਰ ਕਰ ਦਿੱਤਾ ਸੀ, ਜਿਸ ਪਿੱਛੋਂ ਹਿੰਸਾ ਦਾ ਦੌਰ ਸ਼ੁਰੂ ਹੋ ਗਿਆ।

## ਹਾਫਿਜ਼ ਸਈਦ ਜੇਲ੍ਹ ਤੋਂ ਹੀ ਅੱਤਵਾਦੀ ਸੰਗਠਨ ਚਲਾਈ ਜਾ ਰਿਹੈ



ਲਾਹੌਰ, 22 ਅਕਤੂਬਰ (ਪੋਸਟ ਬਿਊਰੋ)- ਯੂ ਐੱਨ ਵੱਲੋਂ ਅੱਤਵਾਦੀ ਐਲਾਨਿਆ ਅਤੇ ਮੁੰਬਈ ਹਮਲੇ ਦਾ ਮੁੱਖ ਸਾਜ਼ਿਸ਼ ਕਰਤਾ ਹਾਫਿਜ਼ ਸਈਦ ਲਾਹੌਰ ਦੀ ਕੋਟ ਲਖਪਤ ਜੇਲ੍ਹ ਤੋਂ ਆਪਣੇ ਪਾਬੰਦੀਸ਼ੁਦਾ ਸੰਗਠਨ ਜਮਾਤ-ਉਦ-ਦਾਵਾ ਨੂੰ ਚਲਾਈ ਜਾ ਰਿਹਾ ਹੈ। ਪਿੱਛੇ ਜਿਹੇ ਇਸ ਪਾਬੰਦ ਸ਼ੁਦਾ ਅੱਤਵਾਦੀ ਨੇ ਪੁਲਿਸ ਅਤੇ ਇੱਕ ਸ਼ੱਕੀ ਏ ਟੀ ਐੱਮ ਚੋਰ ਦੇ ਪਰਿਵਾਰ ਦੀ ਵਿਚੋਲਗੀ ਦੀ ਭੂਮਿਕਾ ਨਿਭਾਈ। ਇਸ ਚੋਰ ਦੀ ਪੁਲਿਸ ਹਿਰਾਸਤ ਵਿੱਚ ਮੌਤ ਹੋ ਗਈ ਸੀ।

ਪਤਾ ਲੱਗਾ ਹੈ ਕਿ ਮਾਨਸਿਕ ਰੂਪ ਨਾਲ ਬਿਮਾਰ ਏ ਟੀ ਐੱਮ ਚੋਰ ਸਲਾਹੁਦੀਨ ਅਯੂਬੀ ਦੀ ਪਿਛਲੇ ਮਹੀਨੇ ਪੁਲਿਸ ਹਿਰਾਸਤ ਵਿੱਚ ਪੁਲਿਸ ਤਸੀਹੇ ਨਾਲ ਉਸ ਦੀ ਮੌਤ ਮਗਰੋਂ ਪੂਰੇ ਪਾਕਿਸਤਾਨ ਵਿੱਚ ਹੰਗਾਮਾ ਹੋ ਗਿਆ ਸੀ। ਅੱਤਵਾਦੀਆਂ ਦੀ ਫੰਡਿੰਗ ਦੇ ਦੋਸ਼ ਵਿੱਚ 17 ਜੁਲਾਈ ਨੂੰ ਗ੍ਰਿਫ਼ਤਾਰ ਸਈਦ ਅਤਿਅੰਤ ਸੁਰੱਖਿਅਤ ਸਮਝੀ ਜਾ ਰਹੀ ਜੇਲ੍ਹ ਵਿੱਚ ਬੰਦ ਹੈ। ਪਿਛਲੇ ਹਫਤੇ ਉਸ ਨੇ ਸਲਾਹੁਦੀਨ ਦੇ ਪਰਿਵਾਰ ਵਾਲਿਆਂ ਨਾਲ ਮੁਲਾਕਾਤ ਕੀਤੀ ਅਤੇ ਅੱਲ੍ਹਾ ਦੇ ਨਾਂ ਉੱਤੇ ਹੱਤਿਆ ਵਿੱਚ ਸ਼ਾਮਲ ਪੁਲਿਸ ਮੁਲਾਜ਼ਮਾਂ ਨੂੰ ਮਾਫ਼ ਕਰਨ ਨੂੰ ਕਿਹਾ। ਲਸ਼ਕਰ-ਏ-ਤਇਬਾ ਦੇ ਮੋਢੀ ਹਾਫਿਜ਼ ਸਈਦ ਨਾਲ ਅਧਿਕਾਰੀਆਂ ਨੇ ਗੁਜਰਾਂਵਾਲਾ ਵਿੱਚ ਪੀੜਤ ਪਰਿਵਾਰ ਦੇ ਪਿੰਡ ਦੀ ਟੁੱਟੀ ਸੜਕ ਦੀ ਮੁਰੰਮਤ ਕਰਾਉਣ ਅਤੇ ਗੈਸ ਸਪਲਾਈ ਯਕੀਨੀ ਕਰਨ ਦਾ ਵਾਅਦਾ ਕੀਤਾ ਹੈ। ਵਿਵਾਦ ਖ਼ਤਮ ਕਰਨ ਲਈ ਇਸ ਕੰਮ ਉੱਤੇ 80 ਕਰੋੜ ਰੁਪਏ ਖਰਚ ਆਏਗਾ। ਪਰਵਾਰ ਦੇ ਕੁਝ ਲੋਕ ਸਈਦ ਦੇ ਹਮਾਇਤੀ ਹਨ, ਇਸ ਲਈ ਪੁਲਿਸ ਨੇ ਜੇਲ੍ਹ ਵਿੱਚ ਉਨ੍ਹਾਂ ਦੀ ਮੁਲਾਕਾਤ ਦਾ ਪ੍ਰਬੰਧ ਕੀਤਾ ਅਤੇ ਸਈਦ ਨੇ ਪਰਿਵਾਰ ਦੇ ਸਾਹਮਣੇ ਤਿੰਨ ਬਦਲ ਰੱਖੇ। ਦੋਸ਼ੀ ਪੁਲਿਸ ਮੁਲਾਜ਼ਮਾਂ ਤੋਂ ਖ਼ੂਨ ਦੀ ਕੀਮਤ ਲੈਣ ਜਾਂ ਅੱਲ੍ਹਾ ਦੇ ਨਾਂ ਉੱਤੇ ਉਨ੍ਹਾਂ ਨੂੰ ਮਾਫ਼ੀ ਦਾ ਰਸਤਾ ਚੁਣਨ। ਸਲਾਹੁਦੀਨ ਦੇ ਪਿਤਾ ਨੇ ਇਸ ਦੀ ਪੁਸ਼ਟੀ ਕੀਤੀ ਹੈ।

## ਜੂਲੀਅਨ ਅਸਾਂਜ ਬ੍ਰਿਟੇਨ ਦੀ ਅਦਾਲਤ ਵਿੱਚ ਪੇਸ਼

ਲੰਡਨ, 22 ਅਕਤੂਬਰ (ਪੋਸਟ ਬਿਊਰੋ)- ਵਿਕੀਲੀਕਸ ਦੇ ਮੋਢੀ ਜੂਲੀਅਨ ਅਸਾਂਜ ਕੱਲ੍ਹ ਅਮਰੀਕਾ ਨੂੰ ਹਵਾਲਗੀ ਸਬੰਧੀ ਕੇਸ 'ਚ ਅਦਾਲਤ 'ਚ ਪੇਸ਼ ਹੋਏ। ਉਨ੍ਹਾਂ ਨਾਲ ਆਈ ਕਾਨੂੰਨੀ ਟੀਮ ਨੇ ਕਿਹਾ ਕਿ ਉਨ੍ਹਾਂ ਨੂੰ ਕੇਸ ਤਿਆਰ ਕਰਨ ਲਈ ਅਜੇ ਕੁਝ ਸਮਾਂ ਹੋਰ ਚਾਹੀਦਾ ਹੈ। ਜੂਲੀਅਨ ਅਸਾਂਜ ਅਸਲ ਵਿੱਚ ਪੈਂਟਾਗਨ ਕੰਪਿਊਟਰ ਵਿੱਚ ਸੰਨ੍ਹ ਲਾਉਣ ਦੇ ਦੋਸ਼ਾਂ ਹੇਠ ਅਮਰੀਕਾ ਨੂੰ ਲੋੜੀਂਦਾ ਹੈ। ਉਹ ਕੱਲ੍ਹ ਵੈਸਟਮਿੰਸਟਰ ਮੈਜਿਟਰੇਟ ਅਦਾਲਤ ਵਿੱਚ ਪੇਸ਼ ਹੋਣ ਲਈ ਆਏ ਹੋਏ ਸਨ। ਉਨ੍ਹਾਂ ਨੀਲੇ ਰੰਗ ਦਾ ਸਵੈਟਰ ਅਤੇ ਸਪੋਟਰਸ ਜੈਕੇਟ ਪਹਿਨੀ ਹੋਈ ਸੀ। ਅਦਾਲਤ ਵੱਲੋਂ ਪੁੱਛੇ ਜਾਣ ਉਤੇ ਉਨ੍ਹਾਂ ਆਪਣਾ ਨਾਂ ਤੇ ਜਨਮ ਮਿਤੀ ਦੱਸੀ। ਸਾਬਕਾ ਹੋਮ ਸੈਕਟਰੀ ਸਾਜਿਦ ਜਾਵੇਦ ਨੇ ਜੂਨ ਵਿੱਚ ਜੂਲੀਅਨ ਅਸਾਂਜ ਨੂੰ ਅਮਰੀਕਾ ਹਵਾਲੇ ਕਰਨ ਦੇ ਹੁਕਮਾਂ 'ਤੇ ਦਸਖ਼ਤ ਕੀਤੇ ਸਨ। ਇਸ ਕੇਸ ਦੇ ਹੱਲ ਵਿੱਚ ਕਈ ਮਹੀਨੇ ਲੱਗਣ ਦੀ ਸੰਭਾਵਨਾ ਹੈ।

FIRST CHOICE FINANCIAL LIMITED
TRUCK LOANS
ਟੱਰਕ ਲੋਨ ਅਪਰੂਵਲ ਸਿੱਰਫ 2 ਘੰਟਿਆਂ ਦੇ ਅੰਦਰ-ਅੰਦਰ
ਹਰ ਤਰ੍ਹਾਂ ਦੇ ਨਵੇਂ ਤੇ ਪੁਰਾਣੇ ਟੱਰਕ ਤੇ ਟ੍ਰੇਲਰ ਦੀ Financing
- Low Down payment/Flexible Terms
- Large Inventory of New Trucks & Trailers
- Quick Approvals
- Honest Service
- Best Rate in Town
- Offices all over Canada
For more Information Contact
Rajdeep: 647.707.4167
Office: 905.678.2424

## ਪਰਵਾਸੀ ਲੋਕਾਂ ਕਾਰਨ ਅਮਰੀਕਾ ਵਿੱਚ ਸ਼ਹਿਰੀ ਅਪਰਾਧ ਘਟਿਆ



ਵਾਸ਼ਿੰਗਟਨ, 22 ਅਕਤੂਬਰ (ਪੋਸਟ ਬਿਊਰੋ)- ਅਮਰੀਕਾ ਦਾ ਰਾਸ਼ਟਰਪਤੀ ਬਣਨ ਤੋਂ ਪਹਿਲਾਂ ਡੋਨਾਲਡ ਟਰੰਪ ਕਾਨੂੰਨੀ ਤੇ ਗੈਰ ਕਾਨੂੰਨੀ ਦੋਵਾਂ ਤਰ੍ਹਾਂ ਦੇ ਪਰਵਾਸ ਨੂੰ ਆਪਣੇ ਦੇਸ਼ ਦੀ ਸਭ ਤੋਂ ਵੱਡੀ ਸਮੱਸਿਆ ਦੱਸਦੇ ਰਹੇ ਹਨ। ਗੈਰ ਕਾਨੂੰਨੀ ਪਰਵਾਸੀਆਂ ਨੂੰ ਰੋਕਣ ਲਈ ਜਿੱਥੇ ਉਹ ਮੈਕਸੀਕੋ ਸਰਹੱਦ 'ਤੇ ਕੰਧ ਬਣਾਉਣਾ ਚਾਹੁੰਦੇ ਹਨ, ਉਥੇ ਕਾਨੂੰਨੀ ਪਰਵਾਸੀਆਂ ਦੀ ਗਿਣਤੀ ਘਟਾਉਣ ਲਈ ਉਹ ਵੀਜ਼ਾ ਨਿਯਮਾਂ 'ਚ ਸਖਤੀ ਦੀ ਗੱਲ ਕਰਦੇ ਹਨ।

ਇਸੇ ਦੌਰਾਨ ਕਈ ਅਜਿਹੇ ਅਧਿਐਨ ਸਾਹਮਣੇ ਆਏ ਹਨ, ਜਿਨ੍ਹਾਂ ਵਿੱਚ ਕਿਹਾ ਗਿਆ ਹੈ ਕਿ ਕਾਨੂੰਨੀ ਪਰਵਾਸੀਆਂ ਕਾਰਨ ਕਈ ਸ਼ਹਿਰਾਂ ਵਿੱਚ ਅਪਰਾਧ ਘਟੇ ਹਨ। ਕੁਝ ਮਾਹਰਾਂ ਮੁਤਾਬਕ ਟਰੰਪ ਸਮਝਦੇ ਹਨ ਕਿ ਅਮਰੀਕਾ 'ਚ ਕਾਨੂੰਨੀ ਪਰਵਾਸੀਆਂ ਲਈ ਥਾਂ ਨਹੀਂ ਹੈ, ਇਸ ਲਈ ਉਨ੍ਹਾਂ ਦੀਆਂ ਕਈ ਨੀਤੀਆਂ ਪਰਵਾਸੀ ਵਿਰੋਧੀ ਹਨ। ਹਾਲਤ ਇਸ ਦੇ ਉਲਟ ਹੈ। ਯੂਨੀਵਰਸਿਟੀ ਆਫ ਵਾਸ਼ਿੰਗਟਨ 'ਚ ਪਬਲਿਕ ਪਾਲਿਸੀ ਦੇ ਪ੍ਰੋਫੈਸਰ ਜੈਕਬ ਵਿਗਦਰ ਦੇ ਮੁਤਾਬਕ ਪਰਵਾਸੀਆਂ ਨੂੰ ਸ਼ਹਿਰ ਦੀ ਜ਼ਰੂਰਤ ਹੈ ਤਾਂ ਸ਼ਹਿਰਾਂ ਨੂੰ ਵੀ ਪਰਵਾਸੀਆਂ ਦੀ ਲੋੜ ਹੈ। ਕੁਝ ਕਾਉਂਟੀ 'ਚ ਕੀਤੇ ਅਧਿਐਨ 'ਚ ਅਮਰੀਕੀ ਅਬਾਦੀ 'ਚ ਵਾਧੇ ਲਈ ਉਤਸ਼ਾਹ ਹੁੰਦੇ ਹਨ, ਜਿੱਥੇ ਕਈ ਕਾਰਨਾਂ ਨਾਲ ਇਸ 'ਚ ਗਿਰਾਵਟ ਆ ਰਹੀ ਸੀ।

ਯੂਨੀਵਰਸਿਟੀ ਆਫ ਸਦਰਨ ਕੈਲੀਫੋਰਨੀਆ ਦੇ ਅਧਿਐਨ ਮੁਤਾਬਕ ਵਿਦੇਸ਼ੀਆਂ ਦੇ ਪਰਵਾਸ ਨਾਲ ਕਈ ਖੇਤਰਾਂ 'ਚ ਅਪਰਾਧਾਂ 'ਚ ਕਮੀ ਆਈ ਹੈ। ਇਸ ਦਾ ਕਾਰਨ ਦੱਸਦਿਆਂ ਡਾਵੇਲ ਮਾਇਰਸ ਨੇ ਕਿਹਾ ਕਿ ਵਿਦੇਸ਼ 'ਚ ਪੈਦਾ ਹੋਏ ਲੋਕਾਂ 'ਚ ਅਪਰਾਧ ਦੀ ਦਰ ਇੱਥੋਂ ਦੇ ਮੂਲ-ਵਾਸੀਆਂ ਦੇ ਮੁਕਾਬਲੇ ਬਹੁਤ ਘੱਟ ਹੈ। ਪਰਵਾਸੀਆਂ ਦੇ ਆਉਣ ਤੋਂ ਪਹਿਲਾਂ ਤੋਂ ਖਾਲੀ ਪਈ ਮਕਾਨ ਆਦਿ ਭਰ ਜਾਂਦੇ ਹਨ ਜਿਸ ਤੋਂ ਬਾਅਦ ਉਨ੍ਹਾਂ ਇਲਾਕਿਆਂ ਦੀ ਨਿਗਰਾਨੀ ਸੌਖੀ ਹੋ ਜਾਂਦੀ ਹੈ।

## ਗੁਰਜੀਤ ਕੌਰ ਬੈਂਸ ਨੂੰ ਵਾਲਸਾਲ ਸਾਊਥ ਤੋਂ ਕੰਜ਼ਰਵੇਟਿਵ ਪਾਰਟੀ ਨੇ ਉਮੀਦਵਾਰ ਐਲਾਨਿਆ

ਲੰਡਨ, 22 ਅਕਤੂਬਰ (ਪੋਸਟ ਬਿਊਰੋ)- ਬ੍ਰਿਟੇਨ ਦੀਆਂ ਅਗਲੀਆਂ ਆਮ ਚੋਣਾਂ ਲਈ ਸਿਆਸੀ ਪਾਰਟੀਆਂ ਵੱਲੋਂ ਆਪਣੇ ਉਮੀਦਵਾਰਾਂ ਦੀ ਚੋਣ ਬਾਰੇ ਪੂਰੇ ਜ਼ੋਰ ਨਾਲ ਸਰਗਰਮੀਆਂ ਚੱਲ ਰਹੀਆਂ ਹਨ। ਹਾਕਮ ਕੰਜ਼ਰਵੇਟਿਵ ਪਾਰਟੀ ਨੇ ਗ੍ਰੇਵਸ਼ੈਮ ਤੋਂ ਕੌਂਸਲਰ ਗੁਰਜੀਤ ਕੌਰ ਬੈਂਸ ਨੂੰ ਵਾਲਸਾਲ ਦੱਖਣੀ ਇਲਾਕੇ ਤੋਂ ਉਮੀਦਵਾਰ ਐਲਾਨਿਆ ਹੈ।

ਗ੍ਰੇਵਸ਼ੈਮ ਵਿੱਚ 23 ਸਾਲ ਦੀ ਉਮਰ 'ਚ ਪਹਿਲੀ ਏਸ਼ੀਅਨ ਕੌਂਸਲਰ ਹੋਣ ਦਾ ਮਾਣ ਹਾਸਲ ਕਰਨ ਵਾਲੀ ਗੁਰਜੀਤ ਨੇ ਬਕਿੰਘਮ ਯੂਨੀਵਰਸਿਟੀ ਤੋਂ ਕਾਨੂੰਨ ਦੀ ਡਿਗਰੀ ਲਈ ਹੈ। ਉਸ ਨੇ ਕਿਹਾ ਕਿ ਮੈਨੂੰ ਖੁਸ਼ੀ ਹੈ ਕਿ ਸਥਾਨਕ ਮੈਂਬਰਾਂ ਨੇ ਮੈਨੂੰ ਆਪਣਾ ਉਮੀਦਵਾਰ ਚੁਣਿਆ ਹੈ। ਮੈਂ ਸਥਾਨਕ ਲੋਕਾਂ ਦੀ ਆਵਾਜ਼ ਬਣਨ ਲਈ ਭਰਪੂਰ ਕੋਸ਼ਿਸ਼ ਕਰੇਗੀ। ਉਨ੍ਹਾਂ ਕਿਹਾ ਕਿ ਤਿੰਨ ਸਾਲ ਪਹਿਲਾਂ ਦੇਸ਼ ਦੇ ਲੋਕਾਂ ਨੇ ਯੂਰਪੀਨ ਯੂਨੀਅਨ ਤੋਂ ਵੱਖ ਹੋਣ ਲਈ ਫੈਸਲਾ ਦਿੱਤਾ ਸੀ ਅਤੇ ਬ੍ਰੈਗਜ਼ਿਟ 'ਚ ਹੋ ਰਹੀ ਬੇਵਜ੍ਹਾ ਦੇਰੀ ਤੋਂ ਵਾਲਸਾਲ ਦੱਖਣੀ ਦੇ ਲੋਕ ਨਿਰਾਸ਼ ਹਨ। ਉਨ੍ਹਾਂ ਕਿਹਾ ਕਿ ਦੇਸ਼ ਦੀਆਂ ਸਰਹੱਦਾਂ, ਕਾਨੂੰਨ, ਅਰਥ-ਵਿਵਸਥਾ ਤੇ ਘਰੇਲੂ ਮਸਲਿਆਂ ਉੱਤੇ ਦੇਸ਼ ਦਾ ਕੰਟਰੋਲ ਵਾਪਸ ਹੋਣਾ ਚਾਹੀਦਾ ਹੈ। ਉਨ੍ਹਾਂ ਸਿਹਤ ਸਹੂਲਤਾਂ 'ਚ ਸੁਧਾਰ, ਅਪਰਾਧ ਘਟਾਉਣ ਤੋਂ ਇਲਾਵਾ ਘੱਟੋ ਘੱਟ ਪੌਂਡ ਪ੍ਰਤੀ ਘੰਟਾ ਤਨਖਾਹ ਲਈ ਕੰਮ ਕਰਨ ਲਈ ਵਚਨ ਵੱਧਦਾ ਪ੍ਰਗਟਾਈ।

## ਇਟਲੀ ਵਿੱਚ ਭਾਰਤੀ ਲੋਕਾਂ ਨੇ ਹੱਕਾਂ ਦੀ ਪ੍ਰਾਪਤੀ ਲਈ ਚੱਕਾ ਜਾਮ ਕੀਤਾ



ਮਿਲਾਨ, 22 ਅਕਤੂਬਰ (ਪੋਸਟ ਬਿਊਰੋ)- ਪਿਛਲੇ 40 ਸਾਲਾਂ ਤੋਂ ਇਟਲੀ ਦੇ ਖੇਤੀ ਮਾਲਕਾਂ ਵਲੋਂ ਆਪਣੇ ਖੇਤੀ ਫਾਰਮਾਂ ਉੱਤੇ ਕੰਮ ਕਰਦੇ ਵਿਦੇਸ਼ੀ ਕਾਮਿਆਂ ਦਾ ਸ਼ੋਸ਼ਣ ਕੀਤਾ ਜਾ ਰਿਹਾ ਹੈ। ਇਸ ਦੇ ਵਿਰੋਧ ਵਜੋਂ 1500 ਦੇ ਕਰੀਬ ਇਕੱਠੇ ਹੋਏ ਵਿਦੇਸ਼ੀ ਕਾਮਿਆਂ ਨੇ ਰੋਸ ਪ੍ਰਦਰਸ਼ਨ ਕੀਤਾ। ਉਨ੍ਹਾਂ ਨੇ ਸੈਂਟਰ ਇਟਲੀ ਦੇ ਜ਼ਿਲਾ ਲਾਤੀਨਾ ਵਿਖੇ ਪੈਰਫਾਤੂਰੇ ਦੇ ਮੋਹਰੇ ਸ਼ਾਂਤਮਈ ਧਰਨਾ ਦੇ ਕੇ ਸਰਕਾਰ ਦੇ ਕੰਨ ਖੋਲ੍ਹਣ ਲਈ ਅਤੇ ਖੇਤ ਮਜ਼ਦੂਰਾਂ ਦੇ ਸ਼ੋਸ਼ਣ ਨੂੰ ਰੋਕਣ ਲਈ ਇਟਾਲੀਅਨ ਖੇਤ ਮਾਫੀਏ ਵਿਰੁੱਧ ਆਵਾਜ਼ ਚੁੱਕੀ ਅਤੇ ਇੰਨ੍ਹਾਂ ਮਾਲਕਾਂ ਉੱਤੇ ਕਾਨੂੰਨੀ ਕਾਰਵਾਈ ਦੀ ਮੰਗ ਕੀਤੀ ਹੈ।

ਵਰਨਣ ਯੋਗ ਹੈ ਕਿ ਕੁਝ ਦਿਨ ਪਹਿਲਾਂ ਇਕ ਘਟਨਾ ਵਿਚ ਇਕ ਖੇਤੀ ਫਾਰਮ ਦੇ ਮਾਲਕ ਵਲੋਂ ਆਪਣੇ ਮਜ਼ਦੂਰਾਂ ਨੂੰ ਬੰਦੀ ਬਣਾ ਕੇ ਕੰਮ ਕਰਵਾਉਣ ਦਾ ਪਤਾ ਲੱਗਾ ਸੀ। ਜਦੋਂ ਇਨ੍ਹਾਂ ਕਾਮਿਆਂ ਨੇ ਪੈਸਿਆਂ ਦੀ ਮੰਗ ਕੀਤੀ ਤਾਂ ਉਸ ਮਾਲਕ ਨੇ ਬੰਦੂਕ ਨਾਲ ਗੋਲੀਆਂ ਚਲਾਉਂਦੇ ਹੋਏ ਇਨ੍ਹਾਂ ਨੂੰ ਜਾਨੋਂ ਮਾਰਨ ਦੀ ਧਮਕੀ ਦੇ ਕੇ ਚੁੱਪ ਚਾਪ ਕੰਮ ਕਰਦੇ ਰਹਿਣ ਲਈ ਮਜਬੂਰ ਕੀਤਾ ਸੀ। ਉਸ ਦਿਨ ਤੋਂ ਵਰਕਰਾਂ ਦੇ ਹੱਕਾਂ ਲਈ ਲੜਦੀਆਂ ਵੱਡੀਆ ਸੰਸਥਾਵਾਂ, ਫੇਲਾਈ, ਉਈਲਾ, ਚੀਜੀ, ਐਲ ਆਦਿ ਨੇ ਅਜਿਹੇ ਮਾਲਕਾਂ ਵਿਰੁੱਧ ਕਾਨੂੰਨੀ ਕਾਰਵਾਈ ਲਈ ਸ਼ੰਘਰਸ਼ ਸ਼ੁਰੂ ਕੀਤਾ ਸੀ ਤਾਂ ਜੋ ਇਟਾਲੀਅਨ ਮਾਲਕਾਂ ਵੱਲੋਂ ਵਿਦੇਸ਼ੀ ਕਾਮਿਆਂ ਨਾਲ ਕੀਤੀ ਜਾਂਦੀ ਧੱਕੇਸ਼ਾਹੀ ਰੋਕੀ ਜਾ ਸਕੇ। ਲਾਤੀਨਾ ਵਿਚ ਹੋਏ ਇਕੱਠ ਨੇ ਸਾਬਤ ਕਰ ਦਿੱਤਾ ਕਿ ਜੇ ਆਮ ਇਨਸਾਨ ਮਿਹਨਤ ਕਰਨੀ ਜਾਣਦਾ ਹੈ ਤਾਂ ਲੋੜ ਪੈਣ ਉੱਤੇ ਆਪਣੇ ਹੱਕਾਂ ਲਈ ਲੜਨਾ ਵੀ ਜਾਣਦਾ ਹੈ।

## ਨਵਾਜ਼ ਸ਼ਰੀਫ ਦਾ ਜਵਾਈ ਪਾਕਿਸਤਾਨੀ ਫ਼ੌਜ ਦੇ ਮੁਖੀ ਦੇ ਖ਼ਿਲਾਫ਼ ਬੋਲਣ ਉਤੇ ਗ੍ਰਿਫ਼ਤਾਰ



ਲਾਹੌਰ, 22 ਅਕਤੂਬਰ (ਪੋਸਟ ਬਿਊਰੋ)- ਪਾਕਿਸਤਾਨ ਦੇ ਸਾਬਕਾ ਪ੍ਰਧਾਨ ਮੰਤਰੀ ਨਵਾਜ਼ ਸ਼ਰੀਫ ਦੇ ਜਵਾਈ ਕੈਪਟਨ (ਰਿਟਾ.) ਮੁਹੰਮਦ ਸਫਦਰ ਨੂੰ ਫ਼ੌਜ ਦੇ ਮੁਖੀ ਅਤੇ ਸੁਪਰੀਮ ਕੋਰਟ ਦੇ ਜੱਜਾਂ ਖ਼ਿਲਾਫ਼ ਬੋਲਣ ਕਾਰਨ ਕੱਲ੍ਹ ਰਾਤ ਗ੍ਰਿਫ਼ਤਾਰ ਕਰ ਲਿਆ ਗਿਆ। ਉਸ ਉੱਤੇ ਲਾਏ ਦੋਸ਼ਾਂ ਤਹਿਤ ਉਸ ਨੂੰ ਉਮਰ ਕੈਦ ਤਕ ਸਜ਼ਾ ਹੋ ਸਕਦੀ ਹੈ।

ਲਾਹੌਰ ਪੁਲਿਸ ਮੁਤਾਬਕ ਕੈਪਟਨ ਸਫਦਰ ਨੂੰ ਸ਼ਹਿਰ ਦੇ ਰਾਵੀ ਟੋਲ ਪਲਾਜ਼ਾ ਨੇੜੇ ਗ੍ਰਿਫ਼ਤਾਰ ਕੀਤਾ ਗਿਆ। ਉਨ੍ਹਾਂ ਨੇ ਬੀਤੀ 13 ਅਕਤੂਬਰ ਨੂੰ ਅਦਾਲਤ ਵਿੱਚ ਪੇਸ਼ੀ ਵੇਲੇ ਫ਼ੌਜ ਮੁਖੀ ਜਨਰਲ ਕਮਰ ਬਾਜਵਾ ਉੱਤੇ ਨਿਸ਼ਾਨਾ ਲਾਉਂਦੇ ਹੋਏ ਕਿਹਾ ਸੀ ਕਿ ਇਮਰਾਨ ਸਰਕਾਰ ਸਿਰਫ਼ ਕਾਰਜਕਾਲ ਵਧਾਉਣ ਤੇ ਪ੍ਰਮੋਸ਼ਨ ਯਕੀਨੀ ਕਰਨ ਲਈ ਬਣਾਈ ਗਈ ਹੈ। ਫ਼ੌਜ ਅਤੇ ਨਿਆਂ ਵਿਵਸਥਾ ਖ਼ਿਲਾਫ਼ ਭੜਕਾਉਣ ਵਾਲੇ ਇਸ ਬਿਆਨ ਬਾਰੇ ਉਨ੍ਹਾਂ ਦੇ ਖ਼ਿਲਾਫ਼ ਲਾਹੌਰ ਦੇ ਸਦਰ ਰੋਡ ਥਾਣੇ ਵਿੱਚ ਕੇਸ ਦਰਜ ਕਰਾਇਆ ਗਿਆ ਸੀ। ਇਮਰਾਨ ਸਰਕਾਰ ਨੇ ਬੀਤੀ ਅਗਸਤ ਵਿੱਚ ਬਾਜਵਾ ਦਾ ਸੇਵਾ ਕਾਲ ਤਿੰਨ ਸਾਲ ਲਈ ਵਧਾ ਦਿੱਤਾ ਸੀ। ਵਿਰੋਧੀ ਧਿਰ ਇਹ ਦੋਸ਼ ਲਾਉਂਦੀ ਰਹੀ ਹੈ ਕਿ ਫ਼ੌਜ ਦੀ ਹਮਾਇਤ ਨਾਲ ਹੀ ਇਮਰਾਨ ਖਾਨ ਦੀ ਸਰਕਾਰ ਬਣੀ ਸੀ ਅਤੇ ਏਸੇ ਲਈ ਇਹ ਮਿਆਦ ਵਧਾਈ ਗਈ ਹੈ।

ਸਫਦਰ ਦੀ ਗ੍ਰਿਫ਼ਤਾਰੀ ਦੀ ਨਿਖੇਧੀ ਕਰਦਿਆਂ ਨਵਾਜ਼ ਸ਼ਰੀਫ ਦੀ ਪਾਰਟੀ ਪਾਕਿਸਤਾਨ ਮੁਸਲਿਮ ਲੀਗ-ਨਵਾਜ਼ (ਪੀ ਐੱਮ ਐੱਲ-ਐੱਨ) ਦੀ ਬੁਲਾਰਾ ਮਰੀਅਮ ਔਰਗਜ਼ੇਬ ਨੇ ਕਿਹਾ, 'ਇਮਰਾਨ ਖ਼ਾਨ ਦੀ ਫਾਸ਼ੀਵਾਦੀ ਸਰਕਾਰ ਸ਼ਰੀਫ ਪਰਿਵਾਰ ਤੋਂ ਬਦਲਾ ਲੈ ਰਹੀ ਹੈ। ਨਫ਼ਰਤੀ ਬਿਆਨ ਲਈ ਜੇ ਕੋਈ ਗ੍ਰਿਫ਼ਤਾਰ ਕਰਨਾ ਹੈ ਤਾਂ ਉਹ ਇਮਰਾਨ ਖ਼ਾਨ ਹਨ।' ਸਫਦਰ ਦੀ ਪਤਨੀ ਅਤੇ ਨਵਾਜ਼ ਸ਼ਰੀਫ ਦੀ ਬੇਟੀ ਮਰੀਅਮ ਵੀ ਇਸ ਸਮੇਂ ਜੇਲ੍ਹ ਵਿੱਚ ਹਨ। ਉਹ ਮਨੀ ਲਾਂਡਰਿੰਗ ਕੇਸ ਵਿੱਚ ਪਾਕਿਸਤਾਨੀ ਭ੍ਰਿਸ਼ਟਾਚਾਰ ਰੋਕੂ ਕੌਮੀ ਜਵਾਬਦੇਹੀ ਬਿਊਰੋ (ਐੱਨ ਏ ਬੀ) ਦੀ ਹਿਰਾਸਤ ਵਿੱਚ ਹਨ। ਭ੍ਰਿਸ਼ਟਾਚਾਰ ਨਾਲ ਜੁੜੇ ਅਲ-ਅਜੀਜ਼ੀਆ ਸਟੀਲ ਮਿੱਲ ਕੇਸ ਵਿੱਚ ਸੱਤ ਸਾਲ ਸਜ਼ਾ ਕੱਟ ਰਹੇ ਸਾਬਕਾ ਪ੍ਰਧਾਨ ਮੰਤਰੀ ਨਵਾਜ਼ ਸ਼ਰੀਫ ਦੀ ਸਿਹਤ ਵਿਗੜ ਗਈ ਹੈ। ਉਨ੍ਹਾਂ ਨੂੰ ਸੋਮਵਾਰ ਰਾਤ ਹਸਪਤਾਲ ਭਰਤੀ ਕੀਤਾ ਗਿਆ ਹੈ। 69 ਸਾਲ ਸ਼ਰੀਫ ਦੇ ਨਿੱਜੀ ਡਾਕਟਰ ਅਦਨਾਨ ਖ਼ਾਨ ਨੇ ਟਵੀਟ ਰਾਹੀਂ ਦੱਸਿਆ ਕਿ ਸਾਬਕਾ ਪ੍ਰਧਾਨ ਮੰਤਰੀ ਦੇ ਖ਼ੂਨ ਵਿੱਚ ਪਲੇਟਲੈਟਸ ਘਟ ਗਏ ਹਨ।

## ਜਦੋਂ ਆਸਟਰੇਲੀਆ ਦੇ ਅਖਬਾਰਾਂ ਦਾ ਪਹਿਲਾ ਪੰਨਾ ਕਾਲਾ ਛਪਿਆ



ਕੈਨਬਰਾ, 22 ਅਕਤੂਬਰ (ਪੋਸਟ ਬਿਊਰੋ)- ਆਸਟਰੇਲੀਆ ਵਿੱਚ ਸਰਕਾਰ ਵੱਲੋਂ ਮੀਡੀਆ 'ਤੇ ਲਾਈ ਜਾ ਰਹੀ ਪਾਬੰਦੀ ਦੇ ਵਿਰੋਧ ਵਿੱਚ ਦੇਸ਼ ਦੇ ਸਾਰੇ ਅਖ਼ਬਾਰਾਂ ਦਾ ਪਹਿਲਾ ਪੰਨਾ ਕਾਲਾ ਛਾਪਿਆ ਗਿਆ। ਅਖ਼ਬਾਰਾਂ ਦਾ ਕਹਿਣਾ ਹੈ ਕਿ ਸਰਕਾਰ ਦਾ ਸਖ਼ਤ ਕਾਨੂੰਨ ਉਨ੍ਹਾਂ ਨੂੰ ਲੋਕਾਂ ਤੱਕ ਜਾਣਕਾਰੀ ਪਹੁੰਚਾਉਣ ਤੋਂ ਰੋਕ ਰਿਹਾ ਹੈ।

ਪਰਸੋਂ ਆਸਰਟਰੇਲੀਆ ਵਿੱਚ ਇੱਕ ਵੱਖਰੇ ਹੀ ਕਿਸਮ ਦੀ ਘਟਨਾ ਵੇਖਣ ਨੂੰ ਮਿਲੀ। ਸਰਕਾਰ ਵੱਲੋਂ ਮੀਡੀਆ 'ਤੇ ਲਗਾਮ ਲਾਉਣ ਦੀਆਂ ਕੋਸ਼ਿਸ਼ਾਂ ਦਾ ਵਿਰੋਧ ਕਰਨ ਲਈ ਦੇਸ਼ ਦੀਆਂ ਸਾਰੀਆਂ ਅਖ਼ਬਾਰਾਂ ਨੇ ਆਪਣਾ ਪਹਿਲਾ ਪੰਨਾ ਕਾਲਾ ਛਾਪਿਆ। ਪੰਨੇ ਉੱਤੇ ਕਾਲੀ ਸਿਆਹੀ ਦੀ ਪੋਚ ਤੋਂ ਇਲਾਵਾ ਸੀਕ੍ਰੇਟ ਸ਼ਬਦ ਲਿਖਿਆ ਹੋਇਆ ਸੀ। ਇਨ੍ਹਾਂ ਅਖ਼ਬਾਰਾਂ ਦਾ ਕਹਿਣਾ ਹੈ ਕਿ ਕੌਮੀ ਸੁਰੱਖਿਆ ਕਾਨੂੰਨਾਂ ਕਰ ਕੇ ਰਿਪੋਰਟਿੰਗ 'ਤੇ ਪਾਬੰਦੀਆਂ ਲਾਈਆਂ ਜਾ ਰਹੀਆਂ ਹਨ। ਅਖ਼ਬਾਰਾਂ ਦਾ ਦੋਸ਼ ਹੈ ਕਿ ਜੂਨ ਵਿੱਚ ਵੀ ਆਸਟਰੇਲੀਅਨ ਬ੍ਰਾਡਕਾਸਟਿੰਗ ਕਾਰਪੋਰੇਸ਼ਨ ਦੇ ਮੁੱਖ ਦਫਤਰ ਅਤੇ ਇੱਕ ਪੱਤਰਕਾਰ ਦੇ ਘਰ ਛਾਪਾ ਮਾਰਿਆ ਗਿਆ ਸੀ, ਜਿਸ ਦਾ ਕਾਫੀ ਵਿਰੋਧ ਹੋਇਆ ਸੀ। ਅਖ਼ਬਾਰਾਂ ਨੇ ਦੱਸਿਆ ਕਿ ਇਹ ਛਾਪੇ ਸਰਕਾਰੀ ਗੜਬੜਾਂ ਦਾ ਖੁਲਾਸਾ ਕਰਨ ਵਾਲੇ ਤੋਂ ਲੀਕ ਹੋਈਆਂ ਜਾਣਕਾਰੀਆਂ ਦੇ ਆਧਾਰ 'ਤੇ ਛਾਪੇ ਗਏ ਕੁਝ ਲੇਖਾਂ ਤੋਂ ਬਾਅਦ ਮਾਰੇ ਗਏ। ਇਨ੍ਹਾਂ ਰਿਪੋਰਟਾਂ ਵਿੱਚ ਜੰਗੀ ਅਪਰਾਧ ਦੇ ਦੋਸ਼ ਲਾਏ ਗਏ ਸਨ। ਇੱਕ ਹੋਰ ਰਿਪੋਰਟ ਵਿੱਚ ਇੱਕ ਸਰਕਾਰੀ ਏਜੰਸੀ ਉਤੇ ਦੇਸ਼ ਦੇ ਨਾਗਰਿਕਾਂ ਦੀ ਜਾਸੂਸੀ ਦਾ ਦੋਸ਼ ਲਾਇਆ ਗਿਆ ਸੀ।

ਅਖ਼ਬਾਰਾਂ ਦਾ ਕਹਿਣਾ ਸੀ ਕਿ ਇਸ ਤਰ੍ਹਾਂ ਖੋਜੀ ਪੱਤਰਕਾਰਾਂ ਨੂੰ ਰਿਪੋਰਟਿੰਗ ਕਰਨ ਉਤੇ ਖਤਰਾ ਪੈਦਾ ਹੋਵੇਗਾ। ਆਸਟਰੇਲੀਆ ਸਰਕਾਰ ਨੇ ਐਤਵਾਰ ਨੂੰ ਦੋਹਰਾਇਆ ਸੀ ਕਿ ਇਨ੍ਹਾਂ ਛਾਪਿਆਂ ਬਾਰੇ ਤਿੰਨ ਪੱਤਰਕਾਰਾਂ ਦੇ ਖਿਲਾਫ ਕੇਸ ਚਲਾਇਆ ਜਾ ਸਕਦਾ ਹੈ। ਪ੍ਰਧਾਨ ਮੰਤਰੀ ਸਕਾਟ ਮੋਰੀਸਨ ਨੇ ਕਿਹਾ ਹੈ ਕਿ ਪ੍ਰੈੱਸ ਦੀ ਆਜ਼ਾਦੀ ਮਹੱਤਵ ਪੂਰਨ ਹੈ, ਪਰ ਕਾਨੂੰਨ ਦਾ ਰਾਜ ਵੀ ਚਾਹੀਦਾ ਹੈ। ਉਨ੍ਹਾਂ ਕਿਹਾ ਕਿ ਇਹ ਕਾਨੂੰਨ ਮੇਰੇ 'ਤੇ ਵੀ ਲਾਗੂ ਹੁੰਦਾ ਹੈ ਅਤੇ ਕਿਸੇ ਵੀ ਪੱਤਰਕਾਰ ਉਤੇ ਵੀ। ਆਸਟਰੇਲੀਆ ਵਿੱਚ ਪ੍ਰੈੱਸ ਦੀ ਆਜ਼ਾਦੀ 'ਤੇ ਜਾਂਚ ਰਿਪੋਰਟ ਅਗਲੇ ਸੰਸਦੀ ਸੈਸ਼ਨ ਵਿੱਚ ਪੇਸ਼ ਕੀਤੀ ਜਾਵੇਗੀ।

MICHELIN HANKOOK Continental ROADLUX BFGoodrich AEOLUS COMPASAL
Chevron Delo
Special OIL CHANGE Rates
BEST TRUCK REPAIR & TIRE CENTRE
ਟਰੱਕਾਂ ਦੀ ਸਸਤੀ ਏ-ਸੀ ਰਿਪੇਅਰ ਤੇ ਟਾਇਰਾਂ ਦੀ ਭਾਰੀ ਸੇਲ
We also Specialize in Engine, AC, Transmission, Differential Rebuild, Safety Inspection & All Kinds of Electric Work
SPECIAL ON TRUCK ALIGNMENT
BRAND NEW MACHINES 2018
Brake & Drum -Made in U.S - On Special Sale!
Special Sale 4 CAT Batteries $550 with Installation
Special Sale on Smartway Approved Tires $245 each
4 Mechanics Needed Urgently
www.besttruckrepairandtire.ca | Email: ranjitbesttruck@yahoo.ca
7 ਦਿਨ ਖੁੱਲਾ
30 Truck Parking Also Available!
1715 Sismet Rd, Mississauga | Call Ranjit: 416.624.8351 | Tel: 905.625.0055

# ਸਕੈਲਪ ਕੂਲਿੰਗ ਨਾਲ ਸਿਰ ਦੇ ਵਾਲ ਘੱਟ ਝੜਨਗੇ

ਮੁੰਬਈ, 22 ਅਕਤੂਬਰ (ਪੋਸਟ ਬਿਊਰੋ)- ਕੈਂਸਰ ਵਰਗੇ ਗੰਭੀਰ ਰੋਗ ਨਾਲ ਲੜ ਰਹੇ ਮਰੀਜ਼ਾਂ ਨੂੰ ਜਦੋਂ ਕੀਮੋਥੈਰੇਪੀ ਦਿੱਤੀ ਜਾਂਦੀ ਹੈ ਤਾਂ ਇਸ ਨਾਲ ਉਨ੍ਹਾਂ ਦੇ ਵਾਲ ਝੜਨ ਲੱਗਦੇ ਹਨ। ਇਸ ਨੂੰ ਰੋਕਣ ਲਈ ਇਸਪੋਟੇਂਡ ਤਕਨੀਕ ਦਾ ਇਸਤੇਮਾਲ ਕੀਤਾ ਜਾ ਕਰ ਰਿਹਾ ਹੈ। ਪਤਾ ਲੱਗਾ ਹੈ ਕਿ ਬਾਹਰੋਂ ਸਕੈਲਪ ਕੂਲਿੰਗ ਤਕਨੀਕ ਲਿਆਂਦੀ ਗਈ ਹੈ, ਜਿਸ ਨਾਲ ਦਵਾਈ ਤੋਂ ਵਾਲਾਂ ਉੱਤੇ ਹੋਣ ਵਾਲਾ ਅਸਰ ਘੱਟ ਹੋਵੇਗਾ। ਇਹ ਤਕਨੀਕ ਟਾਟਾ ਹਸਪਤਾਲ ਨੇ 2 ਸਾਲ ਪਹਿਲਾਂ ਲਿਆਂਦੀ ਸੀ। ਛਾਤੀ ਦੇ ਕੈਂਸਰ ਨਾਲ ਲੜ ਰਹੀਆਂ 50 ਮਹਿਲਾਵਾਂ 'ਤੇ ਇਸ ਦਾ ਟ੍ਰਾਇਲ ਕਰ ਲਿਆ ਗਿਆ ਹੈ। ਇਸ ਵਿੱਚ ਦੇਖਿਆ ਗਿਆ ਕਿ ਰੈਡੀਏਸ਼ਨ ਥੈਰੇਪੀ ਦੇ ਬਾਅਦ ਮਰੀਜ਼ ਦੇ 56 ਪ੍ਰਤੀਸ਼ਤ ਤੱਕ ਵਾਲ ਬਚਾ ਜਾਂਦੇ ਹਨ ਤੇ 85 ਫੀਸਦੀ ਵਾਲ ਫਿਰ ਆ ਜਾਂਦੇ ਹਨ, ਜਦੋਂ ਕਿ ਪਹਿਲਾਂ ਮਰੀਜ਼ ਦੇ ਸਾਰੇ ਵਾਲ ਝੜ ਜਾਂਦੇ ਸੀ। ਸਕੈਲਪ ਕੂਲਿੰਗ ਤਕਨੀਕ ਦੀ ਮਦਦ ਨਾਲ ਇਲਾਜ ਤੋਂ ਪਹਿਲਾ, ਇਲਾਜ ਦੌਰਾਨ ਅਤੇ ਇਲਾਜ ਦੇ ਕਾਫੀ ਬਾਅਦ ਮਰੀਜ਼ਾਂ ਦੇ ਸਿਰ ਦੇ ਤਾਪਮਾਨ ਨੂੰ ਕਾਫੀ ਠੰਡਾ ਕੀਤਾ ਜਾਂਦਾ ਹੈ ਜਿਸ ਨਾਲ ਸਿਰ ਤੱਕ ਖ਼ੂਨ ਦਾ ਵਹਿਣ ਘੱਟ ਹੋ ਜਾਂਦਾ ਅਤੇ ਵਾਲਾਂ ਦੇ ਝੜਨ ਦਾ ਕਾਫੀ ਘੱਟ ਨੁਕਸਾਨ ਹੁੰਦਾ ਹੈ। ਇਸ ਵਿੱਚ ਲੱਗੇ ਟਿਊਬ ਕਾਫੀ ਠੰਡੇ ਹੁੰਦੇ ਹਨ।






# ਭਾਰਤ ਵਿੱਚ ਵੀ ਪੁਲਸ ਦੇ ਕੰਮ ਦੇ ਘੰਟੇ ਤੈਅ ਹੋਣਗੇ



ਨਵੀਂ ਦਿੱਲੀ, 22 ਅਕਤੂਬਰ (ਪੋਸਟ ਬਿਊਰੋ)- ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਨੇ ਪੜਾਅਵਾਰ ਪੁਲਸ ਮੁਲਾਜ਼ਮਾਂ ਦੇ ਕੰਮਕਾਜ ਨੂੰ ਬਿਹਤਰ ਵਾਤਵਰਨ ਦੇਣ ਅਤੇ ਪੁਲਸ ਦੇ ਕੰਮ ਦੇ ਘੰਟੇ ਤੈਅ ਕਰਨ ਦੀ ਵੀ ਗੱਲ ਕਹੀ ਹੈ।

ਅਮਿਤ ਸ਼ਾਹ ਕੱਲ੍ਹ ਪੁਲਸ ਯਾਦਗਾਰੀ ਦਿਵਸ ਮੌਕੇ ਅਰਥ ਫੌਜੀ ਬਲਾਂ ਤੇ ਪੁਲਸ ਮੁਲਾਜ਼ਮਾਂ ਨੂੰ ਸੰਬੋਧਨ ਕਰ ਰਹੇ ਸਨ। ਉਨ੍ਹਾਂ ਨੇ ਪੁਲਸ ਮੁਲਾਜ਼ਮਾਂ ਉਤੇ ਕੰਮਕਾਜ ਦੇ ਮੌਜੂਦਾ ਬੋਝ ਨੂੰ ਘੱਟ ਕਰਨ ਦੀ ਲੋੜ ਦੱਸੀ ਤੇ ਕਿਹਾ ਕਿ ਭਾਰਤ ਦੇ ਦੁਨੀਆ ਦੀ ਮਹਾਸ਼ਕਤੀ ਬਣਨ ਦੇ ਪੜਾਅ ਤੱਕ ਪਹੁੰਚਣ 'ਚ ਪੁਲਸ ਮੁਲਾਜ਼ਮਾਂ ਦਾ ਅਹਿਮ ਯੋਗਦਾਨ ਹੈ। ਅਮਿਤ ਸ਼ਾਹ ਨੇ ਪੁਲਸ ਮੁਲਾਜ਼ਮਾਂ 'ਤੇ ਕੰਮ ਦੇ ਬੋਝ ਦਾ ਜ਼ਿਕਰ ਕਰਦਿਆਂ ਕਿਹਾ ਕਿ ਮੌਜੂਦਾ ਸਮੇਂ 'ਚ ਇੱਕ ਲੱਖ ਦੀ ਗਿਣਤੀ 'ਤੇ ਸਿਰਫ 144 ਪੁਲਸ ਮੁਲਾਜ਼ਮ ਕੰਮ ਕਰ ਰਹੇ ਹਨ, ਜਦ ਕਿ ਇਨ੍ਹਾਂ ਦੀ ਗਿਣਤੀ 222 ਹੋਣੀ ਚਾਹੀਦੀ ਹੈ। ਇਹੋ ਕਾਰਨ ਹੈ ਕਿ 90 ਫੀਸਦੀ ਪੁਲਸ ਮੁਲਾਜ਼ਮਾਂ ਨੂੰ ਰੋਜ਼ 12 ਘੰਟਾ ਤੋਂ ਵੱਧ ਸਮੇਂ ਤੱਕ ਕੰਮ ਕਰਨਾ ਪੈਂਦਾ ਹੈ ਤੇ ਦੋ ਤਿਹਾਈ ਤੋਂ ਵੱਧ ਪੁਲਸ ਮੁਲਾਜ਼ਮ ਅਜਿਹੇ ਹਨ, ਜਿਨ੍ਹਾਂ ਨੂੰ ਹਫਤਾਵਾਰੀ ਛੁੱਟੀ ਤੱਕ ਨਹੀਂ ਮਿਲਦੀ। ਉਨ੍ਹਾਂ ਭਰੋਸਾ ਦਿੱਤਾ ਕਿ ਸਰਕਾਰ ਉਨ੍ਹਾਂ ਦੀਆਂ ਸਮੱਸਿਆਵਾਂ ਨੂੰ ਦੂਰ ਕਰਨ ਦੇ ਯਤਨ ਕਰ ਰਹੀ ਹੈ ਤੇ ਪੜਾਅ ਵਾਰ ਤਰੀਕੇ ਨਾਲ ਇਸ ਨੂੰ ਦੂਰ ਕੀਤਾ ਜਾਵੇਗਾ। ਉਨ੍ਹਾਂ ਕਿਹਾ ਕਿ ਪੁਲਸ ਮੁਲਾਜ਼ਮਾਂ ਨੂੰ ਹਫਤਾਵਾਰੀ ਛੁੱਟੀ ਅਤੇ ਕੰਮ ਕਰਨ ਦੇ ਘੰਟੇ ਵੀ ਤੈਅ ਕਰਨੇ ਜ਼ਰੂਰੀ ਕੀਤੇ ਜਾਣਗੇ।

ਅੰਦਰੂਨੀ ਸੁਰੱਖਿਆ ਯਕੀਨੀ ਬਣਾਉਣ 'ਚ ਪੁਲਸ ਮੁਲਾਜ਼ਮਾਂ ਦੇ ਯੋਗਦਾਨ ਦਾ ਜ਼ਿਕਰ ਕਰਦਿਆਂ ਅਮਿਤ ਸ਼ਾਹ ਨੇ ਕਿਹਾ ਕਿ ਆਜ਼ਾਦੀ ਤੋਂ ਬਾਅਦ ਅੱਜ ਤੱਕ ਡਿਊਟੀ ਨਿਭਾਉਂਦੇ ਹੋਏ 35 ਹਜ਼ਾਰ ਤੋਂ ਵੱਧ ਪੁਲਸ ਵਾਲੇ ਜਾਨਾਂ ਵਾਰ ਚੁੱਕੇ ਹਨ। ਉਨ੍ਹਾਂ ਕਿਹਾ ਕਿ ਆਮ ਤੌਰ 'ਤੇ ਪੁਲਸ ਦਾ ਕੰਮ ਹੋਰ ਸਰਕਾਰੀ ਮੁਲਾਜ਼ਮਾਂ ਵਾਂਗ ਦਿੱਸਦਾ ਹੈ, ਪਰ ਅਸਲ 'ਚ ਅਜਿਹਾ ਨਹੀਂ ਹੈ। ਸਰੱਹਦਾਂ ਦੀ ਸੁਰੱਖਿਆ ਦਾ ਕੰਮ ਹੋਵੇ ਜਾਂ ਸੜਕ 'ਤੇ ਟ੍ਰੈਫਿਕ ਨਿਯਮ ਯਕੀਨੀ ਬਣਾਉਣਾ, ਡਰੱਗਸ ਤੇ ਹਵਾਲਾ ਕਾਰੋਬਾਰ ਨਾਲ ਦੇਸ਼ ਨੂੰ ਖਤਮ ਕਰਨ ਵਾਲੇ ਅਤੇ ਦੇਸ਼ ਦੀ ਨਵੀ ਪੀੜ੍ਹੀ ਨੂੰ ਖੋਖਲਾ ਕਰਨ ਵਾਲਿਆਂ ਖਿਲਾਫ ਲੜਾਈ ਹੋਵੇ, ਸਾਰੀ ਜ਼ਿੰਮੇਵਾਰੀ ਪੁਲਸ ਦੇ ਸਿਰ ਹੁੰਦੀ ਹੈ। ਦੇਸ਼ 'ਚ ਫਿਰਕੂ ਦੰਗਿਆਂ ਨੂੰ ਰੋਕਣ, ਪੂਰਬ ਉੱਤਰ ਦੇ ਅੱਤਵਾਦ ਨਕਸਲ ਪ੍ਰਭਾਵਿਤ ਖੇਤਰਾਂ 'ਚ ਸ਼ਾਂਤੀ ਤੇ ਵਿਕਾਸ ਯਕੀਨੀ ਬਣਾਉਣ 'ਚ ਵੀ ਪੁਲਸ ਅਹਿਮ ਭੂਮਿਕਾ ਨਿਭਾਅ ਰਹੀ ਹੈ।

# ਅਮਰੀਕੀ ਮਾਡਲ ਨਾਲ ਬਲਾਤਕਾਰ ਦੇ ਕੇਸ ਵਿੱਚ ਰੋਨਾਲਡੋ ਦਾ ਡੀ ਐੱਨ ਏ ਮੈਚ ਹੋ ਗਿਆ

ਨਵੀਂ ਦਿੱਲੀ, 22 ਅਕਤੂਬਰ (ਪੋਸਟ ਬਿਊਰੋ)- ਕ੍ਰਿਸਟੀਆਨੋ ਰੋਨਾਲਡੋ ਅਮਰੀਕੀ ਮਾਡਲ ਕੈਥਰੀਨ ਮਾਯੋਰਗਾ ਵੱਲੋਂ ਲਾਏ ਬਲਾਤਕਾਰ ਦੇ ਦੋਸ਼ਾਂ ਵਿੱਚ ਹੋਰ ਫਸਦਾ ਜਾਂਦਾ ਹੈ। ਕੈਥਰੀਨ ਨੇ ਪੁਲਸ ਨੂੰ ਦਿੱਤੀ ਸ਼ਿਕਾਇਤ ਵਿੱਚ ਜਿਹੜੇ ਸਬੂਤ ਦਿੱਤੇ ਹਨ, ਉਨ੍ਹਾਂ ਦਾ ਡੀ ਐਨ ਏ ਰੋਨਾਲਡੋ ਨਾਲ ਮੈਚ ਕਰ ਗਿਆ ਹੈ।

ਇਸ ਕੇਸ ਬਾਰੇ ਰੋਨਾਲਡੋ ਨੇ ਕਿਹਾ ਸੀ ਕਿ ਉਸ ਦੇ ਕੈਥਰੀਨ ਨਾਲ ਸੰਬੰਧ ਆਪਸੀ ਸਹਿਮਤੀ ਨਾਲ ਬਣੇ ਸਨ, ਪਰ ਕੈਥਰੀਨ ਦਾ ਕਹਿਣਾ ਸੀ ਕਿ ਉਸ ਨੇ ਕਈ ਵਾਰ ਰੋਨਾਲਡੋ ਨੂੰ ਰੋਕਿਆ ਸੀ, ਪਰ ਉਹ ਨਹੀਂ ਰੁਕਿਆ। ਦਰਅਸਲ 10 ਸਾਲ ਪਹਿਲਾਂ ਕੈਥਰੀਨ ਰੇਨ ਨਾਈਟ ਕਲੱਬ ਵਿੱਚ ਕੰਮ ਕਰਿਆ ਕਰਦੀ ਸੀ। ਉਸ ਦੀ ਰੋਨਾਲਡੋ ਨਾਲ ਪਹਿਲੀ ਮੁਲਾਕਾਤ ਪਾਲਮਰਸ ਕੈਸੀਨੋ ਰਿਜ਼ਾਰਟ ਦੇ ਵੀ ਆਈ ਪੀ ਏਰੀਆ ਵਿੱਚ ਹੋਈ ਸੀ। ਇਸ ਤੋਂ ਬਾਅਦ ਰੋਨਾਲਡੋ ਨੇ ਉਸ ਨੂੰ ਦੋਸਤਾਂ ਦੇ ਨਾਲ ਕਮਰੇ ਵਿੱਚ ਬੁਲਾਇਆ। ਰੋਨਾਲਡੋ ਇਥੇ ਹੌਟ ਟਬ ਵਿੱਚ ਬੈਠਾ ਸੀ। ਉਸ ਨੇ ਕੈਥਰੀਨ ਨੂੰ ਵੀ ਆਉਣ ਨੂੰ ਕਿਹਾ। ਕੈਥਰੀਨ ਨੇ ਮਨ੍ਹਾ ਕੀਤਾ ਤਾਂ ਰੋਨਾਲਡੋ ਨੇ ਕਿਹਾ ਕਿ ਅੰਦਰ ਕਮਰੇ ਵਿੱਚ ਹੋਰ ਕੱਪੜੇ ਹਨ, ਲੈ ਲਓ। ਕੈਥਰੀਨ ਦਾ ਦੋਸ਼ ਸੀ ਕਿ ਜਦੋਂ ਉਹ ਕਮਰੇ ਵਿੱਚ ਆਈ, ਰੋਨਾਲਡੋ ਵੀ ਆ ਗਿਆ। ਉਸ ਨੇ ਮਨ੍ਹਾ ਕਰਨ ਦੇ ਬਾਵਜੂਦ ਜ਼ਬਰਦਸਤੀ ਕੀਤੀ।

# ਸਿਆਚਿਨ ਦੇ ਮੋਰਚੇ ਵਾਲਾ ਥਾਂ ਸੈਲਾਨੀਆਂ ਲਈ ਖੋਲ੍ਹਿਆ

ਲਦਾਖ, 22 ਅਕਤੂਬਰ (ਪੋਸਟ ਬਿਊਰੋ)- ਕੇਂਦਰੀ ਰੱਖਿਆ ਮੰਤਰੀ ਰਾਜਨਾਥ ਸਿੰਘ ਕੱਲ੍ਹ ਲਦਾਖ ਪੁੱਜੇ ਅਤੇ ਇਸ ਮੌਕੇ ਪਾਕਿਸਤਾਨ ਨੂੰ ਸੰਦੇਸ਼ ਦਿੰਦੇ ਹੋਏ ਕਿਹਾ ਕਿ ਕਸ਼ਮੀਰ ਭਾਰਤ ਦਾ ਅੰਦਰੂਨੀ ਮਾਮਲਾ ਹੈ। ਉਨ੍ਹਾਂ ਨੇ ਚੀਨ ਦੇ ਰਾਸ਼ਟਰਪਤੀ ਸ਼ੀ ਜਿਨਪਿੰਗ ਦੀ ਭਾਰਤ ਯਾਤਰਾ ਦਾ ਜ਼ਿਕਰ ਕਰਦੇ ਹੋਏ ਕਿਹਾ ਕਿ ਜਿਨਪਿੰਗ ਨੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨਾਲ ਕਸ਼ਮੀਰ ਮੁੱਦੇ 'ਤੇ ਕੋਈ ਗੱਲਬਾਤ ਨਹੀਂ ਕੀਤੀ। ਉਨ੍ਹਾਂ ਕਿਹਾ ਕਿ ਭਾਰਤ ਦਾ ਚੀਨ ਨਾਲ ਸਦਭਾਵਨਾ ਵਾਲਾ ਰਿਸ਼ਤਾ ਹੈ। ਦੋਵਾਂ ਦੇਸ਼ਾਂ ਵਿਚਾਲੇ ਸਰਹੱਦ ਬਾਰੇ ਕੁਝ ਮਤਭੇਦ ਜ਼ਰੂਰ ਹਨ, ਪਰ ਇਸ ਨੂੰ ਜ਼ਿੰਮੇਵਾਰੀ ਅਤੇ ਪਰਿਪੱਕਤਾ ਨਾਲ ਸੰਭਾਲਿਆ ਗਿਆ ਹੈ। ਦੋਵਾਂ ਦੇਸ਼ਾਂ ਨੇ ਇਸ ਸਥਿਤੀ ਨੂੰ ਵਧਣ ਜਾਂ ਕਾਬੂ ਤੋਂ ਬਾਹਰ ਨਹੀਂ ਜਾਣ ਦਿੱਤਾ। ਉਨ੍ਹਾਂ ਨੇ ਕਿਹਾ ਇਸ ਸਭ ਕੁਝ ਦੇ ਬਾਵਜੂਦ ਭਾਰਤ ਚੀਨ ਨਾਲ ਸੁਹਿਰਦ ਰਿਸ਼ਤੇ ਸਾਂਝੇ ਕਰ ਰਿਹਾ ਹੈ।

ਇਸ ਦੌਰਾਨ ਲਦਾਖ ਨੂੰ ਕੇਂਦਰੀ ਸ਼ਾਸ਼ਿਤ ਪ੍ਰਦੇਸ਼ ਬਣਾਉਣ ਤੋਂ ਬਾਅਦ ਇੱਥੇ ਸੈਲਾਨੀ ਵਧਾਉਣ ਦੇ ਉਦੇਸ਼ ਨਾਲ ਵੱਡਾ ਫੈਸਲਾ ਲੈਂਦੇ ਹੋਏ ਦੁਨੀਆ ਦੇ ਸਭ ਤੋਂ ਉਚੇ ਯੁੱਧ ਖੇਤਰ ਸਿਆਚਿਨ ਨੂੰ ਸੈਲਾਨੀਆਂ ਲਈ ਖੋਲ੍ਹ ਦਿੱਤਾ ਗਿਆ। ਇਹ ਪਹਿਲਾ ਮੌਕਾ ਹੈ ਕਿ ਭਾਰਤ ਅਤੇ ਪਾਕਿਸਤਾਨ ਵਿਚਾਲੇ ਟਕਰਾਅ ਦਾ ਕੇਂਦਰ ਰਹੇ ਇਸ ਔਖੇ, ਬਰਫ ਨਾਲ ਢੱਕੇ ਰਹਿਣ ਵਾਲੇ ਤੇ ਸਮਾਰਕ ਪੱਖੋਂ ਮਹੱਤਵ ਪੂਰਨ ਖੇਤਰ ਨੂੰ ਸੈਲਾਨੀਆਂ ਲਈ ਖੋਲ੍ਹਿਆ ਗਿਆ ਹੈ। ਰੱਖਿਆ ਮੰਤਰੀ ਰਾਜਨਾਥ ਸਿੰਘ ਨੇ ਕੱਲ੍ਹ ਪੂਰਬੀ ਲਦਾਖ ਵਿੱਚ ਸ਼ਯੋਕ ਨਦੀ 'ਤੇ ਬਣਾਏ ਗਏ ਕਰਨਲ ਚੇਵਾਂਗ ਰਿਨੇਚੇਨ ਪੁਲ ਨੂੰ ਰਾਸ਼ਟਰ ਨੂੰ ਸਮਰਪਿਤ ਕੀਤੇ ਜਾਣ ਤੋਂ ਬਾਅਦ ਇਹ ਐਲਾਨ ਕੀਤਾ। ਉਨ੍ਹਾਂ ਨੇ ਕਿਹਾ ਕਿ ਇਹ ਪੁਲ ਰਿਕਾਰਡ ਸਮੇਂ ਵਿੱਚ ਤਿਆਰ ਕੀਤਾ ਗਿਆ ਹੈ ਅਤੇ ਇਸ ਨਾਲ ਖੇਤਰ ਦੇ ਲੋਕ ਹਰ ਮੌਸਮ ਵਿੱਚ ਇਸ ਖੇਤਰ ਵਿੱਚ ਆ ਜਾ ਸਕਣਗੇ।

# ਸ਼ੇਰ ਦੇ ਪਿੰਜਰੇ ਵਿੱਚ ਦਾਖਲ ਹੋਇਆ ਆਦਮੀ ਸੁਰੱਖਿਅਤ ਕੱਢਿਆ

ਨਵੀਂ ਦਿੱਲੀ, 22 ਅਕਤੂਬਰ (ਪੋਸਟ ਬਿਊਰੋ)- ਦਿੱਲੀ ਦੇ ਚਿੜੀਆਘਰ 'ਚ ਕੱਲ੍ਹ ਇੱਕ ਆਦਮੀ ਸ਼ੇਰ ਦੇ ਵੱਡੇ ਪਿੰਜਰੇ 'ਚ ਚਲਾ ਗਿਆ। ਚਿੜੀਆਘਰ ਦੇ ਸਟਾਫ ਨੇ ਸ਼ੇਰ ਨੂੰ ਬੇਹੋਸ਼ ਕਰ ਕੇ ਆਦਮੀ ਨੂੰ ਬਚਾ ਲਿਆ। ਜਾਣਕਾਰ ਸੂਤਰਾਂ ਮੁਤਾਬਕ ਇਹ ਘਟਨਾ ਦੁਪਹਿਰ ਬਾਅਦ ਹੋਈ। ਆਦਮੀ ਨੂੰ ਸ਼ੇਰ ਦੇ ਸਾਹਮਣੇ ਛਾਲ ਮਾਰਦੇ ਹੋਏ ਦੇਖ ਕੇ ਚਿੜੀਆਘਰ ਵਿੱਚ ਚੀਕ-ਚਿਹਾੜਾ ਪੈ ਗਿਆ। ਇਸ ਤੋਂ ਪਹਿਲਾਂ ਕਿ ਉਥੇ ਮੌਜੂਦ ਲੋਕ ਉਸ ਨੂੰ ਰੋਕ ਸਕਦੇ, ਉਹ ਵਿਅਕਤੀ ਅੰਦਰ ਦਾਖਲ ਹੋ ਗਿਆ ਅਤੇ ਸਿੱਧੇ ਸ਼ੇਰ ਦੇ ਸਾਹਮਣੇ ਜਾ ਕੇ ਬੈਠ ਗਿਆ। ਹੈਰਾਨ ਕਰਨ ਵਾਲੀ ਗੱਲ ਇਹ ਹੈ ਕਿ ਨੌਜਵਾਨ ਸ਼ੇਰ ਦੇ ਸਾਹਮਣੇ ਬੈਠਾ ਰਿਹਾ, ਪਰ ਸ਼ੇਰ ਨੇ ਉਸ ਨੂੰ ਕੁਝ ਨਹੀਂ ਕਿਹਾ।

ਬਿਹਾਰ ਦੇ ਚੰਪਾਰਨ ਜ਼ਿਲੇ ਦਾ ਮੂਲ ਵਾਸੀ ਰੇਹਾਨ ਖਾਨ ਨਸ਼ੇ ਵਿੱਚ ਸੀ, ਜਿਸ ਨੂੰ ਚਿੜੀਆਘਰ ਦੇ ਸਟਾਫ ਨੇ ਫੜ ਕੇ ਪੁਲਸ ਨੂੰ ਸੌਂਪ ਦਿੱਤਾ। ਪੁਲਸ ਨੇ ਕਿਹਾ ਕਿ ਰੇਹਾਨ ਨੂੰ ਕੋਈ ਸੱਟ-ਚੋਟ ਨਹੀਂ ਲੱਗੀ ਤੇ ਇਸ ਤਰ੍ਹਾਂ ਲੱਗਦਾ ਹੈ ਕਿ ਉਸ ਦੀ ਮਾਨਸਿਕ ਸਥਿਤੀ ਠੀਕ ਨਹੀਂ। ਅਧਿਕਾਰੀਆਂ ਦਾ ਕਹਿਣਾ ਹੈ ਕਿ ਰੇਹਾਨ ਨੂੰ ਗਾਰਡ ਨੇ ਰੋਕਣ ਦੀ ਕੋਸ਼ਿਸ਼ ਕੀਤੀ, ਪਰ ਉਹ ਸ਼ੇਰ ਦੇ ਪਿੰਜਰੇ ਵਿੱਚ ਦਾਖਲ ਹੋ ਗਿਆ।


## ਪੀਜ਼ਾ-ਪੀਜ਼ਾ ਦੀ ਫਰੈਂਚਾਇਜ਼ ਵਿਕਾਊ

ਬਿਜ਼ਨਸ CNE ਟਰਾਂਟੋ ਨੇੜੇ, ਬਹੁਤ ਵਧੀਆ ਲੋਕੇਸ਼ਨ, ਵਧੀਆ ਸੇਲ, ਬਹੁਤ ਘੱਟ ਰੈਂਟ ਤੇ ਇਹ ਲੋਕੇਸ਼ਨ ਪਿਛਲੇ 30 ਸਾਲਾਂ ਤੋ ਚੱਲ ਰਹੀ ਹੈ।
ਸਿਰਫ ਸਿਰੀਅਸ ਇੰਨਕਾਰੀ ਵਾਲੇ ਹੀ ਕਾਲ ਕਰਨ, ਰੀਅਲ ਏਸਟੇਟ ਵਾਲੇ ਵੀਰ ਕਾਲ ਨਾ ਕਰਨ

647-868-0954






Matrimonial
ਰਿਸ਼ਤੇ ਹੀ ਰਿਸ਼ਤੇ

Starting at just $10
ਵਿਆਹ ਸ਼ਾਦੀ ਦਾ ਇਸ਼ਤਿਹਾਰ ਦੇਣ ਲਈ
ਕਾਲ ਕਰੋ: 905-793-2202


## ਲੜਕੀ ਦੀ ਲੋੜ

ਕੈਨੇਡਾ ਵਿਚ ਵੈੱਲ ਸੈਟਲਡ, ਵਿੰਨੀਪੈਗ ਰਹਿ ਰਹੇ ਕੈਨੇਡਾ ਤੋਂ ਐਮਬੀਏ ਦੀ ਡਿਗਰੀ ਪ੍ਰਾਪਤ ਗੁਲਾਟੀ ਪਰਿਵਾਰ ਦੇ 29 ਸਾਲਾ ਲੜਕੇ, ਕੱਦ 6 ਫੁੱਟ 3 ਇੰਚ ਲਈ ਲੰਮੀਂ ਉੱਚੀ ਤੇ ਪੜ੍ਹੀ ਲਿਖੀ ਯੋਗ ਕੰਨਿਆ ਦੀ ਜ਼ਰੂਰਤ ਹੈ। ਤਰਨਤਾਰਨ ਵਿੱਚ ਪਰਿਵਾਰ ਦਾ ਜਿਊਲਰੀ ਦਾ ਕਾਰੋਬਾਰ ਹੈ। ਚਾਹਵਾਨ ਸੱਜਣ ਇਨ੍ਹਾਂ ਨੰਬਰਾਂ ਉੱਤੇ ਸੰਪਰਕ ਕਰ ਸਕਦੇ ਹਨ-9815908662, 9815032106,416-817-4684.

ਜੱਟ ਸਿੱਖ ਧਨੋਆ ਲੜਕਾ, ਉਮਰ 27 ਸਾਲ ਕੱਦ 5'11'' ਮਿਕੈਨੀਕਲ ਇੰਜਨੀਅਰ ਅੰਮ੍ਰਿਤਧਾਰੀ ਵਿਜ਼ਿਟਰ ਵੀਜ਼ੇ ਉਤੇ ਆਏ, ਲਈ PR/Citizen/Student ਲੜਕੀ ਦੀ ਲੋੜ ਹੈ। ਲੜਕਾ ਆਪਣੇ ਮਾਮਾ-ਮਾਮੀ ਕੋਲ ਰਹਿ ਰਿਹਾ ਹੈ। ਤਲਾਕਸੁਦਾ ਉਤੇ ਵੀ ਗੌਰ ਕੀਤੀ ਜਾ ਸਕਦੀ ਹੈ। (Student ਦਾ ਖਰਚਾ ਵੀ ਕਰ ਸਕਦੇ ਹਾਂ) ਲੜਕੇ ਦਾ ਭਰਾ ਆਸਟ੍ਰੇਲੀਆ ਰਹਿ ਰਿਹਾ ਹੈ। ਸੰਪਰਕ: 416-708-4100

ਕੈਨੇਡੀਅਨ ਇਮੀਗ੍ਰੈਂਟ ਕੰਬੋਜ ਸਿੱਖ (ਚਤਰਥ) ਲੜਕਾ ਉਮਰ 32 ਸਾਲ 5'8'' ਸੋਹਣਾ ਸੁਨੱਖਾ, ਲਈ ਪੜ੍ਹੀ ਲਿਖੀ ਕੈਨੇਡਾ ਰਹਿੰਦੀ ਲੜਕੀ ਦੀ ਲੋੜ ਹੈ। ਮੁੰਡੇ ਦਾ ਸਾਰਾ ਪਰਿਵਾਰ ਕੈਨੇਡਾ ਸੈਟਲਡ ਹੈ। ਸੰਪਰਕ: 780-297-7375

ਜੱਟ ਸਿੱਖ ਲੜਕਾ, ਉਮਰ 28 ਸਾਲ, ਕੱਦ 5'10'', Dentist, MBA ਆਸਟਰੇਲੀਆ ਵਿੱਚ ਵੱਰਕ ਪਰਮਿਟ ਤੇ ਰਹਿੰਦੇ ਲੜਕੇ ਲਈ ਵਧੀਆ ਪੜ੍ਹੀ-ਲਿਖੀ ਲੜਕੀ ਦੀ ਲੋੜ ਹੈ। ਵਧੇਰੀ ਜਾਣਕਾਰੀ ਲਈ ਸੰਪਰਕ ਕਰੋ : 647-280-6503 । +91-98142-02918 (Whatsapp)

Seeking a suitable match for their son, never married, 43 years, 6' tall, fair, Ramdasia Gursikh, Amritdhari, Canadian citizen. Father class 1 retied officer and well settled family. Serious queries please respond on email sukhi_cancer@yahoo.com or call 416-721-5191 or 647-308-4411(contact after 5 pm)

## ਲੜਕੀ ਦੀ ਲੋੜ

ਸਿੱਖ ਲੜਕਾ, ਉਮਰ 25 ਸਾਲ, ਕਦ 5'8'', ਕੈਨੇਡਾ ਵਿੱਚ ਵਿਜੀਟਰ ਵੀਜਾ ਤੇ ਆਇਆ, ਪਤਨੀ Student Visa ਤੇ ਕੈਨੇਡਾ ਆਈ ਸੀ ਪਰ ਅਚਾਨਕ ਉਨ੍ਹਾਂ ਦੀ Death ਹੋ ਗਈ। ਲੜਕੇ ਦਾ 6 ਮਹੀਨੇ ਦਾ ਬੱਚਾ ਹੈ। ਬੱਚਾ ਆਪਣੇ ਦਾਦਾ/ਦਾਦੀ ਦੇ ਕੋਲ ਹੀ ਰਹੇਗਾ। ਇੰਡੀਆ ਵਿੱਚ ਚੰਗਾ ਕਾਰੋਬਾਰ ਹੈ। ਵਧੇਰੀ ਜਾਣਕਾਰੀ ਲਈ ਕਾਲ ਕਰੋ: 416-558-4400 ਜਾਂ 647-335-5000

ਜੱਟ ਸਿੱਖ ਲੜਕਾ, ਉਮਰ 31 ਸਾਲ, ਕੱਦ 5'-11'', ਨਸ਼ਾ ਰਹਿਤ, ਪੰਜਾਬ ਵਿੱਚ 15 ਕਿਲ੍ਹੇ ਜ਼ਮੀਨ ਦਾ ਮਾਲਕ, ਚੰਗੀ ਜੋਬ, ਲੜਕੇ ਦਾ ਭਰਾ ਕੈਨੇਡਾ ਵਿੱਚ Settled ਹੈ। ਕੈਨੇਡਾ ਵਿੱਚ ਵਰਕ ਪਰਮਿਟ ਤੇ ਰਹਿ ਰਿਹਾ, Divorcee ਵਾਸਤੇ ਤਲਾਕਸ਼ੁਦਾ ਲੜਕੀ ਦੀ ਲੋੜ ਹੈ। ਬੱਚੇ ਵਾਲੇ ਵੀ ਸੰਪਰਕ ਕਰ ਸਕਦੇ ਹਨ, Student ਤੇ ਵੀ ਗੋਰ ਕੀਤੀ ਜਾ ਸਕਦੀ ਹੈ। ਕਾਲ ਕਰੋ: 416-937-1934

Well settled Mair Rajput family in GTA looking for beautiful, tall, educated, preferably post graduate girl from a educated family for well-established handsome, vegetarian Canadian boy, 28 Yrs. / 5'-11", BBA & PG Dip. Mktg. running own business in GTA. Father & Mother doctors, having their own clinic & house in Brampton. Email Bio-data with Photograph at: vermaintoronto@gmail.com

Match for Handsome, Teetotaller, Punjabi Hindu Khatri/Sood boy 44/5'11''(Divorced), Looks Younger, Fair, well settled, Canadian Citizen (India born), Engineer, MBA, CAIB. Own house in Canada/India. Caste no Bar.Father retired officer and mother h/maker. Looking for unmarried, well mannered understand family values. Cell/whatsapp: 647-572-3089


Check our Free E-paper at: www.canadianpunjabipost.ca
ਕੈਨੇਡੀਅਨ ਪੰਜਾਬੀ ਪੋਸਟ Award winning news paper | Canadian Punjabi Post
ਕਿਸੇ ਵੀ ਤਰ੍ਹਾਂ ਦੀ ਐਡ ਦੇਣ ਲਈ ਕਾਲ ਕਰੋ: 905-793-2202


## ਲੜਕੇ ਦੀ ਲੋੜ

Seeking a suitable match for Canadian born punjabi tonk kshatriya girl, 35 yrs old, 5'3", educated in accounting. Boy should be vegetarian and educated. No caste bar. Please send complete biodata and pictures at: canadian.alliance@yahoo.ca

ਜੱਟ ਸਿੱਖ ਲੱੜਕੀ, ਉਮਰ 28 ਸਾਲ, ਕੱਦ 5'-3'', ਬੀ.ਡੀ.ਐਸ (ਡੈਨਟਿਸਟ), ਅਮੈਰਿਕਨ ਸਿਟੀਜ਼ਨ, ਵਧੀਆ ਜੋਬ ਕਰਦੀ ਲੜਕੀ ਲਈ ਖਾਨਦਾਨੀ ਕੈਨੇਡੀਅਨ ਜਾਂ ਅਮੈਰਿਕਨ ਪੜ੍ਹੇ-ਲਿਖੇ ਸਿਟੀਜ਼ਨ ਲੜਕੇ ਦੀ ਲੋੜ ਹੈ। ਵਧੇਰੀ ਜਾਣਕਾਰੀ ਲਈ ਸੰਪਰਕ ਕਰੋ: 847-845-4866, 847-845-6195

ਰਸੂਖ਼ਦਾਰ ਪੰਜਾਬੀ ਖੱਤਰੀ ਪਰਿਵਾਰ ਦੀ ਖ਼ੂਬਸੂਰਤ ਤੇ ਚੰਗੀ ਪੜ੍ਹੀ ਲਿਖੀ ਲੜਕੀ ਲਈ ਵੈੱਲਸੈਟਲਡ ਤੇ ਯੋਗ ਵਰ ਦੀ ਭਾਲ ਹੈ। ਲੜਕੀ ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਤੋਂ ਜੀਆਈਐਸ ਐਂਡ ਰਿਮੋਟ ਸੈਂਸਿੰਗ ਵਿੱਚ ਪੋਸਟ ਗ੍ਰੈਜੂਏਟ ਹੈ। ਲੜਕੀ ਦੀ ਉਮਰ 29 ਸਾਲ, ਕੱਦ 5 ਫੁੱਟ 1 ਇੰਚ ਹੈ। ਲੜਕੀ ਸੁਸ਼ੀਲ ਤੇ ਪਰਿਵਾਰਪੱਖੀ ਸੋਚ ਰੱਖਣ ਵਾਲੀ ਹੈ। ਲੜਕੀ ਭਾਰਤ ਦੀ ਨਾਗਰਿਕ ਹੈ ਤੇ ਇਸ ਸਮੇਂ ਭਾਰਤ ਵਿੱਚ ਹੀ ਹੈ। ਭਰਾ ਦਾ ਪਰਿਵਾਰ ਸਥਾਈ ਤੌਰ ਉੱਤੇ ਟੋਰਾਂਟੋ ਸੈਟਲਡ ਹੈ। ਇਸ ਸਮੇਂ ਪਿਤਾ ਟੋਰਾਂਟੋ ਵਿੱਚ ਹਨ। ਸੰਪਰਕ : 416-890-2725 (ਪਿਤਾ), 416-457-8631 (ਭਰਾ), email- mthapar21@gmail.com

ਜੱਟ ਸਿੱਖ ਸੁੰਦਰ ਲੜਕੀ, 1985 Born, ਕੱਦ 5'-3'', ਵਿਜ਼ਟਰ ਵਿਜ਼ੇ ਤੇ ਆਈ ਲੜਕੀ ਲਈ Canadian P.R ਜਾਂ ਸਿਟੀਜ਼ਨ ਲੜਕੇ ਦੀ ਲੋੜ ਹੈ। ਸੰਪਰਕ ਕਰੋ: 647-456-1772, 313-303-4406

ਨਾਈ ਸਿੱਖ ਲੜਕੀਆਂ ਉਮਰ 27 ਸਾਲ, 5'-7", ਸੁੰਦਰ ਪਰਿਵਾਰਕ, ਕੈਨੇਡਾ ਵਰਕ ਪਰਮਿਟ ਅਤੇ ਦੂਜੀ ਲੜਕੀ ਉਮਰ 29 ਸਾਲ,5'-2.5", ਕੈਨੇਡਾ ਲਈ ਕੈਨੇਡੀਅਨ, ਖਾਨਦਾਨੀ ਪਰਿਵਾਰਾਂ ਲਈ ਸੁੱਧ ਵੈਸ਼ਨੂੰ ਲੜਕਿਆਂ ਦੀ ਲੋੜ ਹੈ। ਭਰਾ ਵਿਆਹਿਆ ਕੈਨੇਡੀਅਨ +1-204-914-8700 ਜਾਂ +91-94176-78050 ਜਾਂ sukhdevmc@gmail.com

## ਲੜਕੇ ਦੀ ਲੋੜ

ਕੈਨੇਡਾ ਦੀ ਪੀ.ਆਰ. ਅਤੇ ਇੱਥੇ ਆਈ.ਟੀ. ਖ਼ੇਤਰ ਵਿਚ ਨੌਕਰੀ ਕਰ ਰਹੀ 28 ਸਾਲਾ 5 ਫੁੱਟ 3 ਇੰਚ ਸਿੱਖ ਰਾਮਦਾਸੀਏ ਜੁਲਾਹੇ ਪਰਿਵਾਰ ਨਾਲ ਸਬੰਧਿਤ ਲੜਕੀ ਲਈ ਪੀ.ਆਰ./ਸਿਟੀਜ਼ਨ ਦਸਤਾਰਧਾਰੀ ਗੁਰਸਿੱਖ ਲੜਕੇ ਦੀ ਜ਼ਰੂਰਤ ਹੈ। ਲੜਕੀ ਦੇ ਮਾਤਾ-ਪਿਤਾ ਦੋਵੇਂ ਹੀ ਗਜ਼ਟਿਡ ਅਫ਼ਸਰ ਹਨ ਅਤੇ ਉਹ ਪੰਜਾਬ ਵਿਚ ਨੌਕਰੀ ਕਰਦੇ ਹਨ। ਟੋਰਾਂਟੋ ਏਰੀਏ ਵਿਚ ਵੱਸਦੇ ਆਈ.ਟੀ. ਖ਼ੇਤਰ ਨਾਲ ਸਬੰਧਿਤ/ਵਕੀਲ/ਸੀ.ਏ./ਬੈਂਕ ਅਫ਼ਸਰ ਨੂੰ ਪਹਿਲ ਦਿੱਤੀ ਜਾਏਗੀ।
ਇਸ ਸਬੰਧੀ 91-95010-29128 ਜਾਂ
91-95010-29129 Whatsapp ਨੰਬਰਾਂ 'ਤੇ ਸੰਪਰਕ ਕੀਤਾ ਜਾ ਸਕਦਾ ਹੈ।

ਜੱਟ ਸਿੱਖ ਸਰਾਂ, ਉਮਰ 32 ਸਾਲ, ਕੱਦ 6'' ਫੁੱਟ, **Canadian P.R** ਲੜਕੇ ਲਈ ਲੜਕੀ ਦੀ ਲੋੜ ਜਿਹੜੀ **Visitor/Nanny** ਜਾਂ ਫਿਰ **Student** ਹੋਵੇ ਅਤੇ ਉਮਰ 26 ਸਾਲ, ਜਾਂ ਉਸ ਤੋਂ ਉੱਪਰ ਹੋਵੇ। ਸੰਪਰਕ ਕਰੋ: 289-489-9321 ।


ਜੱਟ ਸਿੱਖ ਬੈਨੀਪਾਲ ਲੜਕੀ, ਉੱਮਰ 23 ਸਾਲ, ਯੋਗਤਾ ਬੀ ਐਸ ਸੀ ਨਰਸਿੰਗ, ਵਰਕ ਪਰਮਿਟ ਤੇ' ਰਹਿ ਰਹੀ ਅਤੇ ਬੇਲ ਕੰਪਨੀ ਵਿੰਨ ਨੌਕਰੀ ਕਰਦੀ ਲੜਕੀ ਲਈ ਲੜਕੇ ਦੀ ਲੋੜ ਹੈ। ਉਹੀ ਸੰਪਰਕ ਕਰਨ ਜੋ ਲੜਕੀ ਦੇ ਇੰਡੀਆ ਰਹਿੰਦੇ ਭਰਾ ਜਿਸਦੀ ਉੱਮਰ 26 ਸਾਲ, ਬੀ ਏ ਪਾਸ ਦਾ ਕੈਨੇਡਾ ਰਿਸ਼ਤਾ ਕਰਵਾ ਸਕਣ। ਕਾਲ ਕਰੋ: 647-544-3435

25 ਸਾਲਾਂ ਲੜਕੀ, 5'3'', ਕੈਮੀਕਲ ਟੈਕਨੀਸ਼ਅਨ ਦਾ ਕੋਰਸ ਕੀਤਾ ਹੈ ਅਤੇ ਵਿਜ਼ੀਟਰ ਵੀਜੇ ਤੇ' ਕੈਨੇਡਾ ਹੈ ਲਈ ਵੈਸ਼ਨੂੰ ਪੀ ਆਰ ਜਾਂ ਸਿਟੀਜਨ ਲੜਕੇ ਦੀ ਲੋੜ ਹੈ। ਕਾਲ 647-687-6642 ਜਾਂ +91-99142-41710


ਕੈਨੇਡੀਅਨ ਪੰਜਾਬੀ ਪੋਸਟ Award winning news paper | Canadian Punjabi Post
ਕਿਸੇ ਵੀ ਤਰ੍ਹਾਂ ਦੀ ਐਡ ਦੇਣ ਲਈ ਕਾਲ ਕਰੋ: 905-793-2202



## UPPAL LAW



AVTAR UPPAL
Manager

IMMIGRATION SERVICES
- Visitor Visa
- Super Visa
- Study,Work,Visitor Extension Visa
- Spousal Applications
- Family Sponsorship
- Permanent Residence Card Renewal
- Citizenship Application
- All Invitation Letters

OTHER PRACTICES
- Criminal Law
- Family Law
- Power of Attorney
- Change of Name
- Notarization
- Travel Consent
- Affidavit
- Landlord and Tenant Matters



AMAN UPPAL
Barrister,Solicitor

FREE Consultation

Tel: 905-500-1507
351 Parkhurst Square, # 16,
Brampton,ON L6T 0C2, Fax: 905-672-7848
* PRIOR APPOINTMENT NECESSARY



## ਫੌਨਾਂ ਦੇ ਸਸਤੇ ਪਲਾਨ ਗਾਂਰੰਟਿਡ

ਸਸਤੇ ਫੋਨਾਂ ਦੇ ਪਲਾਨ, ਕਿ ਸੁਣ ਕੇ ਹੋ ਜਾਉਗੇ ਹੈਰਾਨ,
ਇਕ ਵਾਰੀ ਅਜਮਾਓ ਤੇ ਫਿਰ ਹੋਰਾਂ ਨੂੰ ਵੀ ਲਿਆਓਂ
15 ਸਾਲਾਂ ਤੋ ਇਕੋ ਨਾਮ-ਇਕੋ ਦੁਕਾਨ
(905)790-9999
2565 Steeles Ave. E, Brampton (Steeles/Torbram)



## STARLANE PAINTING

Residential • Commercial • Industrial
• Hotel • Motel • Exterior
• Interior • Spray Painting
• Office Painting • Drywall Fixing
ਘਰ ਹੋਵੇ ਜਾਂ ਹੋਵੇ ਦੁਕਾਨ ਅਸੀ ਵਧਾਈਏ ਰੰਗਾਂ ਨਾਲ ਉਸ ਦੀ ਸ਼ਾਨ
7 Days A Week
Call For FREE Estimate
ਹਰ ਤਰ੍ਹਾਂ ਦੀ ਵਧੀਆਂ ਪੇਟਿੰਗ ਲਈ 20 ਸਾਲਾਂ ਤੋ ਵੀ ਵੱਧ ਤਜਰਬੇਕਾਰ ਹਰਜੀਤ ਨੂੰ ਕਾਲ ਕਰੋ



ਹਰਜੀਤ ਧਨੋਆ
416.230.4000 • 647.409.1092
www.STARLANEPAINTING.com

# ਸੁਪਰੀਮ ਕੋਰਟ ਦਾ ਫੈਸਲਾ ਸੰਗਤਾਂ ਦੀਆਂ ਭਾਵਨਾਵਾਂ ਦੇ ਅਨੁਕੂਲ ਨਹੀਂ ਪਰ ਫਿਰ ਵੀ ਸਵਾਗਤ : ਸੰਤ ਸਰਵਣ ਦਾਸ

### ਸ੍ਰੀ ਗੁਰੂ ਰਵਿਦਾਸ ਜੀ ਦੇ ਇਤਿਹਾਸਕ ਤੀਰਥ ਅਸਥਾਨ ਮੰਦਰ ਤੁਗਲਕਾਬਾਦ ਮਾਮਲਾ




ਜਲੰਧਰ, 22 ਅਕਤੂਬਰ (ਗਿਆਨ ਸਿੰਘ): ਆਲ ਇੰਡੀਆ ਆਦਿ ਧਰਮ ਮਿਸ਼ਨ ਦੇ ਕੌਮੀ ਪ੍ਰਧਾਨ ਸੰਤ ਸਤਵਿੰਦਰ ਹੀਰਾ ਅਤੇ ਆਲ ਇੰਡੀਆ ਆਦਿ ਧਰਮ ਸਾਧੂ ਸਮਾਜ ਦੇ ਪ੍ਰਧਾਨ ਸੰਤ ਸਰਵਣ ਦਾਸ ਨੇ ਅੱਜ ਇੱਥੇ ਸਾਂਝੀ ਪ੍ਰੈਸ ਕਾਨਫਰੰਸ ਦੌਰਾਨ ਕਿਹਾ ਕਿ ਸ੍ਰੀ ਗੁਰੂ ਰਵਿਦਾਸ ਜੀ ਦੇ ਇਤਿਹਾਸਕ ਤੀਰਥ ਅਸਥਾਨ ਮੰਦਿਰ ਤੁਗਲਕਾਬਾਦ ਬਾਰੇ ਆਇਆ ਸੁਪਰੀਮ ਕੋਰਟ ਦਾ ਫੈਸਲਾ ਭਾਵੇਂ ਸੰਗਤਾਂ ਦੀਆਂ ਭਾਵਨਾਵਾਂ ਦੇ ਬਹੁਤਾ ਅਨੁਕੂਲ ਨਹੀਂ ਪ੍ਰੰਤੂ ਫਿਰ ਵੀ ਅਸੀਂ ਸਵਾਗਤ ਕਰਦੇ ਹਾਂ ਕਿਉਕਿ ਜਿਸ ਜਗ੍ਹਾ ਤੋਂ ਸਾਡਾ ਮੰਦਿਰ ਢਾਹਿਆ ਗਿਆ ਸੀ, ਉਸੇ ਸਥਾਨ ’ਤੇ ਮੰਦਿਰ ਮੁੜ ਉਸਾਰਨ ਦੇ ਨਾਲ ਪਵਿੱਤਰ ਤਲਾਬ ਅਤੇ ਮਹਾਂਪੁਰਖਾਂ ਦੀਆਂ ਸਮਾਧੀਆਂ ਦੀ ਥਾਂ ਵੀ ਸਾਡੇ ਸਮਾਜ ਨੂੰ ਦੇ ਦਿੱਤੀ ਗਈ ਹੈ। ਇਸ ਦੇ ਨਾਲ ਹੀ ਸਾਡੇ ਸੰਘਰਸ਼ ਦੀ ਸਭ ਤੋਂ ਵੱਡੀ ਜਿੱਤ ਇਹ ਹੈ ਕਿ 21 ਅਗਸਤ ਦੇ ਧਰਨੇ ਦੌਰਾਨ ਗ੍ਰਿਫਤਾਰ ਕੀਤੇ ਗਏ ਸਾਰੇ ਨੌਜਵਾਨਾਂ ਨੂੰ ਬਿਨਾਂ ਸ਼ਰਤ ਰਿਹਾਅ ਕਰਕੇ ਉਨ੍ਹਾਂ ਉੱਪਰ ਪਾਏ ਗਏ ਕੇਸ ਵੀ ਵਾਪਸ ਲੈ ਲਏ ਗਏ ਹਨ। ਇਹ ਸਾਰਾ ਕੁਝ ਸਮਾਜ ਦੇ ਏਕੇ ਕਾਰਨ ਹੀ ਹੋ ਸਕਿਆ ਹੈ। ਭਾਵੇਂ ਸੁਪਰੀਮ ਕੋਰਟ ਨੇ 16 ਮਰਲੇ ਜਗ੍ਹਾ ਹੀ ਮੰਦਿਰ ਨੂੰ ਦਿੱਤੀ ਹੈ ਪ੍ਰੰਤੂ ਬਾਕੀ ਉਸਨੇ ਸਰਕਾਰ ਤੇ ਛੱਡ ਦਿੱਤਾ ਹੈ। ਸੰਤ ਸਤਵਿੰਦਰ ਹੀਰਾ ਨੇ ਦਾਅਵਾ ਕੀਤਾ ਕਿ ਹੁਣ ਤੱਕ ਸਾਡੀ ਜੋ ਸਰਕਾਰੀ ਨੁਮਾਇੰਦਿਆਂ ਨਾਲ ਗੱਲਬਾਤ ਹੁੰਦੀ ਰਹੀ ਹੈ ਉਸ ਅਨੁਸਾਰ ਸਾਨੂੰ ਪੂਰਨ ਆਸ ਹੈ ਕਿ ਸਰਕਾਰ ਹੋਰ ਜ਼ਮੀਨ ਵੀ ਦੇ ਦੇਵੇਗੀ। ਇਸ ਸਾਰੀ ਪ੍ਰਕ੍ਰਿਆ ਵਿਚ ਕੇਂਦਰ ਸਰਕਾਰ ਦੀ ਭੂਮਿਕ ਸਕਾਰਾਤਮਿਕ ਹੀ ਰਹੀ ਹੈ। ਉਸਦੇ ਕਾਰਨ ਹੀ ਸਾਡੀ ਇਹ ਜਿੱਤ ਹੋਈ ਹੈ। ਉਨ੍ਹਾਂ ਇਸ ਗੱਲ ’ਤੇ ਦੁੱਖ ਵੀ ਪ੍ਰਗਟ ਕੀਤਾ ਕਿ ਕੁਝ ਲੋਕਾਂ ਨੇ ਇਸ ਸਾਰੀ ਪ੍ਰਕ੍ਰਿਆ ਵਿਚ ਨਾਕਾਰਾਤਮਕ ਰੋਲ ਨਿਭਾ ਕੇ ਸ਼ਾਂਤਮਈ ਸੰਘਰਸ਼ ਨੂੰ ਹਿੰਸਕ ਰੂਪ ਦੇਣ ਦੀ ਵੀ ਕੋਸ਼ਿਸ਼ ਕੀਤੀ। ਅਸੀਂ ਸਰਕਾਰ ਤੋਂ ਮੰਗ ਕਰਦੇ ਹਾਂ ਕਿ ਸੰਘਰਸ਼ ਕਰ ਰਹੀਆਂ ਸਾਰੀਆਂ ਧਿਰਾਂ ਅਤੇ ਸੁਪਰੀਮ ਕੋਰਟ ਵਿਚ ਧਿਰ ਬਣੀਆਂ ਧਿਰਾਂ ਦੇ ਨੁਮਾਇੰਦਿਆਂ ਨੂੰ ਕਮੇਟੀ ਵਿਚ ਸ਼ਾਮਿਲ ਕਰਕੇ ਕਮੇਟੀ ਜਲਦੀ ਬਣਾਈ ਜਾਵੇ ਤਾਂ ਕਿ ਮੰਦਿਰ ਦਾ ਨਿਰਮਾਣ ਜਲਦੀ ਹੋ ਸਕੇ। ਸੰਤ ਸਤਵਿੰਦਰ ਹੀਰਾ ਨੇ ਵਿਸ਼ੇਸ਼ ਤੌਰ ’ਤੇ ਇਹ ਵੀ ਕਿਹਾ ਕਿ ਅਸੀਂ ਕੇਂਦਰ ਸਰਕਾਰ ਵੱਲੋਂ ਮੰਦਿਰ ਦੁਬਾਰਾ ਬਨਾਉਣ ਅਤੇ ਬੱਚਿਆਂ ਨੂੰ ਰਿਹਾ ਕਰਵਾਉਣ ਲਈ ਧੰਨਵਾਦ ਕਰਦੇ ਹਾਂ ਉਥੇ ਹੀ ਇਹ ਮੰਗ ਵੀ ਕਰਦੇ ਹਾਂ ਕਿ ਸੰਤ ਸ਼੍ਰੋਮਣੀ ਸ੍ਰੀ ਗੁਰੂ ਰਵਿਦਾਸ ਮੰਦਿਰ ਤੁਗਲਕਾਬਾਦ ਦੇ ਨਾਲ ਲੱਗਦੇ ਪਾਰਕ ਅਤੇ ਜਹਾਂਪਨਾਹ ਫੋਰੈਸਟ ਸਿਟੀ ਦੇ ਨਾਂਅ ਨੂੰ ਬਦਲਕ ਸ੍ਰੀ ਗੁਰੂ ਰਵਿਦਾਸ ਫੋਰੈਸਟ ਸਿਟੀ ਰੱਖਿਆ ਜਾਵੇ। ਅੱਜ ਦੀ ਪ੍ਰੈਸ ਕਾਨਫਰੰਸ ਦੌਰਾਨ ਸੰਤ ਸੁਰਿੰਦਰ ਦਾਸ ਪ੍ਰਧਾਨ ਸ੍ਰੀ ਚਰਨ ਛੋਹ ਗੰਗਾ ਸੱਚਖੰਡ ਸ੍ਰੀ ਖੁਰਾਲਗੜ੍ਹ ਸਾਹਿਬ, ਸੰਤ ਜਗਵਿੰਦਰ ਲਾਂਬਾ ਇੰਚਾਰਜ ਗੁਰੂਘਰ, ਮਹੰਤ ਪ੍ਰਸ਼ੋਤਮ ਲਾਲ ਦੇਹਰਾ ਚੱਕ ਹਕੀਮ ਫਗਵਾੜਾ, ਸੰਤ ਜਗੀਰ ਸਿੰਘ ਸਰਬੱਤ ਭਲਾ ਆਸ਼ਰਮ ਮਕਸੂਦਾਂ, ਸੰਤ ਪ੍ਰਮੇਸ਼ਰੀ ਦਾਸ, ਗੇਜ ਰਾਮ, ਮਾ. ਰਾਮ ਕ੍ਰਿਸ਼ਨ ਪੱਲੀਝਿਕੀ, ਸੰਤ ਰਾਮ ਰਤਨ, ਸੰਤ ਗਿਰਧਾਰੀ ਲਾਲ, ਸੰਤ ਕਰਮ ਚੰਦ ਅਜੀਤ ਰਾਮ ਖੇਤਾਨ ਸਾਬਕਾ ਡੀ.ਓ., ਨਾਜਰ ਰਾਮ ਮਾਨ ਸੰਪਾਦਕ ਆਦਿ ਧਰਮ ਪੱਤ੍ਰਿਕਾ, ਸਾਬਕਾ ਪ੍ਰਿੰਸੀਪਲ ਸਰੂਪ ਚੰਦ, ਅਮਰਜੀਤ ਸਾਂਪਲੇ ਸਾਬਕਾ ਡੀ.ਪੀ.ਓ., ਪਿਆਰੇ ਲਾਲ ਸਾਊਥਾਲ ਯੂ.ਕੇ., ਸੰਤ ਸੋਹਣ ਸਿੰਘ ਕਿਸ਼ਨਗੜ੍ਹ, ਭਾਈ ਪ੍ਰੇਮ ਪਾਲ ਸਿੰਘ ਖ਼ਾਲਸਾ (ਮਸਕਟ ਵਾਲੇ), ਚਰਨ ਸਿੰਘ ਮਾਂਗਟ, ਭਾਈ ਸੁਖਚੈਨ ਸਿੰਘ ਲਹਿਰਾ, ਕੌਮੀ ਕੈਸ਼ੀਅਰ ਅਮਿਤ ਕੁਮਾਰ ਪਾਲ, ਗੁਰਦਿਆਲ ਭੱਟੀ ਜ਼ਿਲ੍ਹਾ ਪ੍ਰਧਾਨ, ਸ੍ਰੀ ਬੀਰ ਚੰਦ ਸੁਰੀਲਾ ਜਨ. ਸਕੱਤਰ ਜਲੰਧਰ ਯੂਨਿਟ, ਰਾਮ ਸਿੰਘ ਅਤੇ ਹੋਰ ਮੈਂਬਰ ਹਾਜ਼ਰ ਸਨ।

# ਅਕਾਲ ਤਖਤ ਵੱਲੋਂ ਸੰਤ ਢੱਡਰੀਆਂ ਵਾਲਾ ਕੇਸ ਵਿੱਚ ਵੀ ਕਮੇਟੀ ਬਣਾਉਣ ਦਾ ਫੈਸਲਾ

ਅੰਮ੍ਰਿਤਸਰ, 22 ਅਕਤੂਬਰ (ਪੋਸਟ ਬਿਊਰੋ)- ਅਕਾਲ ਤਖਤ ਵਿਖੇ ਪੰਜ ਸਿੰਘ ਸਾਹਿਬਾਨ ਦੀ ਕੱਲ੍ਹ ਹੋਈ ਬੈਠਕ ਵਿੱਚ ਸਿੱਖ ਪ੍ਰਚਾਰਕ ਸੰਤ ਰਣਜੀਤ ਸਿੰਘ ਢੱਡਰੀਆਂ ਵਾਲਾ ਦੇ ਵਿਵਾਦਤ ਮਾਮਲੇ ਦੀ ਜਾਂਚ ਵਾਸਤੇ ਪੰਜ ਮੈਂਬਰੀ ਵਿਦਵਾਨਾਂ ਦੀ ਕਮੇਟੀ ਬਣਾਉਣ ਦਾ ਫੈਸਲਾ ਕੀਤਾ ਗਿਆ ਹੈ। ਮੀਟਿੰਗ ਵਿੱਚ ਅਕਾਲ ਤਖਤ ਦੇ ਕਾਰਜਕਾਰੀ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ, ਕੇਸਗੜ੍ਹ ਸਾਹਿਬ ਦੇ ਜਥੇਦਾਰ ਗਿਆਨੀ ਰਘਬੀਰ ਸਿੰਘ, ਪਟਨਾ ਸਾਹਿਬ ਦੇ ਜਥੇਦਾਰ ਗਿਆਨੀ ਰਣਜੀਤ ਸਿੰਘ, ਅਕਾਲ ਤਖਤ ਦੇ ਪੰਜ ਪਿਆਰਿਆਂ ਵਿੱਚੋਂ ਭਾਈ ਦਿਲਬਾਗ ਸਿੰਘ ਤੇ ਸੁਖਦੇਵ ਸਿੰਘ ਸ਼ਾਮਲ ਸਨ। ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਨੇ ਦੱਸਿਆ ਕਿ ਸਿੱਖ ਜਥੇਬੰਦੀਆਂ ਦੀ ਮੀਟਿੰਗ ਦੌਰਾਨ ਭਾਈ ਰਣਜੀਤ ਸਿੰਘ ਢੱਡਰੀਆਂ ਵਾਲੇ ਦੇ ਵਿਵਾਦਤ ਮਾਮਲੇ ਬਾਰੇ ਚਰਚਾ ਹੋਈ ਅਤੇ ਵਿਚਾਰ-ਵਟਾਂਦਰੇ ਪਿੱਛੋਂ ਇਸ ਦੀ ਜਾਂਚ ਲਈ ਵਿਦਵਾਨਾਂ ਦੀ ਪੰਜ ਮੈਂਬਰੀ ਕਮੇਟੀ ਬਣਾਉਣ ਦਾ ਫੈਸਲਾ ਹੋਇਆ ਹੈ, ਜਿਸ ਦਾ ਅਗਲੇ ਦਿਨਾਂ ਵਿੱਚ ਐਲਾਨ ਕਰ ਦਿੱਤਾ ਜਾਵੇਗਾ। ਇਹ ਕਮੇਟੀ ਉਨ੍ਹਾਂ ਵੱਲੋਂ ਬੋਲੇ ਵਿਵਾਦਿਤ ਸ਼ਬਦਾਂ ਦੀ ਪੜਤਾਲ ਕਰ ਕੇ ਇਸ ਦੀ ਰਿਪੋਰਟ ਅਕਾਲ ਤਖਤ ਉਤੇ ਭੇਜੇਗੀ।


TransExpert — NOW HIRING! — Skylark Logistics Inc.

Full Time Mechanic Also Needed
Highway US Drivers & Owner Operators Wanted

- 2 year experience must.
- Drivers paid 60C per mile.
- Midwest runs.
- Direct deposit payments.
- Friendly dispatch and flexible schedule.
- Brand new automatic trucks.
- New trailers so no hassle at scales.
- On site fuel and scale.

Also Flatbed owner operators are needed.
Regular flatbed freight.

*Yards located in Milton ON and Puslinch both on Highway 401
Contact 6474064420 or 6479220000
if busy send txt message.

JOBS! JOBS! JOBS! JOBS! JOBS!
General Labour/ Unloader/ Window Assemblers & Machine Operators/Drivers (AZ/DZ/G)/ Forklift , Office Jobs, Electrician, Mechanic
◦Full time/Part time workers Needed
◦ਵਿੰਡੋ, ਮੈਟਲ, ਬੇਕਰੀ ਕੰਮਪਨੀਆਂ ◦ਸਿਨ ਨੰਬਰ ਹੋਣਾ ਜ਼ਰੂਰੀ
◦ਦਿਨ, ਦੁਪਿਹਰ ਤੇ ਰਾਤ ਦਾ ਕੰਮ Available
2355 Derry Rd E, Unit#20, 2nd Floor, Mississauga
Torbram/Derry intersection Manjit: 416.477.3344

ਜ਼ਰੂਰ ਜਾਣੋ; ਗਿਆਨ ਗੰਗਾ

।। ਜੀਵ ਹਮਾਰੀ ਜਾਤੀ ਹੈ, ਮਾਨਵ ਧਰਮ ਹਮਾਰਾ । ਹਿੰਦੂ, ਮੁਸਲਿਮ, ਸਿੱਖ, ਇਸਾਈ, ਧਰਮ ਨਹੀਂ ਕੋਈ ਨਿਆਰਾ ।।

- ਬ੍ਰਹਮਾ, ਵਿਸ਼ਨੂੰ, ਮਹੇਸ਼ ਦੇ ਮਾਤਾ-ਪਿਤਾ ਕੌਣ ਹਨ ?
- ਸ਼ੇਰਾਂਵਾਲੀ ਮਾਤਾ (ਦੁਰਗਾ ਅਸ਼ਟਾਂਗੀ) ਦਾ ਪਤੀ ਕੌਣ ਹੈ ?
- ਸਾਨੂੰ ਜਨਮ ਦੇਣ ਤੇ ਮਾਰਣ ਵਿੱਚ ਕਿਸ ਪ੍ਰਭੂ ਦਾ ਸਵਾਰਥ ਹੈ ?
- ਅਸੀਂ ਸਾਰੇ ਦੇਵੀ-ਦੇਵਤਿਆਂ ਦੀ ਇੰਨੀ ਭਗਤੀ ਕਰਦੇ ਹਾਂ, ਫਿਰ ਵੀ ਦੁੱਖੀ ਕਿਉਂ ਹਾਂ ?
- ਬ੍ਰਹਮਾਂ, ਵਿਸ਼ਨੂੰ, ਮਹੇਸ਼ ਕਿਸਦੀ ਭਗਤੀ ਕਰਦੇ ਹਨ ?
- ਪੂਰਨ ਸੰਤ ਦੀ ਪਹਿਚਾਣ ਕੀ ਹੈ ? ‘ਤੇ ਮੋਕਸ਼ ਕਿਵੇਂ ਮਿਲੇਗਾ ?
- ਪਰਮਾਤਮਾ ਸਾਕਾਰ ਹੈ ਜਾਂ ਨਿਰਾਕਾਰ ?
- ਕਿਸੀ ਵੀ ਗੁਰੂ ਦੀ ਸ਼ਰਨ ਵਿੱਚ ਜਾਣ ਨਾਲ ਮੁਕਤੀ ਸੰਭਵ ਹੈ ਜਾਂ ਨਹੀਂ ?
- ਤੀਰਥ, ਵਰਤ, ਤਰਪਣ ਅਤੇ ਸ਼ਰਾਧ ਨਿਕਾਲਣ ਨਾਲ ਕੋਈ ਲਾਭ ਹੈ ਜਾਂ ਨਹੀਂ (ਗੀਤਾ ਅਨੁਸਾਰ) ?
- ਸ਼੍ਰੀ ਕ੍ਰਿਸ਼ਨ ਜੀ ਕਾਲ ਨਹੀਂ ਹਨ । ਫਿਰ ਗੀਤਾ ਵਾਲਾ ਕਾਲ ਕੌਣ ਹੈ ?
- ਕੌਣ ਅਤੇ ਕਿਵੇਂ ਹੈ ? ਕਿੱਥੇ ਰਹਿੰਦਾ ਹੈ ? ਕਿਵੇਂ ਮਿਲਦਾ ਹੈ ? ਕਿਸ ਨੇ ਦੇਖਿਆ ਹੈ ਪੂਰਨ ਪਰਮਾਤਮਾ ?
- ਸਮਾਧੀ ਅਭਿਆਸ (ਇਦਟਿਅਟੋਂਨਿ) ਰਾਮ, ਹਰੇ ਕ੍ਰਿਸ਼ਣ, ਹਰੀ ਓਮ, ਹੰਸ, ਤਿੰਨ ਤੇ ਪੰਜ ਨਾਮਾਂ ਅਤੇ ਵਾਹਿਗੁਰੂ ਆਦਿ-2 ਨਾਮਾਂ ਦੇ ਜਾਪ ਤੋਂ ਸੁੱਖ ਅਤੇ ਮੁਕਤੀ ਸੰਭਵ ਹੈ ਜਾਂ ਨਹੀਂ?

ਇਨ੍ਹਾਂ ਸਾਰੇ ਪ੍ਰਸ਼ਨਾਂ ਦੇ ਉੱਤਰ ਜਾਣਨ ਲਈ ਕ੍ਰਿਪਾ ਕਰਕੇ ਪੜ੍ਹੋ ਪੁਸਤਕ
ਗਿਆਨ ਗੰਗਾ ਜਾਂ ਡਾਊਨਲੋਡ ਕਰੋ: www.jagatgururampalji.org

IPTV ਦੁਆਰਾ ਸਤਸੰਗ ਦੇਖੋ
ਵਾਣੀ ਟੀਵੀ ਤੇ ਸਵੇਰੇ 11:00 - 12:00 ਵਜੇ ਤੱਕ
ਐਮ ਐਚ ਵਨ ਸ਼ਰਧਾ ਤੇ ਸਵੇਰੇ 3:30 - 4:30 ਵਜੇ ਤੱਕ
ਸਾਧਣਾ ਟੀਵੀ ਤੇ ਸਵੇਰੇ 9:00 - 10:00 ਵਜੇ ਤੱਕ
ਹਰਿਆਣਾ ਨਿਊਜ ਤੇ ਸ਼ਾਮ 7:30 - 8:30 ਵਜੇ ਤੱਕ
ਈਸ਼ਵਰ ਟੀਵੀ ਤੇ ਸਵੇਰੇ 10:00 - 11:00 ਵਜੇ ਤੱਕ

ਗਿਆਨ ਗੰਗਾ ਪੁਸਤਕ ਦੇ ਆਰਡਰ ਜਾਂ ਸਤਸੰਗ ਦੀ ਜਾਣਕਾਰੀ ਲਈ ਸੰਪਰਕ ਕਰੋ:
satlokashramcanada@gmail.com | 647-739-4641
satsahibusa@gmail.com | 346-714-0224

ਕੈਨੇਡੀਅਨ ਪੰਜਾਬੀ ਪੋਸਟ
Award winning news paper | Canadian Punjabi Post
CLASSIFIEDS
Starting at just $10
ਕਿਸੇ ਵੀ ਤਰ੍ਹਾਂ ਦੀ ਐਡ ਦੇਣ ਲਈ
ਕਾਲ ਕਰੋ: 905-793-2202

Honesty, Reliability, Commitment
SELL FOR MORE BUY FOR LESS
- 1 yr Home Warranty
- We Help to get mortgage
Free valuation & Lowest Commission
- Special for First Time Home Buyer
OPEN HOUSE UNTIL SOLD
HIGHER STANDARDS FIVE STAR CERTIFIED TEAM
Silvercity B. 905.913.8500
HIRA RANDHWA Broker 416.319.0551
BHUPENDRA DHILLON Sales Representative 647-896-1877
Hirarandhawa@yahoo.ca HiraRandhawa.com Dhillonbhupendra@hotmail.com

For SUPER-VISA INSURANCE, TRAVEL INSURANCE RESP
Call: 416-319-0551

ਫੈਨਸਾਂ ਜਾਂ ਘਰਾਂ ਦੇ ਰੰਗ ਕਰਨ ਲਈ ਇਕੋ ਨਾਂ, ਇਕੋ ਨੂੰ:
647 202 7902 ਜਾਂ 647 794 6514
8 ਸਾਲਾਂ ਦਾ ਤਜ਼ਰਬਾ । ਵਾਜਿਬ ਰੇਟ ਤੇ ਸਮੇ ਸਿਰ ਕੰਮ
ਰੇਟ: $14/ਘੰਟਾ

ਟੱਰਕ ਤੇ ਟ੍ਰੇਲਰ ਰਿਪੇਅਰ ਸ਼ਾਪ ਨੂੰ ਮਕੈਨਿਕਾਂ ਦੀ ਲੋੜ ਹੈ
- 6 ਦਿਨ ਕੰਮ ਸੋਮਵਾਰ ਤੋ ਸ਼ਨੀਵਾਰ
- Biweekly payment
- Homely Environment
- ਵਧੀਆ ਤਨਖਾਹ
Minimum 1 year experience & Trained mechanic
ਵਧੇਰੀ ਜਾਣਕਾਰੀ ਲਈ ਸੰਪਰਕ ਕਰੋ:
647.898.4042/416.505.6857
(Call from 9am to 6pm)

amar™ INTERMODAL • TRANSPORT • STORAGE
HIRING DRIVERS for Ontario and Montreal
Hiring Owner Operators Drivers
1 Year Prior Experience
Flexible in time
Good Salary
Contact Now
P: 905-893-2270 Ext 121
F: 905-893-9545
E: info@amartransport.com
W: www.amartransport.com
Lanes
Toronto local work
Montreal local work
Montreal Toronto highway work
7290 Major Mackenzie Drive Kleinberg, Ont. L0J 1C0

Call for Free Estimates
A-1 RENOVATION GTA INC
416-456-1462
OVER 15 YEARS OF SERVICE
Professionals in Completing Basements within 3 Weeks
$1,000
Services:
- Complete Basement
- Tiles
- Bathrooms
- Plumbing
- Laminate
- Hardwood Floor
- Painting
info@a1renovationgta.com
www.a1renovationgta.com
A-1 RENOVATION GTA INC.
22 Listcreek Road, Brampton L6p 2n6

GF1
Security Jobs - Security Guard Training - Licensing
Job Guaranteed after completion of the training
Weekend ਤੇ ਵੀ Security ਲਈ Training Classes ਲਗਾਈਆਂ ਜਾਂਦੀਆਂ ਹਨ
■ Ministry of Community Safety and Correctional Services approved. ■ We speak English, Hindi, Punjabi &Urdu.
■ Training by Professional Instructors. First Aid & CPR certification included. ■ Limited time offer:$199/-
We Also Provide All Level's of First Aid & CPR Training
- Emergency First Aid & CPR Level's A.B.C
- Standard First Aid & CPR Level's A.B.C.HCP
- Stay at Home Course
- Baby Sitting Course
- Little Rescuers
H.O: 1332 Khalsa Dr.,Unit 3,2nd Floor,Mississauga, L5S1W5
(Near Dixie Gurdwara)
647-710-7760
Email: info@gf1security.com
1085 Bellamy Rd (N)
Unit #210 Scarbrough (Toronto)
647-929-7736
Web: www.gf1security.com
REVIVE EMS
CANADIAN RED CROSS Training Partner

V4U LOGISTIC INC.
Delivering "Satisfaction"... On Time ...Every Time
NOW HIRING
A/Z Drivers Needed
For Canada To US Runs
Local City Drivers @ 22/hr
- General Freight
- Yard to Yard Work
- Up to 3500 miles/wk
- 2 Yr. Exp
- Clear CVOR & Abstract
For Owner Operator upto $1.62/mile
USA Driver $0.60/mile | Canada wide $0.50/mile
- Disability Insurance
- Travel Insurance
- Medical Benefits
- Dental Benefits
ਪਰਗਟ ਸਿੰਘ ਨੂੰ ਫੋਨ ਕਰੋ:
416-625-3096
ਟਰੱਕ ਮਕੈਨਿਕ ਦੀ ਵੀ ਲੋੜ ਹੈ

ਕੀ ਤੁਸੀਂ ਕੰਮ ਲੱਭ ਰਹੇ ਹੋ?
ਤਾਂ ਅੱਜ ਹੀ ਕਾਲ ਕਰੋ!
AL EMPLOYMENT SERVICES INC
Looking for Experienced:
- Machine Operators
- AZ-DZ Drivers
- Forklift Driver
- Machine Mechanic
- Millwright's
(905) 564-2322 | (416) 700 0011
Monday-Friday (10am to 5:30pm)
6630 Tomken Rd., Mississauga, L5T 1N1

HOMELIFE SILVERCITY Realty Inc. Brokerage
Kulwinder Chhina
SALES REPRESENTATIVE
647.293.2327
www.Kulwinderchhina.com

PESTAGON Ltd
PEST CONTROL SERVICES
* RESIDENTIAL * COMMERCIAL
LICENCED BY GOVERNMENT
INSURED & BONDED
EVERY SERVICE
WITH WARRANTY
SERVING GTA
CALL: 905-463-2153
Ants, Wasp, Centepede, Fleas, Bed Bugs

RESIDENTIAL - COMMERCIAL PROPERTY - INDUSTRIAL
For all your Real Estate Need Call
416.262.2600
Email: karampunian@gmail.com
KARAM SINGH PUNIAN
Sales Representative
HomeLife Maple Leaf Realty Ltd.
80 Eastern Ave, Brampton, ON
Tel: 905.456.9090


SALE
PATAKA FACTORY
416-831-5252
www.patakafactory.com
AMAZING FIREWORKS WHOLESALE PRICES!
15+ LOCATIONS TO SERVE YOU BETTER!
1
Main Location
1753 Albion Rd Unit 9, Toronto M9V1C3
2
4525 Ebnezer Rd Brampton L6P2P7 Unit 25
3
8917 The Gore Rd, Brampton L6P0B7 Unit #8
4
2260 Bovaird Dr E Unit 107 Brampton L6R1Z1
5
1098 Peter Roberston Brampton L6R1G6 Unit 7
6
801 Bovaird Dr W Brampton L6X0T9
7
80 Pertosa Dr Brampton L6X5E9 Unit 12
8
114 Kennedy Rd South, Brampton L6W3E7
9
7166 Airport Rd, Mississauga, ON L4T 2H2
10
680 Rexdale Blvd, Etobicoke, ON M9W 0B5

# GREAT OPPOURTUNITY TO INVEST IN NIAGRA FALLS



- Freehold Traditional 2-Storey townhouse
- 3 Bedroom + 2 Bedroom finished basement
- Deposit less than 10% in 5 months

Starting from low 400,000

✓ Freehold ✓ 25x100ft lot
✓ Individual Yard & Driveway ✓ Finished Basement

40k Deposit Structure
$10,000 Submitted with offer
$10,000 Submitted 90 days after Offer Date
$20,000 Submitted 150 days after Offer Date

Jagdish Grewal
Sales Representative



Residential | Commercial | Investment

(416) 970-5005

Office: 905-488-2100 Ext. 348

Century 21 President Realty Inc Brokerage* Independently Owned and Operated.

www.vipcondonetwork.com
27 Armthorpe Rd Brampton #3, ON L6T 5M4 | Fax : 905-488-2101

ASIAN FOOD CENTRE
Diwali Sale
www.AsianFoodCentre.com
11TH OCT TO 3RD NOV 2019
Fresh Fruits, Vegetables, Indian & Canadian Grocery

GOLDEN TEMPLE ATTA (YELLOW BAG) $9.99
HERO ATTA $5.99
ASHIRVAD ATTA 10KG $9.99
DEEP WHOLE WHEAT ATTA $7.99
PILLSBURRY CHAKKI ATTA $10.99
INDIA GATE ROZZANA $8.99
UDUPI SONA MANSOORI RICE $11.99
AFC SELLA RICE $6.99
817 RICE $10.99
BIKANERI PANEER (341G) $3.99
POPULAR SAMOSA (400G) $1.79
WAGHBAKRI TEA $8.99
TEA INDIA $7.99
FRONTIER COOKIES $4.29
DEEP KESAR MANGO PULP $2.29
TRUST SUGAR $19.99
TRUST SUGAR $7.99
MOTHER'S PICKLE $2.99
RED LABLE TEA $6.99
DILSE MALAI $4.99
DABUR MUSTARD OIL $2.99
DEEP PAPDI LILVA/TUVER $1.99
HEINZ ASST KETCHUP (REGULAR & VINEGAR) $2.99
VERKA DESI GHEE $22.99
POPULAR PARATHA $5.99
MTR READY TO EAT $1.99
BALAJI MUSTARD OIL $3.79
VERKA BROWN SUGAR $8.99
APNA TASTE RASMALAI $6.99
MAZOLA CORN/CANOLA OIL $7.99

KASTURI TOOR DAAL(10LB) $10.99
RED LENTIL $2.99
WHITE CHANA $2.99
BLACK CHANA $3.49
DEEP PARATHA $2.29
APNA TASTE GULAB JAMUN $4.99
MASSAR WHOLE $2.99
URAD WHOLE $3.99
SAFFRON $2.29
DILSE BROWN SUGAR $6.99
MAGGI ASST SAUCE $3.29
BRITANNIA ASST CREAM TREAT 2 FOR $1
MTR DOSA, RAVA DOSA, RAVA IDLI, RICE IDLI, UTTAPAM $1.99
CASHEW PIECES $4.99
SILKY BATHROOM TISSUE BUY 1 GET 1 FREE $5.99 +TAX
SAVERA ALOO TIKKI $4.29
UNICO VEG OIL $4.99
RED LABEL TEA $6.99
SANTOSH NAAN $0.99
DABUR REAL JUICE (EXCEPT AAMPANA) $1.99
ASEEL GHEE $5.49
YIPPEE MASALA NOODLES 4 FOR $1
GOODDAY BISCUITS $1.99
DEEP FAFDA / MATHIA $1.49
SAVERA RASMALAI $5.99
DEEP BESAN $4.29
DABUR MUSTARD OIL $5.99

WE HAVE LARGE QUANTITY OF KARWA CHAUTH & DIWALI ITEMS AVAILABLE ALL STORE

ETOBICOKE 10 Westmore Dr. 416-740-3262
MISSISSAUGA 1075 Ceremonial Dr. 905-502-1600
BRAMPTON 621 Wanless Dr. 905-495-3336
BRAMPTON 2120 N Park Dr. 905-793-1338
BRAMPTON 80 Pertosa Dr. 905-460-0009
BRAMPTON 40 Airport RD & Lacoste Blvd. 905-794-8109
BRAMPTON 10510 Torbram Rd. 905-790-0030
BRAMPTON 10 Pannahill Dr. 905-913-8017
TOLL FREE 1-800-708-9232

# ਖੁਸ਼ੀਆਂ ਭਰੀ ਦੀਵਾਲੀ ਸ਼ੁਰੂ ਹੁੰਦੀ ਹੈ ਤੁਹਾਡੇ ਨਾਲ

ਹੈਸਟੀ ਮਾਰਕਿਟ ਰਾਹੀਂ ਆਪਣੇ ਪਿਆਰਿਆਂ ਨੂੰ ਪੈਸੇ ਭੇਜੋ।

Hasty Market



WU WesternUnion



# REXDALE BODY SHOP

USED CAR SALE



CHEEMA

LOWEST PRICE IN TOWN

Towing Service Car Paint Starts $799*upto 100% Deductible Paid*

Specialization In:
- ★ All Kinds of Body Work
- ★ Auto Glass Windshield
- ★ Denting, Painting & Welding

SPECIAL PAINT JOB $779

RENTAL CAR PROVIDED



ਅਸੀਂ ਸਾਰੇ ਇੰਸ਼ੋਰੈਂਸ ਕੰਪਨੀ ਨੂੰ ਕਵਰ ਕਰਦੇ ਹਾਂ


25 years of Canadian Experience
OPEN MON - SAT 9AM TO 7PM

Call Rick or Manminder Cheema: 416.749.9596 /416.951.6431

30 Racine Rd. Toronto, ON, M9W 2Z3, FAX: 416.749.9597 www.AAABODYSHOP.ca mcheemaaaa@hotmail.com



# ਸਾਬਾ ਟਰੈਵਲ ਐਂਡ ਟੂਰ ਵਲੋਂ 550ਵੇਂ ਗੁਰਪੁਰਬ ਮਨਾਉਣ ਲਈ ਪਾਕਿਸਤਾਨ ਦਰਸ਼ਨ ਦੀਦਾਰ ਯਾਤਰਾ



- 1st class air-condition Transportation
- 4 Star Hotels
- Breakfast, lunch & Dinner

e-mail:surprisefares@rogers.com

Special Attractions include: Sikh gallery Lahore Museum, Various Gurughars, Shopping Tour Anarkali & Auriga Liberty Center Gulberg

| Hotel Package | |
|---|---|
| 7 Days............. | CAD865 |
| 9 Days............. | CAD 965 |

- ਗੁਰਦੁਆਰਾ ਜਨਮ ਅਸਥਾਨ ਨਨਕਾਣਾ ਸਾਹਿਬ,
- ਗੁਰਦੁਆਰਾ ਪੱਟੀ ਸਾਹਿਬ,
- ਗੁਰਦੁਆਰਾ ਬਾਲ ਲੀਲਾ ਸਾਹਿਬ,
- ਗੁਰਦੁਆਰਾ ਸੱਚਾ ਸੌਦਾ ਸਾਹਿਬ

ਅਤੇ ਹੋਰ ਵੀ ਕਈ ਗੁਰੂਘਰਾਂ ਦੇ ਦਰਸ਼ਨ ਲਈ


ਸੰਪਰਕ ਕਰੋ:416 926 8250

Security & First Aid will be provided!

208-1555 Kingston rd, Pickering L1V 0E9 | 103-100 Dynamic Drive Toronto M1V 5C4



# Dr. Randhawa Dentistry



*Your own dentist who really cares for you*

We Provide the following Services:
- Dental Crowns, Veneers & Bridges
- Dental Fillings & Gum Treatment
- Root Canal (RCT), Dentures, Extraction
- Kids Dentistry
- Wisdom Tooth Surgery
- Invisalign (Invisible Braces)
- Digital X-Rays System
- Teeth Cleaning & Whitening
- Cosmetic Dental Treatment

Dr. Samreet Kaur Randhawa
General Family Dentist

New Patients welcome
Deal Directly with all Insurance Companies


- ਸੀਨੀਅਰ ਡਿਸਕਾਊਂਟ
- ਅਸੀਂ ਤੁਹਾਡੀ ਭਾਸ਼ਾ ਬੋਲਦੇ ਹਾਂ
- ਐਮਰਜੈਂਸੀ ਅਤੇ ਵਾਕ ਇਨ ਸੇਵਾਵਾਂ

NEW LOCATION
10 SQUIRE ELLIS DR, UNIT 5-6
BRAMPTON, ON L6P 4K6
(MAJOR INTERSECTION: GORE RD/MAYFIELD)
Tel :905-794-5111

INVISALIGN & BRACES INCLUDING CLEAR BRACES
Invisible Braces ਜਿਹੜੀਆਂ ਕਿ ਦੂਰੋਂ ਨਜਰ ਨਹੀਂ ਆਉਂਦੀਆਂ
Show Your Smile More With Invisible Braces!



FIRST LOCATION
DENTISTRY @ BONNIE BRAES
50 CHESTERWOOD CRES, UNIT 2
BRAMPTON, ON L6Y 0Z4
(OPP. CHRUCHVILLE PUBLIC SCHOOL, JAMES POTTER / BONNIE BRAES INTERSECTION)
Tel : 905-230-9044






# IFS INTERSTATE FREIGHT SYSTEMS INC.

## A/Z ਡਰਾਈਵਰਾਂ ਦੀ ਲੋੜ

USA, Montreal, Montreal Local Within Ontario ਤੇ Local GTA ਤੇ Cambridge ਵਾਸਤੇ AZ ਡਰਾਇਵਰਾਂ ਦੀ ਲੋੜ ਹੈ

Also Hiring Owner Operators for local work & US

- 2 ਸਾਲ ਦਾ Experience, USA ਵਾਸਤੇ Fast Card ਜ਼ਰੂਰੀ ਹੈ
- ਡਰਾਇਵਰਾਂ ਦਾ CVOR Abstract ਚਾਹੀਦਾ ਹੈ

Please send resume at:
safety@interstatefreightsystem.com
Call: 416-452-0677

IFS